ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 31 | 09 August to 15 August 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


### ਅਮਿਤ ਸ਼ਾਹ, ਇਰਾਨੀ ਤੇ ਅਹਿਮਦ ਪਟੇਲ ਨੇ ਜਿੱਤੀ ਰਾਜ ਸਭਾ ਚੋਣ

# ਕਾਂਗਰਸੀ ਨੇਤਾ ਦੀ ਜਿੱਤ ਭਾਜਪਾ ਲਈ ਵੱਡਾ ਝਟਕਾ

### ਪਹਿਲੀ ਵਾਰ ਰਾਤ ਡੇਢ ਵਜੇ ਤਕ ਰੁਕੀ ਰਹੀ ਰਾਜ ਸਭਾ ਚੋਣ ਦੀ ਵੋਟਿੰਗ, ਕਈ ਘੰਟੇ ਚੱਲਿਆ ਡਰਾਮਾ

- 4 ਘੰਟਿਆਂ 'ਚ 3-3 ਵਾਰ ਚੋਣ ਕਮਿਸ਼ਨ ਕੋਲ ਗਏ ਦੋਵੇਂ ਧਿਰਾਂ ਦੇ 6-6 ਨੇਤਾ
- 40 ਸਾਲ ਬਾਅਦ ਫਿਰ ਪਟੇਲ ਨੇ ਜਿੱਤ ਕੇ ਕੀਤਾ ਹੈਰਾਨ



**ਨਵੀਂ ਦਿੱਲੀ/ਅਹਿਮਦਾਬਾਦ/ਬਿਊਰੋ ਨਿਊਜ਼ :**
ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਸਿਆਸੀ ਸਕੱਤਰ ਅਹਿਮਦ ਪਟੇਲ ਨੇ ਫਿਰ ਦਿਖਾ ਦਿੱਤਾ ਕਿ ਗੁਜਰਾਤ ਦੀ ਸਿਆਸਤ ਦੇ ਅਸਲੀ ਚਾਨਕਯ ਉਹੀ ਹਨ। ਕਾਂਗਰਸ ਦੇ 57 ਵਿਚੋਂ 14 ਵਿਧਾਇਕਾਂ ਦੀ ਬਗ਼ਾਵਤ ਦੇ ਬਾਵਜੂਦ ਉਹ ਲਗਾਤਾਰ ਪੰਜਵੀਂ ਵਾਰ ਰਾਜ ਸਭਾ ਵਿਚ ਜਾਣ ਵਿਚ ਸਫਲ ਰਹੇ। ਪਟੇਲ ਨੂੰ 44 ਅਤੇ ਭਾਜਪਾ ਦੇ ਬਲਵੰਤ ਸਿੰਘ ਨੂੰ 38 ਵੋਟਾਂ ਮਿਲੀਆਂ। ਪਟੇਲ ਲਗਾਤਾਰ ਦੋਸ਼ ਲਗਾ ਰਹੇ ਸਨ ਕਿ ਉਨ੍ਹਾਂ ਨੂੰ ਹਰਾਉਣ ਵਿਚ ਅਮਿਤ ਸ਼ਾਹ ਨਿੱਜੀ ਦਿਲਚਸਪੀ ਲੈ ਰਹੇ ਹਨ। ਸ਼ਾਹ ਤੇ ਪਟੇਲ ਦਾ ਵਕਾਰ ਇਸ ਚੋਣ ਨਾਲ ਏਨ ਜੁੜਿਆ ਸੀ ਕਿ ਵੋਟਾਂ ਦੀ ਗਿਣਤੀ ਰਾਤ 1.40 ਵਜੇ

**ਅੰਦਰ ਪੜ੍ਹੋ ਸੰਪਾਦਕੀ:**
**ਭਾਜਪਾ ਦੇ ਮੂੰਹ ਰਾਜਸੀ ਚਪੇੜ**

ਜਾ ਕੇ ਸ਼ੁਰੂ ਹੋ ਸਕੀ। 8 ਵਿਧਾਇਕਾਂ ਦੀ ਕਰਾਸ ਵੋਟਿੰਗ ਤੋਂ ਘਬਰਾਈ ਕਾਂਗਰਸ ਰਿਸਕ ਨਹੀਂ ਲੈਣਾ ਚਾਹੁੰਦੀ ਸੀ। ਸ਼ਾਮ 4.00 ਵਜੇ ਗਿਣਤੀ ਸ਼ੁਰੂ ਹੁੰਦੇ ਹੀ ਪਾਰਟੀ ਨੇ ਦੋ ਬਾਗ਼ੀਆਂ ਦਾ ਵੋਟ ਰੱਦ ਕਰਨ ਦੀ ਮੰਗ ਕੀਤੀ। ਕਾਂਗਰਸ ਚੋਣ ਕਮਿਸ਼ਨ ਕੋਲ ਪਹੁੰਚੀ ਤਾਂ ਪਿਛੇ ਪਿਛੇ ਭਾਜਪਾ ਦੇ ਕੇਂਦਰੀ ਮੰਤਰੀਆਂ ਦਾ ਕਾਫ਼ਲਾ ਪਹੁੰਚਿਆ। ਫਿਰ 4 ਘੰਟੇ ਦੇ ਅੰਦਰ ਕਾਂਗਰਸ ਤੇ ਭਾਜਪਾ ਨੇਤਾ 3-3 ਵਾਰ ਕਮਿਸ਼ਨ ਕੋਲ ਪਹੁੰਚੇ। ਕਾਂਗਰਸ ਦੇ 6 ਨੇਤਾ ਪਹੁੰਚੇ। ਭਾਜਪਾ ਵਲੋਂ ਵੀ 6 ਨੇਤਾ ਗਏ। ਕਮਿਸ਼ਨ ਨੇ ਰਾਤ 11.40 ਵਜੇ ਦੋ ਵੋਟਾਂ ਰੱਦ ਕਰਕੇ ਗਿਣਤੀ ਸ਼ੁਰੂ ਕਰਨ ਦੇ ਆਦੇਸ਼ ਦਿੱਤਾ। 8 ਘੰਟੇ ਬਾਅਦ ਗਿਣਤੀ ਸ਼ੁਰੂ

ਬਾਕੀ ਸਫ਼ਾ 31 'ਤੇ

# ਅਮਰੀਕਾ ਤੇ ਉਤਰ ਕੋਰੀਆ ਨੇ ਦਾਗ਼ੀਆਂ ਸ਼ਬਦੀ ਮਿਜ਼ਾਈਲਾਂ

- *ਟਰੰਪ ਬੋਲੇ-ਅਜਿਹਾ ਹਸ਼ਰ ਕਰਾਂਗੇ ਕਿ ਦੁਨੀਆ ਨੇ ਕਦੇ ਦੇਖਿਆ ਨਹੀਂ ਹੋਣਾ*
- ਕਿਮ ਨੇ ਅਮਰੀਕਾ ਦੇ ਗੁਆਮ 'ਤੇ ਹਮਲੇ ਦੀ ਦਿੱਤੀ ਧਮਕੀ
- ਬੈਲਿਸਟਿਕ ਮਿਜ਼ਾਈਲ ਦੀ ਜ਼ਦ ਵਿਚ ਲਾਸ ਏਂਜਲਸ ਤੇ ਸ਼ਿਕਾਗੋ ਵੀ



**ਵਾਸ਼ਿੰਗਟਨ/ਬਿਊਰੋ ਨਿਊਜ਼ :**
ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਪਰਮਾਣੂ ਹਥਿਆਰ ਸਮਰੱਥ ਉਤਰ ਕੋਰੀਆ ਨੂੰ ਧਮਕੀ ਦਿੰਦਿਆਂ ਵਾਅਦਾ ਕੀਤਾ ਹੈ ਕਿ ਉਹ ਉਸ ਦਾ ਅਜਿਹਾ ਹਸ਼ਰ ਕਰੇਗਾ ਕਿ ਦੁਨੀਆ ਨੇ ਕਦੇ ਅਜਿਹਾ ਦੇਖਿਆ ਨਹੀਂ ਹੋਣਾ। ਟਰੰਪ ਦੀ ਇਹ ਸਖ਼ਤ ਧਮਕੀ 'ਦੀ ਵਾਸ਼ਿੰਗਟਨ ਪੋਸਟ' ਅਖ਼ਬਾਰ ਵਲੋਂ ਅਮਰੀਕੀ ਖ਼ੁਫੀਆ ਸੇਵਾਵਾਂ ਦੇ ਹਵਾਲੇ ਨਾਲ ਦਿੱਤੀ ਗਈ ਖ਼ਬਰ ਮਗਰੋਂ ਆਈ, ਜਿਸ ਵਿਚ ਕਿਹਾ ਗਿਆ ਕਿ ਉਤਰ ਕੋਰੀਆ ਦੀ ਕਿਮ ਜੋਂਗ ਉਨ ਸਰਕਾਰ ਨੇ ਪਰਮਾਣੂ ਹਥਿਆਰ ਦਾ ਨਿਰਮਾਣ ਕੀਤਾ ਹੈ ਜੋ ਏਨਾ ਛੋਟਾ ਹੈ ਕਿ ਉਸ ਦੀਆਂ ਮਿਜ਼ਾਈਲਾਂ ਵਿਚ ਲਾਇਆ ਜਾ ਸਕਦਾ ਹੈ। ਉਧਰ ਉਤਰ ਕੋਰੀਆ ਨੇ ਕਿਹਾ ਕਿ ਅਮਰੀਕਾ ਦੇ ਪ੍ਰਸ਼ਾਂਤ ਖੇਤਰ ਦੇ ਗੁਆਮ 'ਤੇ ਮਿਜ਼ਾਈਲ ਹਮਲੇ ਦੀ ਯੋਜਨਾ ਹੈ।
ਟਰੰਪ ਨੇ ਨਿਊਜਰਸੀ ਵਿਚ ਆਪਣੇ ਗੋਲਫ਼ ਕਲੱਬ ਵਿਚ ਤਾਜ਼ਾ ਸੰਕਟ ਬਾਰੇ ਮੀਟਿੰਗ ਤੋਂ ਪਹਿਲਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਉਤਰ ਕੋਰੀਆ ਲਈ ਇਹ ਬਿਹਤਰ ਹੋਵੇਗਾ ਕਿ ਉਹ ਅਮਰੀਕਾ ਨੂੰ ਹੋਰ ਧਮਕੀਆਂ ਦੇਣੀਆਂ ਬੰਦ ਕਰ ਦੇਵੇ। ਨਹੀਂ ਤਾਂ ਅਸੀਂ ਉਸ ਦਾ ਅਜਿਹਾ ਹਸ਼ਰ ਕਰਾਂਗੇ ਕਿ ਦੁਨੀਆ ਨੇ ਅਜਿਹਾ ਮੰਜਰ ਪਹਿਲਾਂ ਕਦੇ ਦੇਖਿਆ ਨਹੀਂ ਹੋਵੇਗਾ।' ਉਨ੍ਹਾਂ ਕਿਹਾ ਕਿ ਉਤਰ ਕੋਰੀਆ ਨੂੰ ਆਪਣੀਆਂ ਹਰਕਤਾਂ ਦਾ ਮੁੱਲ ਚੁਕਾਉਣਾ ਪਏਗਾ।

ਬਾਕੀ ਸਫ਼ਾ 31 'ਤੇ

### *ਉਤਰ ਕੋਰੀਆ ਨੇ ਦਿੱਤੀ ਹਮਲੇ ਦੀ ਧਮਕੀ*

*ਉਤਰ ਕੋਰੀਆ ਨੇ ਬੁੱਧਵਾਰ ਨੂੰ ਕਿਹਾ ਕਿ ਉਸ ਦੀ ਅਮਰੀਕਾ ਦੇ ਪ੍ਰਸ਼ਾਂਤ ਖੇਤਰ ਦੇ ਗੁਆਮ 'ਤੇ ਮਿਜ਼ਾਈਲ ਹਮਲੇ ਦੀ ਯੋਜਨਾ ਹੈ। ਅਜਿਹਾ ਉਤਰ ਕੋਰੀਆ ਨੇ ਟਰੰਪ ਵਲੋਂ ਦਿੱਤੀ ਗਈ ਧਮਕੀ ਤੋਂ ਬਾਅਦ ਕੀਤਾ। ਉਤਰ ਕੋਰੀਆ ਦੀ ਪੀਪਲਜ਼ ਆਰਮੀ (ਕੇ.ਪੀ.ਏ.) ਦੇ ਇਕ ਬੁਲਾਰੇ ਨੇ ਉਤਰ ਕੋਰੀਆ ਦੀ ਕੇ.ਸੀ.ਐਨ.ਏ. ਨਿਊਜ਼ ਏਜੰਸੀ ਦੇ ਬਿਆਨ ਵਿਚ ਕਿਹਾ ਕਿ ਇਕ ਵਾਰ ਕਿਮ ਜੋਂਗ ਉਨ ਨੇ ਫੈਸਲਾ ਕੀਤਾ ਹੈ, ਤਾਂ ਕਿਸੇ ਵੀ ਸਮੇਂ ਸਟਰਾਈਕ ਪਲਾਨ ਨੂੰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਤਰ ਕੋਰੀਆ ਗੁਆਮ ਦੇ ਨਾਲ ਲਗਦੇ ਖੇਤਰਾਂ ਵਿਚ ਮੱਧ ਤੋਂ ਲੰਬੀ ਦੂਰੀ ਦੇ ਰਣਨੀਤਕ ਬੈਲਿਸਟਿਕ ਰਾਕੇਟ ਹਵਾਸੋਂਗ-12 ਦੇ ਨਾਲ ਨਾਲ ਗੁਆਮ 'ਤੇ ਅਮਰੀਕਾ ਦੇ ਮੁੱਖ ਫ਼ੌਜੀ ਟਿਕਾਣਿਆਂ ਨੂੰ ਸ਼ਾਮਲ ਕਰਨ ਲਈ ਤਿਆਰ ਯੋਜਨਾ ਦੀ ਜਾਂਚ ਕਰ ਰਿਹਾ ਹੈ।*

### *ਓਕ ਕਰੀਕ ਨਸਲੀ ਹਮਲਾ*

# ਨਫ਼ਰਤ ਦਾ ਕੋਈ ਰੰਗ ਨਹੀਂ ਹੁੰਦਾ ਤੇ ਨਾ ਹੀ ਕੋਈ ਚਿਹਰਾ



- 5ਵੀਂ ਬਰਸੀ ਮੌਕੇ ਹਿੰਸਾ ਤੇ ਨਫ਼ਰਤ ਖ਼ਿਲਾਫ਼ ਜੰਗ ਦਾ ਸੱਦਾ
- ਨਸਲੀ ਹਮਲੇ 'ਚ ਮਾਰੇ ਗਏ 6 ਸਿੱਖਾਂ ਨੂੰ ਸ਼ਰਧਾਂਜਲੀਆਂ

ਓਕ ਕਰੀਕ/ਬਿਊਰੋ ਨਿਊਜ਼ :
ਓਕ ਕਰੀਕ ਕਤਲੇਆਮ ਦੀ ਪੰਜਵੀਂ ਬਰਸੀ ਮੌਕੇ ਸਿੱਖ ਭਾਈਚਾਰਾ ਗੁਰੂ ਘਰ ਵਿਚ ਇਕੱਤਰ ਹੋਇਆ ਅਤੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਦਿੱਤੀ। ਸਿੱਖ ਭਾਈਚਾਰੇ ਲਈ ਇਹ ਉਹ ਜ਼ਖ਼ਮ ਸਨ, ਜਿਨ੍ਹਾਂ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਇਸ ਘਟਨਾ ਤੋਂ ਬਾਅਦ ਵੀ ਨਫ਼ਰਤੀ ਹਿੰਸਾ ਦੇ ਹਮਲੇ ਰੁਕੇ ਨਹੀਂ ਪਰ ਸਿੱਖ ਭਾਈਚਾਰੇ ਦੇ ਹੌਸਲੇ ਵੀ ਟੁੱਟੇ ਨਹੀਂ। ਉਹ ਇਸ ਨਫ਼ਰਤੀ ਹਿੰਸਾ ਖ਼ਿਲਾਫ਼ ਡੱਟ ਕੇ ਖੜ੍ਹੇ ਹਨ ਤੇ ਆਪਣੀ ਅਗਲੀ ਪੀੜ੍ਹੀ ਨੂੰ ਸੁਰੱਖਿਅਤ ਜੀਵਨ ਦੇਣ ਵਿਚ ਜੁਟੇ ਹੋਏ ਹਨ। ਉਹ ਸਿੱਖ ਧਰਮ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਵਿਚ ਲੱਗੇ ਹੋਏ ਹਨ।
ਕਤਲੇਆਮ ਦੀ 5ਵੀਂ ਬਰਸੀ ਮੌਕੇ ਅਮਰੀਕਾ ਵਿਚ ਰਾਜਸੀ ਆਗੂਆਂ ਸਮੇਤ ਕਈ ਲੋਕਾਂ ਨੇ ਪਾਰਟੀ ਲਾਈਨ ਤੋਂ ਉਪਰ ਉੱਠ ਕੇ ਹਿੰਸਾ, ਅਸਹਿਣਸ਼ੀਲਤਾ ਤੇ ਨਸਲਵਾਦ ਖ਼ਿਲਾਫ਼ ਸੰਘਰਸ਼ ਦਾ ਸੱਦਾ ਦਿੱਤਾ ਹੈ। ਦੱਸਣਯੋਗ ਹੈ ਕਿ ਪੰਜ ਸਾਲ ਪਹਿਲਾਂ ਓਕ ਕਰੀਕ ਕਤਲੇਆਮ ਵਿੱਚ ਛੇ ਬੇਕਸੂਰ ਸਿੱਖ ਮਾਰੇ ਗਏ ਸਨ। ਇਨ੍ਹਾਂ ਵਿਚ ਪਰਮਜੀਤ ਕੌਰ, ਸਤਵੰਤ ਸਿੰਘ ਕਾਲੇਕਾ, ਪ੍ਰਕਾਸ਼ ਸਿੰਘ, ਸੀਤਾ ਸਿੰਘ, ਰਣਜੀਤ ਸਿੰਘ ਅਤੇ ਸੁਵੇਗ ਸਿੰਘ ਸ਼ਾਮਲ ਸਨ।
ਵਿਸਕੌਨਸਿਨ ਦੇ ਗੁਰੂ ਘਰ ਦੇ ਪ੍ਰਧਾਨ ਬਲਹਾਰ ਸਿੰਘ ਦੁਲਾਈ ਨੇ ਇਸ ਮੌਕੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ, 'ਨਫ਼ਰਤ ਦਾ ਕੋਈ ਰੰਗ ਨਹੀਂ ਹੁੰਦਾ। ਨਫ਼ਰਤ ਦਾ ਕੋਈ ਚਿਹਰਾ ਨਹੀਂ ਹੁੰਦਾ। ਅਸੀਂ ਸਾਰਿਆਂ ਨੇ ਪੰਜ ਸਾਲ ਪਹਿਲਾਂ ਨਫ਼ਰਤ ਦੇਖੀ ਹੈ, ਹੰਢਾਈ ਹੈ।'
ਅਮਰੀਕਾ ਦੇ ਨੁਮਾਇੰਦਾ ਸਦਨ ਦੇ ਸਪੀਕਰ ਪੌਲ ਰਿਆਨ ਨੇ ਕਿਹਾ, 'ਪਿਛਲੇ ਪੰਜ ਸਾਲਾਂ ਦੌਰਾਨ ਓਕ ਕਰੀਕ ਵਾਸੀਆਂ ਨੇ ਸਾਬਿਤ ਕੀਤਾ ਹੈ ਕਿ ਉਹ ਨਫ਼ਰਤ ਤੇ ਪਾੜੇ ਨਾਲੋਂ ਤਾਕਤਵਰ ਹਨ। ਰਿਆਨ ਕਾਂਗਰਸ ਵਿਚ ਜ਼ਿਲ੍ਹਾ ਵਿਸਕੌਨਸਿਨ ਦੀ ਨੁਮਾਇੰਦਗੀ ਕਰਦੇ ਹਨ, ਜਿਥੇ 5 ਅਗਸਤ, 2012 ਨੂੰ ਇਕ ਗੁਰਦੁਆਰੇ ਵਿੱਚ ਸਿਰਫਿਰੇ ਗੋਰੇ ਨੇ ਗੋਲੀਬਾਰੀ ਕੀਤੀ ਸੀ।

ਬਾਕੀ ਸਫ਼ਾ 31 'ਤੇ


For Advertisements in Quomantry Amritsar Times Please Call :
Jai Singh
510-677-2777

















ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Diesel/Gas
Exit 137
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਸਹੂਲਤਾਂ
ਕੀਮਤਾਂ ਬਹੁਤ ਹੀ ਵਾਜਬ !
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


NOW OPEN IN MODESTO/CERES
PANNU'S
LEGAL SERVICES (Regd. & Bonded)
G.S. Pannu
Immigration Consultant-LDA
510.677.5200
IMMIGRATION
ivisapass@gmail.com
• Family Petitions (Husband, Wife, Brother, Sister, Mother, Father, Son, Daughter)
• Green Card
• Citizenship
• Affidavit of Support
• Political Asylum
• Visas From India
• Tourist • Business • H1B
• Student • Relegious
... & related matters
Family Petitions
FREE
DIVORCE
• Petitions
• Child Support
• Child Visitation
• Child Custody
• Modification
...& related matters
LISTEN & SPONSOR
ਰੇਡੀਓ ਗੱਲ ਪੰਜਾਬ ਦੀ ਯੂਐਸਏ
RADIO GAL PUNJAB DI USA
Download on the App Store
ANDROID APP ON Google Play
live on Facebook
Video on YouTube
www.radiogalpunjabdiusa.com
POWER OF ATTORNEY
CREDIT REPAIR/CLEAR
SMALL CLAIM COURT CASES
...& help in legal documents preparation
FREMONT
40757 GRIMMER BLVD, CA 94538
MODESTO/CERES
3810 EAU CLAIRE AVE, CA 95307


ਯੂਨਾਈਟਡ ਸਪੋਰਟਸ ਕਲੱਬ ਕੈਲੇਫੋਰਨੀਆਂ, ਅਮਰੀਕਾ ਵਲੋਂ
13ਵਾਂ ਵਿਸ਼ਵ ਕਬੱਡੀ ਕੱਪ
ਅਮੋਲਕ ਸਿੰਘ ਗਾਖਲ
ਮਿਤੀ 17 ਸਤੰਬਰ 2017 ਦਿਨ ਐਤਵਾਰ ਨੂੰ (ਸਵੇਰ 9 ਤੋਂ ਸ਼ਾਮ 6 ਵਜੇ ਤੱਕ)
(James Logan High School 1800 H Street, Union City, California 94587)
ਪਹੁੰਚ ਰਹੇ ਵਿਸ਼ੇਸ਼ ਮਹਿਮਾਨ
ਤੀਰਥ ਗਾਖਲ
ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਨੇੜਿਓਂ ਤੱਕਣ ਲਈ ਦਰਸ਼ਕ ਜੇਮਸ ਲੋਗਨ ਹਾਈ ਸਕੂਲ ਵਿਚ ਹੁੰਮ ਹੁਮਾ ਕੇ ਪਹੁੰਚਣ
ਮੁੱਖ ਮਹਿਮਾਨ
ਉਦਘਾਟਨ
ਪਹਿਲੇ ਇਨਾਮ ਦੇ ਸਪਾਂਸਰ
ਦੂਜੇ ਇਨਾਮ ਦੇ ਸਪਾਂਸਰ
ਵਿਸ਼ਵ ਕਬੱਡੀ ਕੱਪ ਵਿਚ ਪਹੁੰਚ ਰਹੇ ਸਟਾਰ ਕਬੱਡੀ ਖਿਡਾਰੀ
ਚੜ੍ਹਦਾ ਪੰਜਾਬ ਕਲੱਬ ਸੈਕਰਾਮੈਂਟੋ ਵਲੋਂ ਬੈਸਟ ਰੇਡਰ ਅਤੇ ਬੈਸਟ ਸਟਾਪਰ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ।
ਸਮੂਹ ਖੇਡ ਪ੍ਰੇਮੀਆਂ ਨੂੰ ਖੇਡ ਮੇਲੇ ਵਿਚ ਪਹੁੰਚਣ ਦਾ ਖੁੱਲ੍ਹਾ ਸੱਦਾ
ਕਬੱਡੀ ਦੇ ਕੌਮਾਂਤਰੀ ਨਿਯਮ ਲਾਗੂ ਹੋਣਗੇ, ਅੰਤਿਮ ਫੈਸਲਾ ਯੂਨਾਈਟਡ ਸਪੋਰਟਸ ਕਲੱਬ ਦਾ ਹੋਵੇਗਾ
ਖੇਡ ਮੇਲੇ ਵਿਚ ਭਾਗ ਲੈਣ ਵਾਲੀਆਂ ਕਲੱਬਾਂ
ਇਹ ਖੇਡ ਮੇਲਾ ਸਮੂਹ ਸਪਾਂਸਰਾਂ ਅਤੇ ਸਹਿਯੋਗੀਆਂ ਦੇ ਵਡਮੁੱਲੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ।
ਕੁਮੈਂਟੇਟਰ
ਸਵ: ਪਰਮਜੀਤ ਸਿੰਘ ਪੰਮੀ
ਵਿਸ਼ਵ ਕਬੱਡੀ ਕੱਪ ਦੇ ਮੀਡੀਆ ਇੰਚਾਰਜ
ਐਸ ਅਸ਼ੋਕ ਭੌਰਾ
Phone: 510 415 3315,
Email: ashokbhaura@gmail.com

# ਮੌਜੂਦਾ ਸਿੱਖ ਸਮਾਜ ਵਿੱਚ ਹਰ ਵਿਸ਼ੇ 'ਤੇ ਆ ਰਹੀ ਕਾਹਲ ਅਤੇ ਗੁਰੂ ਸਿਧਾਂਤਾਂ ਤੋਂ ਦੂਰੀ ਬਹੁਤ ਗੰਭੀਰ ਮਸਲਾ : ਅਜਮੇਰ ਸਿੰਘ

## ਜਰਮਨੀ 'ਚ ਕਰਵਾਏ ਦੋ ਰੋਜ਼ਾ ਸੈਮੀਨਾਰ 'ਚ ਸਿੱਖ ਚਿੰਤਕਾਂ ਵਲੋਂ ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਦਾ ਗੰਭੀਰ ਲੇਖਾ ਜੋਖਾ





**ਫਰੈਂਕਫੋਰਟ (ਜਰਮਨੀ)/ ਸਿੱਖ ਸਿਆਸਤ ਬਿਊਰੋ:** ਸਿੱਖ ਪੰਥ ਨੂੰ ਦਰਪੇਸ਼ ਚੁਣੌਤੀਆਂ ਅਤੇ ਉਹਨਾਂ ਦੇ ਹੱਲ ਬਾਰੇ ਵਿਚਾਰ ਚਰਚਾ ਕਰਨ ਲਈ ਗੁਰਦੁਆਰਾ ਸਿੱਖ ਸੈਂਟਰ ਫਰੈਂਕਫੋਰਟ ਦੀ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਬੀਤੇ ਦਿਨ ਆਫਨਬਾਖ ਵਿੱਚ ਸਫਲਤਾ ਪੂਰਵਕ ਸੈਮੀਨਾਰ ਕਰਵਾਇਆ ਗਿਆ। ਦੇਸ਼-ਵਿਦੇਸ਼ ਤੋਂ ਪਹੁੰਚੇ ਵਿਦਵਾਨਾਂ ਨੇ ਵੱਖ-ਵੱਖ ਵਿਸ਼ਿਆਂ 'ਤੇ ਆਪਣੇ ਵਿਚਾਰ ਸੰਗਤਾਂ ਨਾਲ ਸਾਂਝੇ ਕੀਤੇ। ਜਰਮਨ ਦੇ ਕੋਨੇ-ਕੋਨੇ ਅਤੇ ਯੂਰਪ ਅਤੇ ਅਮਰੀਕਾ ਤੋਂ ਪਹੁੰਚੀਆਂ ਸੰਗਤਾਂ ਨੇ ਇਸ ਸੈਮੀਨਾਰ ਵਿੱਚ ਸ਼ਮੂਲੀਅਤ ਕਰਕੇ ਵਿਦਵਾਨਾਂ ਦੇ ਵਿਚਾਰਾਂ ਦਾ ਲਾਹਾ ਲਿਆ।

ਸੈਮੀਨਾਰ ਦੀ ਸ਼ੁਰੂਆਤ ਸ. ਅਵਤਾਰ ਸਿੰਘ ਪੱਤਰਕਾਰ ਵੱਲੋਂ ਪੜ੍ਹੇ ਪਰਚੇ ਨਾਲ ਸ਼ੁਰੂ ਹੋਈ। ਉਹਨਾਂ ਨੇ ਘੱਟ ਗਿਣਤੀਆਂ ਅਤੇ ਬਹੁ ਗਿਣਤੀ ਦੇ ਸਬੰਧ, ਬਹੁਗਿਣਤੀ ਵਲੋਂ ਘੱਟ ਗਿਣਤੀ ਉੱਤੇ ਅਤਿਆਚਾਰ ਅਤੇ ਉਹਨਾਂ ਦੀ ਰੋਕਥਮ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ।

ਬੁਧਿਸਟ ਅੰਬੇਦਕਰ ਆਰਗੇਨਾਈਜ਼ੇਸ਼ਨ ਦੇ ਸ੍ਰੀ ਹਰਬੰਸ ਲਾਲ ਵਿਰਦੀ ਨੇ ਮੂਲ ਨਿਵਾਸੀਆਂ ਦੇ ਇਤਿਹਾਸ ਅਤੇ ਭਵਿੱਖ ਵਿੱਚ ਏਕਤਾ ਦੇ ਸਬੰਧ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾਂ ਨੇ ਇਤਿਹਾਸਕ ਹਵਾਲੇ ਦੇ ਕੇ ਬ੍ਰਾਹਮਣਵਾਦ ਦੇ ਮੂਲਨਿਵਾਸੀਆਂ ਉੱਤੇ ਕੀਤੇ ਕਬਜ਼ੇ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ।

ਪੰਜਾਬ ਵਿਚਲੀ ਸਥਿਤੀ ਬਾਰੇ ਉਹਨਾਂ ਨੇ ਕਿਹਾ ਕਿ 36 ਪ੍ਰਤੀਸ਼ਤ ਮੂਲਨਿਵਾਸੀ ਅਤੇ 14 ਪ੍ਰਤੀਸ਼ਤ ਜੱਟ ਸਿੱਖਾਂ ਦੀ ਬਹੁਗਿਣਤੀ ਹੋਣ ਦੇ ਬਾਵਜੂਦ ਵੀ ਬ੍ਰਾਹਮਣਵਾਦੀ ਤਾਕਤਾਂ ਦਾ ਪੰਜਾਬ ਉੱਤੇ ਕਬਜ਼ਾ ਹੈ। ਉਹਨਾਂ ਕਿਹਾ, '3 ਪ੍ਰਤੀਸ਼ਤ ਬ੍ਰਾਹਮਣਾਂ ਦਾ ਹੀ ਭਾਰਤ ਦਾ ਸਾਰੇ ਰਾਜਨੀਤਿਕ ਢਾਂਚੇ ਉੱਤੇ ਕਬਜ਼ਾ ਹੈ ਤੇ ਅਜਿਹਾ ਬਾਕੀਆਂ ਸਭ ਕੌਮਾਂ ਦੇ ਖਿੰਡਰੇ ਹੋਣ ਕਰਕੇ ਹੈ। ਉਹਨਾਂ ਕਿਹਾ ਕਿ ਸੱਤਾਧਾਰੀ ਬ੍ਰਾਹਮਣ ਬਾਕੀ ਸਾਰੀਆਂ ਕੌਮਾਂ ਨੂੰ ਸ਼ੂਦਰ ਦੇ ਰੂਪ ਵਿੱਚ ਹੀ ਦੇਖਦਾ ਹੈ ਇਸ ਲਈ ਜਦੋਂ ਸਾਨੂੰ ਸਾਡਾ ਦੁਸ਼ਮਣ ਇੱਕ ਅੱਖ ਨਾਲ ਹੀ ਦੇਖਦਾ ਹੈ ਤਾਂ ਸਾਨੂੰ ਇਕਜੁੱਟ ਹੋ ਕੇ ਉਸਦਾ ਬੌਧਿਕ, ਵਿਚਾਰਧਾਰਕ ਅਤੇ ਸਿਆਸੀ ਤੌਰ 'ਤੇ



ਫਰੈਕਫੋਰਟ ਵਿੱਚ ਹੋਏ ਸੈਮੀਨਾਰ 'ਚ ਸ਼ਾਮਲ ਬੁਲਾਰੇ ਅਤੇ ਪ੍ਰਬੰਧਕ।

ਮੁਕਾਬਲਾ ਕਰਨਾ ਚਾਹੀਦਾ ਹੈ। ਬ੍ਰਾਹਮਣਵਾਦ ਦਾ ਮੁਕਾਬਲਾ ਕਰਨ ਲਈ ਉਹਨਾਂ ਨੇ ਅੰਬੇਦਕਰ ਸਾਹਿਬ ਵੱਲੋਂ ਸੁਝਾਏ ਕੁਝ ਨੁਕਤਿਆਂ ਨੂੰ ਸੰਗਤਾਂ ਨਾਲ ਸਾਂਝਾਂ ਕੀਤਾ।

ਇੰਗਲੈਂਡ ਤੋਂ ਪਹੁੰਚੇ ਅਰਥਸ਼ਾਸਤਰੀ ਸ. ਬਲਜਿੰਦਰ ਸਿੰਘ ਸੰਧੂ ਨੇ 45 ਮਿੰਟਾਂ ਵਿੱਚ ਸੰਗਤਾਂ ਨੂੰ ਅਰਥਚਾਰੇ ਦੇ ਕੰਮਕਾਜ ਬਾਰੇ ਮੁਢਲੀ ਜਾਣਕਾਰੀ ਸੰਗਤਾਂ ਨੂੰ ਦਿੱਤੀ। ਉਹਨਾਂ ਚਾਨਣਾ ਪਾਇਆ ਕਿ ਕਿਸ ਤਰ੍ਹਾਂ ਆਰਥਿਕ ਰੂਪ ਵਿੱਚ ਮਜ਼ਬੂਤ ਦੇਸ਼ ਆਪਣੀ ਹੋਣੀ ਨੂੰ ਆਪਣੇ ਹੱਥਾਂ ਵਿੱਚ ਰੱਖਦੇ ਹਨ ਤੇ ਦੂਜੇ ਦੇਸ਼ਾਂ 'ਤੇ ਗਲਬਾ ਪਾਉਂਦੇ ਹਨ। ਉਹਨਾਂ ਇਤਿਹਾਸਕ ਉਦਾਹਰਣ ਦਿੰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਵੇਲੇ ਮਨੁੱਖ ਨੂੰ ਆਪਣੀਆਂ ਸਾਰੀਆਂ ਬੌਧਿਕ, ਮਾਨਸਿਕ ਤੇ ਸਰੀਰਕ ਸ਼ਕਤੀਆਂ ਨੂੰ ਇਕੱਠਾ ਕਰਕੇ ਸਮਾਜ ਵਿੱਚ ਵਿਚਰਣ ਲਈ ਕਿਹਾ ਸੀ। ਉਸ ਤਰ੍ਹਾਂ ਦਾ ਮਨੁੱਖ ਅਰਥਚਾਰੇ ਨੂੰ ਬੁਲੰਦੀਆਂ ਵੱਲ ਲੈ ਜਾਂਦਾ ਹੈ ਬਸ਼ਰਤੇ ਕਿ ਸਰਕਾਰਾਂ ਸਹੀ ਪਾਲਿਸੀਆਂ ਬਣਾ ਰਹੀਆਂ ਹੋਣ।

ਇਸ ਸੈਮੀਨਾਰ ਵਿੱਚ ਉਚੇਚੇ ਤੌਰ 'ਤੇ ਪੰਜਾਬ ਤੋਂ ਪਹੁੰਚੇ ਸਿੱਖ ਵਿਦਵਾਨ ਸ. ਅਜਮੇਰ ਸਿੰਘ ਨੇ ਮੁੱਖ ਭਾਸ਼ਣ ਦਿੰਦਆਂ ਆਧੁਨਿਕਤਾ ਅਤੇ ਉਸ ਦੇ ਸਿੱਖ ਸਮਾਜ, ਧਰਮ ਅਤੇ ਰਾਜਨੀਤੀ 'ਤੇ ਪੈ ਰਹੇ ਪ੍ਰਭਾਵਾਂ ਨੂੰ ਬਹੁਤ ਵਿਸਥਾਰ ਵਿੱਚ ਸੰਗਤਾਂ ਸਾਹਮਣੇ ਰੱਖਿਆ। ਉਹਨਾਂ ਕਿਹਾ ਕਿ ਮੌਜੂਦਾ ਸਿੱਖ ਸਮਾਜ ਵਿੱਚ ਹਰ ਵਿਸ਼ੇ 'ਤੇ ਆ ਰਹੀ ਕਾਹਲ ਅਤੇ ਗੁਰੂ ਸਿਧਾਂਤਾਂ ਤੋਂ ਦੂਰੀ ਵੱਲ ਧਿਆਨ ਦਿਵਾਇਆ। ਉਹਨਾਂ ਕਿਹਾ ਕਿ ਅਸੀਂ ਬਹੁਤ ਜਲਦੀ ਪ੍ਰਾਪਤੀ ਦੀ ਆਸ ਰੱਖਣ ਲੱਗ ਪਏ ਹਾਂ ਤੇ ਇਸ ਕ੍ਰਿਸ਼ਮੇ ਲਈ ਆਗੂਆਂ ਤੋਂ ਲੋੜੋਂ ਵੱਧ ਵੱਡੀਆਂ ਉਮੀਦਾਂ ਰੱਖਦੇ ਹਾਂ। ਇਸ ਤਰ੍ਹਾਂ ਅਸੀਂ ਆਪਣੇ ਨਿਸ਼ਾਨੇ ਤੋਂ ਥਿੜਕ ਕੇ ਆਗੂਆਂ ਦੇ ਹੀ ਸਿੱਖ ਬਣ ਜਾਂਦੇ ਹਾਂ ਤੇ ਅਜਿਹਾ ਕਰਕੇ ਅਸੀਂ ਆਪਣੇ ਨਿਸ਼ਾਨੇ ਤੋਂ ਦੂਰ ਹੁੰਦੇ ਜਾਂਦੇ ਹਾਂ। ਆਧੁਨਿਕਤਾ ਦੇ ਸਿੱਖ ਧਰਮ ਉੱਤੇ ਪਏ

ਬਾਕੀ ਸਫ਼ਾ 31 'ਤੇ


CHAAT BHAVAN RESTAURANT

CHAAT BHAVAN®

Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ, ਬਰਥ ਡੇ ਪਾਰਟੀ, ਐਨੀਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੇਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering
FULL SERVICE CATERING FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM

# ਗੁਰਦੁਆਰਾ ਲੈਂਕਰਸ਼ਿਮ ਵਿਖੇ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਭਾਵਨਾ ਨਾਲ ਮਨਾਇਆ



**ਲਾਸ ਏਂਜਲਸ/ਬਿਊਰੋ ਨਿਊਜ਼ :** ਸਿੱਖ ਗੁਰਦੁਆਰਾ ਆਫ਼ ਲਾਸ ਏਂਜਲਸ ਵਿਖੇ ਸ਼੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਦਾ ਪ੍ਰਕਾਸ਼ ਦਿਹਾੜਾ ਬਹੁਤ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰੋਗਰਾਮ ਦਾ ਆਰੰਭ ਅੰਮ੍ਰਿਤ ਵੇਲੇ ਸਿਮਰਨ ਮਗਰੋਂ ਨਿਤਨੇਮ ਅਤੇ ਇਸ ਤੋਂ ਬਾਅਦ ਸੁਖਮਨੀ ਸਾਹਿਬ ਦੇ ਪਾਠ ਤੋਂ ਹੋਇਆ। ਇਸ ਮਗਰੋਂ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ। ਉਪਰੰਤ ਬਾਬਾ ਸਰੂਪ ਸਿੰਘ ਚੰਡੀਗੜ੍ਹ ਵਾਲਿਆਂ ਨੇ ਸ਼੍ਰੀ ਹਰਕ੍ਰਿਸ਼ਨ ਸਾਹਿਬ ਜੀ ਦੇ ਅਵਤਾਰ ਪੁਰਬ ਸੰਬੰਧ ਵਿਚ ਇਤਿਹਾਸ ਉੱਤੇ ਚਾਨਣਾ ਪਾਇਆ। ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਿੱਖ ਵਿਦਵਾਨ ਭਾਈ ਪਿੰਦਰਪਾਲ ਸਿੰਘ ਨੇ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿਚ ਕਥਾ ਵਿਚਾਰ ਵਿਆਖਿਆ ਕਰਕੇ ਸੰਗਤਾਂ ਨੂੰ ਉਨ੍ਹਾਂ ਦੇ ਦਿੱਤੇ ਉਪਦੇਸ਼ 'ਤੇ ਚਲਣ ਲਈ ਕਿਹਾ। ਸਮਾਗਮ ਦੀ ਸਮਾਪਤੀ ਭਾਈ ਦਰਸ਼ਨ ਸਿੰਘ ਨੇ ਅਨੰਦੁ ਸਾਹਿਬ ਦੇ ਪਾਠ ਕਰਕੇ ਕੀਤੀ। ਇਸ ਸਾਰੇ ਸਮਾਗਮ ਦੇ ਲੰਗਰ ਦੀ ਸੇਵਾ ਸ. ਰਣਜੀਤ ਸਿੰਘ ਕੰਬੋਜ ਅਤੇ ਸਮੂਹ ਸੰਗਤਾਂ ਵਲੋਂ ਕੀਤੀ ਗਈ। ਸਟੇਜ ਦੀ ਸੇਵਾ ਕਮੇਟੀ ਦੇ ਪ੍ਰਧਾਨ ਸ. ਗੁਰਚਰਨ ਸਿੰਘ ਬੈਂਸ ਵਲੋਂ ਨਿਭਾਈ ਗਈ। ਮੌਜੂਦਾ ਕਮੇਟੀ ਨੇ ਆਈਆਂ ਸੰਗਤਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ।

## ਐਫ਼ਬੀਆਈ ਦੇ ਨਵੇਂ ਮੁਖੀ ਕ੍ਰਿਸਟੋਫਰ ਰੇਅ ਹੋਣਗੇ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਕਾਂਗਰਸ ਦੇ ਉਪਰਲੇ ਸਦਨ ਸੈਨੇਟ ਨੇ ਸਦਰ ਡੋਨਲਡ ਟਰੰਪ ਵੱਲੋਂ ਨਿਯੁਕਤ ਐਫਬੀਆਈ ਦੇ ਨਵੇਂ ਡਾਇਰੈਕਟਰ ਕ੍ਰਿਸਟੋਫਰ ਰੇਅ ਦੀ ਨਿਯੁਕਤੀ ਨੂੰ ਭਾਰੀ



ਬਹੁਮਤ ਨਾਲ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਨੂੰ ਜੇਮਜ਼ ਕੌਮੇ ਦੀ ਥਾਂ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਨੂੰ ਬੀਤੇ ਸਾਲ ਹੋਈਆਂ ਰਾਸ਼ਟਰਪਤੀ ਚੋਣਾਂ ਵਿੱਚ ਰੂਸੀ ਦਖ਼ਲ ਸਬੰਧੀ ਜਾਂਚ ਦੇ ਮੱਦੇਨਜ਼ਰ ਸ੍ਰੀ ਟਰੰਪ ਨੇ ਅਚਾਨਕ ਬਰਤਰਫ਼ ਕਰ ਦਿੱਤਾ ਸੀ। ਸ੍ਰੀ ਰੇ ਨੂੰ ਸਦਨ ਦੀਆਂ ਦੋਵਾਂ ਹਾਕਮ ਰਿਪਬਲਿਕਨ ਤੇ ਵਿਰੋਧੀ ਡੈਮੋਕਰੈਟਿਕ ਪਾਰਟੀਆਂ ਦੀ ਭਰਵੀਂ ਹਮਾਇਤ ਹਾਸਲ ਹੋਈ ਤੇ 100 ਮੈਂਬਰੀ ਸਦਨ ਵਿੱਚ ਇਸ ਸਬੰਧੀ ਮਤਾ 92-5 ਵੋਟਾਂ ਦੇ ਫ਼ਰਕ ਨਾਲ ਪਾਸ ਹੋ ਗਿਆ। ਸੈਨੇਟ ਦੀ ਜੁਡੀਸ਼ਿਅਰੀ ਸਬੰਧੀ ਕਮੇਟੀ ਦੀ ਮੈਂਬਰ ਡੈਨੀ ਫੀਨਸਟਾਈਨ ਨੇ ਕਿਹਾ, "ਐਫ਼ਬੀਆਈ ਸਾਡੇ ਮੁਲਕ ਦੀ ਸਿਖਰਲੀ ਕਾਨੂੰਨ ਲਾਗੂ ਕਰਨ ਵਾਲੀ ਏਜੰਸੀ ਹੈ ਤੇ ਇਸ ਨੂੰ ਇਕ ਯੋਗ ਆਗੂ ਦੀ ਲੋੜ ਹੈ ਜੋ ਕਾਨੂੰਨ ਦੀ ਹਕੂਮਤ ਕਾਇਮ ਰੱਖ ਸਕੇ ਅਤੇ ਇਸ ਦੀ ਆਜ਼ਾਦੀ ਵੀ ਬਣਾਈ ਰੱਖੇ। ਮੈਨੂੰ ਭਰੋਸਾ ਹੈ ਕਿ ਕ੍ਰਿਸਟੋਫਰ ਰੇ ਇਹ ਕੰਮ ਵਧੀਆ ਢੰਗ ਨਾਲ ਪੂਰਾ ਕਰ ਸਕਣਗੇ।" ਬੀਬੀ ਡੈਨੀ ਨੇ ਕਿਹਾ, "ਉਨ੍ਹਾਂ (ਸ੍ਰੀ ਰੇਅ) ਨੇ ਕਿਹਾ ਹੈ ਕਿ ਜੇ ਰਾਸ਼ਟਰਪਤੀ ਟਰੰਪ ਉਨ੍ਹਾਂ ਨੂੰ ਕੁਝ ਗ਼ਲਤ ਕਰਨ ਲਈ ਕਹਿਣਗੇ ਜਾਂ ਜੇ ਵਿਸ਼ੇਸ਼ ਵਕੀਲ ਰੌਬਰਟ ਮੂਲਰ ਦੀ (ਰੂਸੀ ਦਖ਼ਲ ਸਬੰਧੀ) ਜਾਂਚ ਵਿੱਚ ਕੋਈ ਦਖ਼ਲ ਦੇਣ ਦੀ ਕੋਸ਼ਿਸ਼ ਕੀਤੀ ਜਾਵੇਗੀ, ਤਾਂ ਉਹ ਅਸਤੀਫ਼ਾ ਦੇ ਦੇਣਗੇ।"

## ਸਾਨ ਫ੍ਰਾਂਸਿਸਕੋ ਪਾਰਕ ਵਿਚ ਹੋਈ ਗੋਲੀਬਾਰੀ, 3 ਜ਼ਖਮੀ

**ਸਾਨ ਫਰਾਂਸਿਸਕੋ/ਬਿਊਰੋ ਨਿਊਜ਼ :** ਸੈਲਾਨੀਆਂ ਨਾਲ ਭਰੇ ਮਸ਼ਹੂਰ ਸਾਨ ਫਰਾਂਸਿਸਕੋ ਪਾਰਕ ਵਿਚ ਉਸ ਵੇਲੇ ਭਗਦੜ ਮੱਚ ਗਈ ਜਦੋਂ ਕਿਸੇ ਬੰਦੂਕਧਾਰੀ ਨੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਸ ਗੋਲੀਬਾਰੀ ਵਿਚ 3 ਵਿਅਕਤੀ ਜ਼ਖਮੀ ਹੋ ਗਏ। ਸਾਨ ਫਰਾਂਸਿਸਕੋ ਪੁਲੀਸ ਦੇ ਅਧਿਕਾਰੀ ਗ੍ਰੇਸ ਗੇਟਪੇਂਡਨ ਨੇ ਦੱਸਿਆ ਕਿ ਪੁਲੀਸ ਬੰਦੂਕਧਾਰੀ ਦੀ ਤਲਾਸ਼ ਕਰ ਰਹੀ ਹੈ। ਉਹ ਘਟਨਾ ਮਗਰੋਂ ਫਰਾਰ ਹੋ ਗਿਆ। ਸਾਨ ਫਰਾਂਸਿਸਕੋ ਸਦਰ ਹਸਪਤਾਲ ਦੇ ਬੁਲਾਰੇ ਬ੍ਰੇਡ ਏਂਡਰਿਊ ਨੇ ਦੱਸਿਆ ਕਿ ਜ਼ਖਮੀਆਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਇਕ ਨੂੰ ਇਲਾਜ ਮਗਰੋਂ ਛੁੱਟੀ ਦੇ ਦਿੱਤੀ ਗਈ ਹੈ। ਜ਼ਖਮੀ ਹੋਇਆ ਇਕ ਨਾਬਾਲਗ ਮੁੰਡਾ ਹਾਲੇ ਵੀ ਹਸਪਤਾਲ ਵਿਚ ਹੈ। ਸਾਨ ਫਰਾਂਸਿਸਕੋ ਪੁਲੀਸ ਨੇ ਲੋਕਾਂ ਨੂੰ ਗੋਲੀਬਾਰੀ ਮਗਰੋਂ ਡੋਲੋਰਸ ਪਾਰਕ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਸੀ ਪਰ 2 ਘੰਟੇ ਬਾਅਦ ਹੀ ਇਸ ਆਦੇਸ਼ ਨੂੰ ਵਾਪਸ ਲੈ ਲਿਆ ਗਿਆ।

## ਪ੍ਰਵਾਸੀ ਭਾਰਤੀ ਦੇ ਸਕਣਗੇ ਪ੍ਰਾਕਸੀ ਵੋਟ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਮੰਤਰੀ ਮੰਡਲ ਨੇ ਚੋਣ ਸਬੰਧੀ ਕਾਨੂੰਨ ਵਿਚ ਸੋਧ ਕਰਕੇ ਵਿਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਨੂੰ ਪ੍ਰਾਕਸੀ ਮਤਦਾਨ ਦੀ ਸਹੂਲਤ ਦੀ ਮਿਆਦ ਵਧਾਉਣ ਨੂੰ ਪ੍ਰਵਾਨਗੀ ਦੇ ਦਿੱਤੀ। ਇਕ ਸੀਨੀਅਰ ਅਧਿਕਾਰੀ ਨੇ ਜਾਣ ਕਾਰੀ ਦਿੰਦੇ ਹੋਏ ਦੱਸਿਆ ਕਿ ਚੋਣਾਂ ਸਬੰਧੀ ਕਾਨੂੰਨਾਂ ਵਿਚ ਸੁਧਾਰ ਕਰਦੇ ਹੋਏ ਕੇਂਦਰੀ ਮੰਤਰੀ ਮੰਡਲ ਨੇ ਇਸ ਪ੍ਰਸਤਾਵ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪ੍ਰਵਾਸੀ ਭਾਰਤੀਆਂ ਵਲੋਂ ਵੋਟ ਪਾ ਸਕਣ ਲਈ ਜਨ ਪ੍ਰਤੀਨਿਧੀ ਐਕਟ ਵਿਚ ਸੁਧਾਰ ਦੀ ਜ਼ਰੂਰਤ ਸੀ। ਇਸ ਦੀ ਮਦਦ ਨਾਲ ਪ੍ਰਾਕਸੀ ਮਤਦਾਨ ਨੂੰ ਵੀ ਵੋਟ ਪਾਉਣ ਦੇ ਮਾਧਿਅਮ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ। ਹਾਲਾਂਕਿ ਐਨ.ਆਰ.ਆਈ. ਅਤੇ ਵਿਦੇਸ਼ਾਂ ਵਿਚ ਵਸੇ ਭਾਰਤੀ ਆਪਣੀ ਰਜਿਸਟਰ ਵਿਧਾਨ ਸਭਾ ਵਿਚ ਵੋਟ ਪਾ ਸਕਣ ਲਈ ਰਜਿਸਟਰਡ ਹਨ। ਹੁਣ ਪ੍ਰਸਤਾਵ ਅਨੁਸਾਰ ਉਹ ਪ੍ਰਾਕਸੀ ਵੋਟਿੰਗ ਦਾ ਵਿਕਲਪ ਵੀ ਚੁਣ ਸਕਦੇ ਹਨ। ਇਹ ਹੁਣ ਤੱਕ ਕੇਵਲ ਸੈਨਿਕਾਂ ਲਈ ਹੀ ਉਪਲੱਬਧ ਸੀ। ਇਸ ਮੁੱਦੇ 'ਤੇ ਕੰਮ ਕਰ ਰਹੀ ਚੋਣ ਕਮਿਸ਼ਨ ਦੇ ਮਾਹਿਰਾਂ ਦੀ ਇਕ ਕਮੇਟੀ ਨੇ ਸਾਲ 2015 ਵਿਚ ਕਾਨੂੰਨ ਮੰਤਰਾਲੇ ਨੂੰ ਇਸ ਸਬੰਧੀ ਚੋਣ ਸੁਧਾਰਾਂ ਲਈ ਕਾਨੂੰਨੀ ਰੂਪ ਰੇਖਾ ਮੰਤਰਾਲੇ ਨੂੰ ਭੇਜੀ ਸੀ।

## ਅਮਰੀਕੀ ਕਾਮਿਆਂ ਦੀ ਥਾਂ ਭਾਰਤੀਆਂ ਨੂੰ ਦਿੱਤੀ ਜਾ ਰਹੀ ਹੈ ਨੌਕਰੀ : ਜੌਹਨ ਚੈਂਬਰਜ਼

**ਨਵੀਂ ਦਿੱਲੀ/ਬਿਊਰੋ ਨਿਊਜ਼ :** ਸਿਸਕੋ ਦੇ ਚੇਅਰਮੈਨ ਜੌਹਨ ਚੈਂਬਰਜ ਨੇ ਕਿਹਾ ਕਿ ਕੁਝ ਕੰਪਨੀਆਂ ਵੱਲੋਂ ਅਮਰੀਕੀ ਕਾਮਿਆਂ ਦੀ ਜਗ੍ਹਾ ਭਾਰਤੀਆਂ ਨੂੰ ਅਮਰੀਕਾ ਲਿਜਾ ਕੇ ਕੰਮ ਦੇਣਾ ਗਲਤ ਹੈ ਅਤੇ ਇਹ ਜ਼ਰੂਰੀ ਹੈ ਕਿ ਦੋਵਾਂ ਮੁਲਕਾਂ ਵਿੱਚ ਵਿਕਾਸ ਲਈ ਨੌਕਰੀਆਂ ਪੈਦਾ ਕੀਤੀਆਂ ਜਾਣ। 'ਯੂਐਸ ਇੰਡੀਆ ਸਟਰੈਟੇਜਿਕ ਪਾਰਟਨਰਸ਼ਿਪ' ਦੇ ਚੇਅਰਮੈਨ ਸ੍ਰੀ ਚੈਂਬਰਜ ਨੇ ਕਿਹਾ ਕਿ ਭਾਰਤ ਅਤੇ ਅਮਰੀਕਾ ਇੱਕ-ਦੂਜੇ ਮੁਲਕਾਂ ਵਿਚ ਕੰਮ ਦੇ ਮੌਕੇ ਪੈਦਾ ਕਰਨ ਲਈ ਇਕੱਠੇ ਕੰਮ ਕਰ ਸਕਦੇ ਹਨ। ਉਨ੍ਹਾਂ ਕਿਹਾ, "ਸਾਨੂੰ ਗਲਤ ਕਦਮ ਚੁੱਕਣ ਤੋਂ ਸਾਵਧਾਨ ਰਹਿਣਾ ਪਵੇਗਾ। ਤੁਸੀਂ ਸਾਰੇ ਦੇ ਸਾਰੇ ਐਚ-1 ਬੀ ਵੀਜ਼ਿਆਂ ਦੀ ਵਰਤੋਂ ਕਰ ਕੇ 500 ਅਮਰੀਕੀ ਕਾਮਿਆਂ ਨੂੰ ਬਾਹਰ ਨਹੀਂ ਕਰ ਸਕਦੇ। ਮੇਰਾ ਮੰਨਣਾ ਹੈ ਕਿ ਸਾਨੂੰ



ਨਿਵੇਸ਼ 'ਤੇ ਧਿਆਨ ਦੇਣ ਦੀ ਲੋੜ ਹੈ।" ਜ਼ਿਕਰਯੋਗ ਹੈ ਕਿ ਅਮਰੀਕੀ ਸਰਕਾਰ ਅਮਰੀਕੀ ਕਾਮਿਆਂ ਕੋਲੋਂ ਨੌਕਰੀਆਂ ਦੇ ਮੌਕੇ ਹੋਰਾਂ ਨੂੰ ਦੇਣ ਵਾਲੀਆਂ ਆਊਟਸੋਰਸਿੰਗ ਕੰਪਨੀਆਂ ਦੀ ਨਿਖੇਧੀ ਕਰਦੀ ਰਹੀ ਹੈ। ਪਿਛਲੇ ਸਮੇਂ ਦੌਰਾਨ, ਇਸ ਵੱਲੋਂ ਇਨਫੋਸਿਸ ਅਤੇ ਟਾਟਾ ਕੰਸਲਟੈਂਸੀ ਸਰਵਿਸਿਜ਼ ਦੀ ਐਚ-1 ਬੀ ਵੀਜ਼ਿਆਂ ਦੀ ਵੱਡੇ ਪੱਧਰ 'ਤੇ ਵਰਤੋਂ ਦਾ ਦੋਸ਼ ਲਾਇਆ ਗਿਆ ਹੈ। ਸ੍ਰੀ ਚੈਂਬਰਜ ਨੇ ਕਿਹਾ ਕਿ ਜਦੋਂ ਕੋਈ ਭਾਰਤੀ ਕੰਪਨੀ ਅਮਰੀਕਾ ਵਿਚ 10,000 ਅਮਰੀਕੀਆਂ ਜਾਂ ਸਿਸਕੋ ਭਾਰਤ ਵਿੱਚ ਇੰਨੇ ਹੀ ਵਿਅਕਤੀਆਂ ਨੂੰ ਕੰਮ 'ਤੇ ਰੱਖਦੀ ਹੈ ਤਾਂ ਇਹ ਗੱਲ ਸਪਸ਼ਟ ਤੌਰ 'ਤੇ ਹੋਣੀ ਚਾਹੀਦੀ ਹੈ ਅਤੇ ਇੱਥੇ ਹੀ ਯੂਐਸਆਈਐਸਪੀਐਫ ਦੀ ਭੂਮਿਕਾ ਆਉਂਦੀ ਹੈ। ਉਨ੍ਹਾਂ ਨਰਿੰਦਰ ਮੋਦੀ ਸਰਕਾਰ ਵੱਲੋਂ ਨੋਟਬੰਦੀ ਅਤੇ ਜੀਐਸਟੀ ਲਾਂਚ ਕਰਨ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ।

## ਅਮਰੀਕਾ 'ਚ ਭਾਰਤੀ ਅਥਲੀਟ ਨਾਬਾਲਗ ਕੁੜੀ ਦੇ ਸਰੀਰਕ ਸੋਸ਼ਣ ਦਾ ਦੋਸ਼ੀ ਕਰਾਰ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਭਾਰਤੀ ਅਥਲੀਟ ਤਨਵੀਰ ਹੁਸੈਨ (24 ਸਾਲ) 'ਤੇ ਅਮਰੀਕਾ ਵਿੱਚ ਇੱਕ 12 ਸਾਲਾ ਬੱਚੀ ਦੇ ਕਥਿਤ ਤੌਰ 'ਤੇ ਸਰੀਰਕ ਸ਼ੋਸ਼ਣ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਉਹ 'ਸਨੋ ਸ਼ੂ' ਮੁਕਾਬਲੇ ਵਿੱਚ ਹਿੱਸਾ ਲੈਣ ਲਈ ਅਮਰੀਕਾ ਪੁੱਜਿਆ ਸੀ ਤੇ ਖੇਡ ਮੁਕਾਬਲੇ ਤੋਂ ਦੋ ਦਿਨ ਬਾਅਦ ਮਾਰਚ ਮਹੀਨੇ ਵਿੱਚ ਉਸ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।



ਤਨਵੀਰ ਹੁਸੈਨ ਨਾਮੀ ਉਕਤ ਖਿਡਾਰੀ ਨੂੰ ਪਿਛਲੇ ਹਫਤੇ ਐਸੈਕਸ ਦੀ ਇਕ ਕਾਊਂਟੀ ਅਦਾਲਤ ਨੇ 12 ਸਾਲ ਦੀ ਇਕ ਕੁੜੀ ਨਾਲ ਕਥਿਤ ਤੌਰ 'ਤੇ ਸੈਕਸ ਸ਼ੋਸ਼ਣ ਦੇ ਮਾਮਲੇ ਵਿਚ ਦੋਸ਼ੀ ਮੰਨਿਆ। ਅਦਾਲਤ ਨੇ ਉਸ ਨੂੰ ਸੈਕਸ ਸ਼ੋਸ਼ਣ ਅਤੇ ਬਾਲ ਕਲਿਆਣ ਨੂੰ ਖਤਰਾ ਪਹੁੰਚਾਉਣ ਦੇ ਦੋਸ਼ਾਂ ਦਾ ਵੀ ਦੋਸ਼ੀ ਮੰਨਿਆ ਹੈ। ਉਸ ਨੂੰ ਇਸ ਸਾਲ ਮਾਰਚ ਵਿਚ ਇਸ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਸੀ। ਸਥਾਨਕ ਡਿਵੇ ਮਾਊਂਟੇਨ ਰੀਕ੍ਰਿਏਸ਼ਨ ਸੈਂਟਰ ਵਿਖੇ ਵਰਲਡ ਸਨੋ ਸ਼ੂ ਚੈਂਪੀਅਨਸ਼ਿਪ ਵਿਚ ਹਿੱਸਾ ਲੈਣ ਲਈ ਉਹ ਆਇਆ ਸੀ। ਨਾਬਾਲਗ ਕੁੜੀ ਨੇ ਪੁਲੀਸ ਨੂੰ ਦਸਿਆ ਕਿ ਇਸ ਸਾਲ ਫਰਵਰੀ ਵਿਚ ਹੁਸੈਨ ਨੇ ਉਸ ਨੂੰ ਦੋ ਵਾਰ ਕਿੱਸ ਕਰਦੇ ਫੜ ਲਿਆ।

ਹੁਸੈਨ ਨੇ ਪਹਿਲਾਂ ਤਾਂ ਦੋਸ਼ਾਂ ਦਾ ਖੰਡਨ ਕੀਤਾ ਅਤੇ ਫਿਰ ਉਸ ਸਮਝੌਤੇ ਨੂੰ ਵੀ ਰੱਦ ਕਰ ਦਿੱਤਾ ਜਿਸ ਅਧੀਨ ਉਹ ਭਾਰਤ ਆ ਸਕਦਾ ਸੀ। ਉਸ ਨੇ ਕਿਹਾ ਸੀ ਕਿ ਉਹ ਆਪਣੇ ਆਪ ਨੂੰ ਬੇਕਸੂਰ ਸਾਬਤ ਕਰਨਾ ਚਾਹੁੰਦਾ ਹੈ। ਹੁਸੈਨ ਦੇ ਵਕੀਲ ਨੇ ਕਿਹਾ ਕਿ ਉਹ ਦੁਖੀ ਹੈ ਕਿ ਉਸ ਨੂੰ ਦੱਸਣ ਤੋਂ ਪਹਿਲਾਂ ਹੀ ਇਸ ਖਬਰ ਨੂੰ ਮੀਡੀਆ ਲਈ ਜਾਰੀ ਕਰ ਦਿੱਤਾ ਗਿਆ। ਹੁਸੈਨ ਅਮਰੀਕਾ ਆਉਣ ਤੋਂ ਪਹਿਲਾਂ ਕਾਫੀ ਚਰਚਿਤ ਰਿਹਾ ਸੀ। ਦਿੱਲੀ ਵਿਚ ਅਮਰੀਕੀ ਦੂਤਘਰ ਨੇ ਉਸ ਨੂੰ ਵੀਜ਼ਾ ਦੇਣ ਤੋਂ ਵੀ ਇਕ ਵਾਰ ਨਾਂਹ ਕਰ ਦਿੱਤੀ ਸੀ।

## ਸਿੱਖ ਰੈਫ਼ਰੀ ਸੋਸ਼ਲ ਮੀਡੀਆ 'ਤੇ ਨਸਲੀ ਟਿੱਪਣੀਆਂ ਦਾ ਸ਼ਿਕਾਰ

*ਫੁਟਬਾਲ ਵਿੱਚ ਨਸਲਵਾਦ 'ਤੇ ਗੌਰ ਕਰਨੀ ਲਾਜ਼ਮੀ : ਸੁਖਬੀਰ ਸਿੰਘ*

**ਸਿੰਘਾਪੁਰ/ਬਿਊਰੋ ਨਿਊਜ਼ :** ਇਥੇ ਇਕ ਫੁੱਟਬਾਲ ਮੈਚ ਤੋਂ ਬਾਅਦ 33 ਸਾਲਾ ਸਿੰਘਾਪੁਰ ਦੇ ਇਕ ਸਿੱਖ ਰੈਫ਼ਰੀ ਸੁਖਬੀਰ ਸਿੰਘ ਦੇ ਖ਼ਿਲਾਫ਼ ਸੋਸ਼ਲ ਮੀਡੀਆ 'ਤੇ ਕਈ ਲੋਕਾਂ ਵੱਲੋਂ ਨਸਲੀ ਟਿੱਪਣੀਆਂ ਕੀਤੀਆਂ ਗਈਆਂ। ਹੁਣ ਇਸ ਮਾਮਲੇ ਵਿਚ ਬਰਤਾਨੀਆ ਦੀ ਇਕ ਸੰਸਥਾ 'ਕਿਕ ਇਟ ਆਊਟ' ਜਾਂਚ ਕਰ ਰਹੀ ਹੈ। ਬੀਤੇ ਸ਼ਨਿਚਰਵਾਰ ਨੂੰ ਸਿੰਘਾਪੁਰ ਦੇ ਨੈਸ਼ਨਲ ਸਟੇਡੀਅਮ ਵਿਚ ਇੰਟਰ ਮਿਲਾਨ ਅਤੇ ਚੈਲਸੀਆ ਵਿਚਾਲੇ ਇਕ ਮੈਚ ਖੇਡਿਆ ਗਿਆ, ਜਿਸ ਵਿਚ ਸੁਖਬੀਰ ਸਿੰਘ ਰੈਫ਼ਰੀ ਸੀ। ਇੰਟਰ ਮਿਲਾਨ ਨੇ ਇਸ ਮੈਚ ਵਿਚ ਚੈਲਸੀਆ ਨੂੰ 2-1 ਨਾਲ ਹਰਾ ਦਿੱਤਾ। ਮੈਚ ਦੌਰਾਨ ਸੁਖਬੀਰ ਸਿੰਘ ਦੇ ਕੁਝ



ਫ਼ੈਸਲਿਆਂ 'ਤੇ ਵਿਵਾਦ ਵੇਖਣ ਨੂੰ ਮਿਲਿਆ। ਜਿਸ ਤੋਂ ਬਾਅਦ ਟਵਿੱਟਰ 'ਤੇ ਕਈ ਲੋਕਾਂ ਨੇ ਸੁਖਬੀਰ ਸਿੰਘ ਦੇ ਫ਼ੈਸਲਿਆਂ ਦੀ ਆਲੋਚਨਾ ਕੀਤੀ ਅਤੇ ਉਨ੍ਹਾਂ ਖ਼ਿਲਾਫ਼ ਨਸਲੀ ਟਿੱਪਣੀਆਂ ਵੀ ਕੀਤੀਆਂ। ਮੈਚ ਦੌਰਾਨ ਇਕ ਫ਼ੈਸਲੇ ਤਹਿਤ ਸੁਖਬੀਰ ਨੇ ਇੰਟਰ ਮਿਲਾਨ ਨੂੰ ਉਸ ਸਮੇਂ ਪੈਨਲਟੀ ਦੇ ਦਿੱਤੀ ਜਦੋਂ ਚੈਲਸੀਆ ਦੇ ਰੱਖਿਆ ਪੰਕਤੀ ਦੇ ਇਕ ਖ਼ਿਡਾਰੀ ਨੇ ਇੰਟਰ ਮਿਲਾਨ ਦੇ ਸਟ੍ਰਾਈਕਰ ਸਟੀਵਨ ਜੋਵੇਟਿਕ ਨੂੰ ਸੁੱਟਿਆ ਅਤੇ ਇਕ-ਦੂਸਰੇ ਫ਼ੈਸਲੇ ਵਿਚ ਸੁਖਬੀਰ ਨੇ ਚੈਲਸੀਆ ਦੇ ਖ਼ਿਡਾਰੀ ਵੱਲੋਂ ਕੀਤੇ ਗਏ ਗੋਲ ਨੂੰ ਆਫ਼ ਸਾਈਡ ਕਹਿ ਕੇ ਨਕਾਰ ਦਿੱਤਾ। ਫ਼ੀਫ਼ਾ ਮੈਚ ਏਜੰਟ ਬਲਜੀਤ ਰਿਹਾਲ ਅਨੁਸਾਰ 'ਕਿਕ ਇਟ ਆਊਟ' ਨੇ ਕਿਹਾ ਕਿ ਸੋਸ਼ਲ ਮੀਡੀਆ 'ਤੇ ਸੁਖਬੀਰ ਸਿੰਘ ਦੇ ਖ਼ਿਲਾਫ਼ ਕੀਤੀਆਂ ਗਈਆਂ ਨਸਲੀ ਟਿੱਪਣੀਆਂ ਬਾਰੇ ਲੋਕਾਂ ਤੋਂ ਸਾਨੂੰ ਸ਼ਿਕਾਇਤਾਂ ਮਿਲੀਆਂ ਹਨ। ਹਾਲਾਂਕਿ ਸਿੰਘਾਪੁਰ ਫੁੱਟਬਾਲ ਐਸੋਸੀਏਸ਼ਨ ਅਤੇ ਸੁਖਬੀਰ ਸਿੰਘ ਨੇ ਇਸ ਮਾਮਲੇ 'ਤੇ ਅਜੇ ਕੋਈ ਟਿੱਪਣੀ ਨਹੀਂ ਕੀਤੀ। ਦੱਸਣਯੋਗ ਹੈ ਕਿ ਸੁਖਬੀਰ ਸਿੰਘ ਨੂੰ ਪਿਛਲੇ ਸਾਲ ਸਿੰਘਾਪੁਰ ਲੀਗ ਵਿਚ ਰੈਫ਼ਰੀ ਆਫ਼ ਦਾ ਯੀਅਰ ਚੁਣਿਆ ਗਿਆ ਸੀ। ਸਿੱਖ ਰੈਫਰੀ ਨੇ ਫੁਟਬਾਲ ਨਾਲ ਸਬੰਧਤ ਭਾਈਚਾਰੇ ਨੂੰ ਏਕਤਾ ਕਾਇਮ ਰੱਖਣ ਦੀ ਅਪੀਲ ਕੀਤੀ ਹੈ।

ਬਾਕੀ ਸਫ਼ਾ 32 'ਤੇ

## ਸਰੀ 'ਚ ਪੰਜਾਬੀਆਂ ਦੇ ਗੈਂਗਵਾਰ ਨੇ ਉਡਾਈ ਪੁਲੀਸ ਦੀ ਨੀਂਦ

*ਨਸ਼ੇ ਦੇ ਸੌਦਾਗਰਾਂ ਦੇ ਅਗਲੇ ਪੰਜ ਸ਼ੱਕੀ ਟਾਰਗੈਟਾਂ ਵੱਲੋਂ ਮੂੰਹ ਨਾ ਖੋਲ੍ਹੇ ਜਾਣ ਕਾਰਨ 'ਜਨਤਕ ਸੁਰੱਖਿਆ ਲਈ ਖ਼ਤਰਾ' ਕਰਾਰ*

**ਬਠਿੰਡਾ/ਬਿਊਰੋ ਨਿਊਜ਼ :** ਵੈਨਕੂਵਰ ਵਿੱਚ ਨਸ਼ੇ ਦੇ ਸੌਦਾਗਰਾਂ ਦਰਮਿਆਨ ਜੰਗ ਛਿੜਨ ਅਤੇ ਪੰਜਾਬੀਆਂ ਦੀ ਵੱਡੀ ਵਸੋਂ ਵਾਲੇ ਸਰੀ ਵਿੱਚ ਗੋਲੀਬਾਰੀ ਦੀਆਂ 27 ਘਟਨਾਵਾਂ ਹੋਣ ਕਾਰਨ ਇਸ ਸ਼ਹਿਰ ਵਾਸੀਆਂ ਦੇ ਮਨ ਵਿੱਚ ਡਰ ਹੈ ਅਤੇ ਕੈਨੇਡੀਅਨ ਪੁਲੀਸ (ਆਰਸੀਐਮਪੀ) ਦੀ ਰਾਤਾਂ ਦੀ ਨੀਂਦ ਉੱਡ ਗਈ ਹੈ। ਇਕੱਲੇ ਜੁਲਾਈ ਮਹੀਨੇ ਵਿੱਚ ਸਰੀ ਵਿੱਚ ਗੋਲੀਬਾਰੀ ਦੀਆਂ ਛੇ ਘਟਨਾਵਾਂ ਹੋਈਆਂ ਹਨ। ਹਾਲਾਂਕਿ ਕੈਨੇਡੀਅਨ ਪੁਲੀਸ ਵੱਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ 2016 ਨਾਲੋਂ ਗਰੋਹਾਂ ਵਿਚਾਲੇ ਗੋਲੀਬਾਰੀ ਦੀਆਂ ਘਟਨਾਵਾਂ ਵਿੱਚ 47 ਫ਼ੀਸਦ ਕਮੀ ਆਈ ਹੈ। ਆਰਸੀਐਮਪੀ ਦੇ ਇਕ ਅਫ਼ਸਰ ਨੇ ਅਜਿਹੇ ਭਿਆਨਕ ਤੇ ਡਰਾਉਣੇ ਅਪਰਾਧਾਂ ਦੇ ਹੱਲ ਨੂੰ ਆਪਣੀ ਤਰਜੀਹ ਦੱਸਿਆ। ਨਸ਼ੇ ਦੇ ਸੌਦਾਗਰਾਂ ਦੇ ਅਗਲੇ ਪੰਜ ਸ਼ੱਕੀ ਟਾਰਗੈਟਾਂ ਵੱਲੋਂ ਮੂੰਹ ਨਾ ਖੋਲ੍ਹੇ ਜਾਣ ਕਾਰਨ ਪੁਲੀਸ ਨੇ ਉਨ੍ਹਾਂ ਨੂੰ 'ਜਨਤਕ ਸੁਰੱਖਿਆ ਲਈ ਖ਼ਤਰਾ' ਐਲਾਨ ਦਿੱਤਾ ਹੈ। ਪੁਲੀਸ ਨੇ ਇਨ੍ਹਾਂ ਸ਼ੱਕੀ ਟਾਰਗੈਟਾਂ ਦੀ ਸ਼ਨਾਖ਼ਤ ਸਰੀ ਦੇ ਇੰਦਰਵੀਰ ਸਿੰਘ ਜੌਹਲ (23), ਹਰਮੀਤ ਸਿੰਘ ਸੰਘੇੜਾ (23),

ਬਾਕੀ ਸਫ਼ਾ 32 'ਤੇ

## ਲੁਧਿਆਣਾ ਦੇ ਨੌਜਵਾਨ ਜੱਸੀ ਸਿੱਧੂ ਦੀ ਗੋਲੀਆਂ ਮਾਰ ਕੇ ਹੱਤਿਆ

**ਵੈਨਕੂਵਰ/ਬਿਊਰੋ ਨਿਊਜ਼ :** ਐਬਟਸਫੋਰਡ ਵਿਚ 18 ਸਾਲਾ ਪੰਜਾਬੀ ਮੁੰਡੇ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਕਬਾ ਨਾਲ ਸਬੰਧਤ ਦਲਜੀਤ ਸਿੰਘ ਸਿੱਧੂ ਦਾ 17 ਸਾਲਾ ਪੁੱਤਰ ਜੱਸੀ ਸਿੱਧੂ ਆਪਣੀ ਕਾਰ ਵਿੱਚ ਘਰ ਪਰਤ ਰਿਹਾ ਸੀ। ਉਸ ਦੀ ਕਾਰ ਰੋਕ ਕੇ ਦੋ ਜਣਿਆਂ ਨੇ ਉਸ ਨੂੰ ਗੋਲੀਆਂ ਮਾਰ ਦਿੱਤੀਆਂ। ਜ਼ਖ਼ਮੀ ਹੋਏ ਜੱਸੀ ਨੂੰ ਹਸਪਤਾਲ ਪਹੁੰਚਾਇਆ ਗਿਆ, ਜਿਥੇ ਉਹ ਦਮ ਤੋੜ ਗਿਆ। ਪੁਲੀਸ ਵੱਲੋਂ ਆਲੇ-ਦੁਆਲੇ ਦੇ ਸੀਸੀਟੀਵੀ ਕੈਮਰਿਆਂ ਦੀ ਰਿਕਾਰਡਿੰਗ ਖੰਗਾਲ ਕੇ ਕਾਤਲਾਂ ਦੀ ਪਛਾਣ ਦਾ ਯਤਨ ਕੀਤਾ ਜਾ ਰਿਹਾ ਹੈ। ਪੁਲੀਸ ਨੂੰ ਕੁਝ ਸੁਰਾਗ ਮਿਲ ਵੀ ਗਏ ਹਨ। ਕਤਲ ਕੀਤੇ ਮੁੰਡੇ ਦੇ ਫੋਨ ਰਿਕਾਰਡ ਅਤੇ ਹੋਰ ਗਤੀਵਿਧੀਆਂ ਤੋਂ ਵੀ ਪੁਲੀਸ ਨੂੰ ਮਦਦ ਮਿਲ ਰਹੀ ਹੈ।

# ਏ.ਜੀ.ਪੀ.ਸੀ. ਵਲੋਂ ਖਾਲਸਾ ਰਾਜ ਦੇ ਆਖਰੀ ਮਹਾਰਾਜਾ ਦਲੀਪ ਸਿੰਘ ਉਤੇ ਬਣੀ ਫਿਲਮ 'ਦੀ ਬਲੈਕ ਪ੍ਰਿੰਸ' ਦੀ ਭਰਵੀਂ ਸ਼ਲਾਘਾ

## 'ਸਿੱਖ ਕੌਮ ਦੇ ਲਹੂ ਭਿੱਜੇ ਮਹਾਨ ਇਤਿਹਾਸ ਤੇ ਧੋਖੇ ਨਾਲ ਖੋਹੇ ਗਏ ਖਾਲਸਾ ਰਾਜ ਦੀ ਮੁੜ ਪ੍ਰਾਪਤੀ ਦੀ ਤਾਂਘ ਦਰਸਾਉਂਦੀ ਹੈ 'ਬਲੈਕ ਪ੍ਰਿੰਸ'

**ਫਰੀਮੌਂਟ/ਬਲਵਿੰਦਰਪਾਲ ਸਿੰਘ ਖਾਲਸਾ :**
ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਨੇ ਬਰੈਲਸਟੇਨ ਇੰਟਰਟੇਨਮੈਂਟ ਪਾਰਟਨਰਸ ਦੁਆਰਾ ਬਣਾਈ ਅਤੇ ਨਿਰਦੇਸ਼ਕ ਕਵੀ ਰਾਜ਼ ਦੁਆਰਾ ਨਿਰਦੇਸ਼ਤ ਫ਼ਿਲਮ 'ਦੀ ਬਲੈਕ ਪ੍ਰਿੰਸ' ਦੀ ਸ਼ਲਾਘਾ ਕਰਦਿਆਂ ਸਿੱਖ ਕੌਮ ਨੂੰ ਫ਼ਿਲਮ ਵੇਖਣ ਦੀ ਅਪੀਲ ਕੀਤੀ।



ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਸ਼ਹਾਦਤਾਂ, ਜੀਵਨੀਆਂ ਅਤੇ ਖੁਦ ਮੁਖ਼ਤਿਆਰ ਦੇਸ਼ ਦੀ ਰੀਝ ਨੂੰ ਦਰਸਾਉਂਦੀ ਫ਼ਿਲਮ ਹੈ 'ਦੀ ਬਲੈਕ ਪ੍ਰਿੰਸ'। ਉਨ੍ਹਾਂ ਕਿਹਾ ਕਿ ਇਸ ਫ਼ਿਲਮ ਨੇ ਸਿੱਖ ਰਾਜ ਦੇ ਮਹੱਤਵਪੂਰਨ ਯੋਗਦਾਨ ਨੂੰ ਜ਼ਾਹਰ ਕੀਤਾ, ਇਹ ਉਪਰਾਲਾ ਸਲਾਹੁਣਯੋਗ ਹੈ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀਆਂ ਆਪਣੇ ਦੇਸ਼ ਦੀ ਪ੍ਰਾਪਤੀ ਤੇ ਬਚਾਉਣ ਲਈ ਦਿੱਤੀਆਂ ਸ਼ਹਾਦਤਾਂ, ਮੀਰੀ-ਪੀਰੀ ਸਿੱਖ ਸਿਧਾਂਤ ਲਈ ਮਹਾਨ ਸਿੱਖ ਜਰਨੈਲਾਂ ਦੀ ਜੀਵਨੀ 'ਤੇ ਆਧਾਰਤ ਅਜਿਹੀਆਂ ਫ਼ਿਲਮਾਂ ਦਾ ਨਿਰਮਾਣ ਹੋਣਾ ਚਾਹੀਦਾ ਹੈ ਤਾਂ ਜੋ ਪੂਰੇ ਸੰਸਾਰ ਵਿਚ ਸਿੱਖ ਕੌਮ ਦੇ ਸਮੁੱਚੇ ਇਤਿਹਾਸ ਅਤੇ ਗੌਰਵਮਈ ਸਭਿਆਚਾਰ ਨੂੰ ਉਜਾਗਰ ਕੀਤਾ ਜਾ ਸਕੇ ਅਤੇ ਹੋਰ ਲੋਕ ਸਿੱਖਾਂ ਪ੍ਰਤੀ ਆਪਣਾ ਵਤੀਰਾ ਦਰੁਸਤ ਕਰ ਸਕੇ। ਜਾਰੀ ਬਿਆਨ ਵਿਚ ਏਜੀਪੀਸੀ ਦੇ ਪ੍ਰਧਾਨ ਸ. ਜਸਵੰਤ ਸਿੰਘ ਹੋਠੀ ਅਤੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਤ ਇਸ ਫ਼ਿਲਮ ਵਿਚ ਸਤਿੰਦਰ ਸਰਤਾਜ ਮੁੱਖ ਭੂਮਿਕਾ ਵਿਚ ਅਤੇ ਅਮੰਡਾ ਰੂਟ, ਜੇਸਨ ਫ਼ਲੈਮਿੰਗ, ਅਤੁਲ ਸ਼ਰਮਾ ਵਰਗੇ ਦਮਦਾਰ ਕਲਾਕਾਰਾਂ ਨੇ ਆਪਣੀ ਅਦਾਕਾਰੀ ਨਾਲ ਸਿੱਖ ਇਤਿਹਾਸ ਨੂੰ ਬੜੇ ਹੀ ਸੁਚੱਜੇ ਅਤੇ ਲਾਜਵਾਬ ਢੰਗ ਨਾਲ ਪੇਸ਼ ਕੀਤਾ ਹੈ। ਮਹਾਰਾਣੀ ਜਿੰਦਾਂ ਦੇ ਰੋਲ ਵਿਚ ਪ੍ਰਸਿੱਧ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਜਾਨ ਭਰ ਦਿੱਤੀ ਹੈ। ਫਿਲਮ ਦਾ ਨਿਰਮਾਣ ਪੰਜਾਬੀ ਤੋਂ ਇਲਾਵਾ ਹਿੰਦੀ ਅਤੇ ਅੰਗਰੇਜ਼ੀ ਵਿਚ ਵੀ ਨਿਰਮਾਣ ਕੀਤਾ ਗਿਆ ਹੈ। ਉਨ੍ਹਾਂ ਇਸ ਮੌਕੇ ਕਿਹਾ ਕਿ ਭਾਵੇਂ ਕਿ ਸਿੱਖਾਂ ਦੀ ਗਿਣਤੀ ਘੱਟ ਹੈ ਪਰ ਉਨ੍ਹਾਂ ਦੀਆਂ ਸ਼ਹਾਦਤਾਂ ਅਣਗਿਣਤ ਹਨ ਜਿਨ੍ਹਾਂ ਨੇ ਦੂਸਰਿਆਂ ਦੇ ਭਲੇ ਲਈ ਕਦੇ ਪਿੱਠ ਨਹੀਂ ਵਿਖਾਈ। ਇੱਥੇ ਵਰਨਣਯੋਗ ਹੈ ਕਿ ਇਸ ਕਹਾਣੀ ਦੇ ਲੇਖਕ ਜਸਜੀਤ ਸਿੰਘ, ਅੰਤਰਰਾਸ਼ਟਰੀ ਪੱਧਰ ਦੇ ਉਘੇ ਖਿਡਾਰੀ ਅਤੇ ਇਤਿਹਾਸਕ ਖੋਜ-ਕਰਤਾ ਹਨ। ਡਾ. ਪ੍ਰਿਤਪਾਲ ਸਿੰਘ ਨੇ ਕਿਹਾ ਕਿ ਜਿੱਥੇ ਲੋਕਾਂ ਨੂੰ ਇਸ ਫ਼ਿਲਮ ਨੇ ਉਤਸ਼ਾਹਿਤ ਕੀਤਾ, ਉੱਥੇ ਉਨ੍ਹਾਂ ਫ਼ਿਲਮਾਂ ਦਾ ਨਿਰਮਾਣ ਕਰਨ ਵਾਲੇ ਨਿਰਮਾਤਾ ਅਤੇ ਨਿਰਦੇਸ਼ਕ ਨੂੰ ਬੇਨਤੀ ਕੀਤੀ ਕਿ ਅਜਿਹੀਆਂ ਹੋਰ ਫ਼ਿਲਮਾਂ ਦਾ ਵੀ ਨਿਰਮਾਣ ਕਰਨ ਤਾਂ ਜੋ ਦੇਸ਼ਾਂ-ਵਿਦੇਸ਼ਾਂ ਵਿਚ ਬੇਕਸੂਰ ਸਿੱਖ ਕੌਮ ਕਿਸੇ ਹਿੰਸਾ ਦਾ ਸ਼ਿਕਾਰ ਨਾ ਬਣ ਸਕੇ।

## 'ਦ ਬਲੈਕ ਪ੍ਰਿੰਸ' ਦਾ ਸੱਚ

ਸਿੱਖ ਰਾਜ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਉੱਤੇ ਆਧਾਰਿਤ ਹਾਲੀਵੁੱਡ ਦੀ ਫਿਲਮ ਨੇ ਸਿਰਫ਼ ਸਿੱਖ ਜਗਤ ਵਿੱਚ ਹੀ ਨਹੀਂ ਬਲਕਿ ਹੋਰਨਾਂ ਹਲਕਿਆਂ ਖ਼ਾਸ ਕਰ ਬੁਧੀਜੀਵੀਆਂ ਤੇ ਇਤਿਹਾਸ ਦੇ ਵਿਦਿਆਰਥੀਆਂ ਵਿੱਚ ਵਿੱਚ ਡੂੰਘੀ ਉਤਸੁਕਤਾ ਪੈਦਾ ਕੀਤੀ ਹੈ। ਇਸ ਫਿਲਮ



ਨੂੰ ਵੇਖਣ ਬਾਅਦ ਸਿੱਖਾਂ ਦੀ ਨੌਜਵਾਨ ਪੀੜ੍ਹੀ ਦੀ ਅਪਣੇ ਵਿਰਸੇ ਬਾਰੇ ਜਾਨਣ ਅਤੇ ਉਸ ਨਾਲ ਜੁੜਣ ਦੀ ਤਾਂਘ ਵਧੀ ਹੈ। ਦੂਜੇ ਕੁਝ ਇਤਿਹਾਸਕਾਰ ਕਹਾਉਂਦੇ ਸਿੱਖ ਵਿਅਕਤੀਆਂ ਵਲੋਂ ਫਿਲਮ ਵਿੱਚ ਪੇਸ਼ ਕਹਾਣੀ ਤੇ ਤੱਥਾਂ ਦੀ ਪ੍ਰਮਾਣਿਕਤਾ ਬਾਰੇ ਤਰ੍ਹਾਂ ਤਰ੍ਹਾਂ ਦੇ ਸ਼ੰਕੇ ਤੇ ਨੁਕਤੇ ਉਠਾਏ ਗਏ ਹਨ । ਭਾਵੇਂ ਅਜਿਹੇ ਸ਼ੰਕੇ ਤੇ ਦੋਸ਼ ਬੇਬੁਨਿਆਦ ਹੋਣ ਕਾਰਨ ਅਜਿਹੇ ਵਿਚਾਰਾਂ ਨੂੰ ਬਹੁਤਾ ਹੁੰਗਾਰਾ ਨਹੀਂ ਮਿਲ ਰਿਹਾ, ਨਾ ਹੀ ਬਹੁਤਾ ਗੌਲੇ ਜਾ ਰਹੇ ਹਨ। ਪਰ ਫਿਲਮ ਦੇ ਐਗਜੀਕਿਉਟਿਵ ਨਿਰਮਾਤਾ ਜਸਜੀਤ ਸਿੰਘ ਨੇ ਇਸ ਸਬੰਧੀ ਹਰਜਿੰਦਰ ਸਿੰਘ ਦਿਲਗੀਰ ਵਲੋਂ ਲਾਏ ਗੰਭੀਰ ਦੋਸ਼ਾਂ ਦੇ ਬੜੇ ਸਹਿਜ ਅਤੇ ਸੰਵੇਦਨਸ਼ੀਲ ਢੰਗ ਨਾਲ ਜਿਹੜੇ ਜਵਾਬ ਦਿੱਤੇ ਹਨ ਉਹ ਫਿਲਮ 'ਚ ਪੇਸ਼ ਸੱਚਾਈ ਅਤੇ ਫਿਲਮ ਬਣਾਉਣ ਦੇ ਮੰਤਵ ਪੱਖੋਂ ਬਹੁਤ ਅਹਿਮੀਅਤ ਰਖਦੇ ਹਨ। ਜਸਜੀਤ ਸਿੰਘ ਦੀ ਇਸ ਵੀਡੀਓ ਨੂੰ https://www.youtube.com/watch?v=8T7QMBfS0j4&feature=youtu.be ਤੇ ਵੇਖਿਆ ਜਾ ਸਕਦਾ ਹੈ।

## ਭਾਈ ਅਜਮੇਰ ਸਿੰਘ ਨਾਲ ਵਿਸ਼ੇਸ਼ ਗੱਲਬਾਤ




ਮਹਾਰਾਜਾ ਦਲੀਪ ਸਿੰਘ ਦੇ ਜੀਵਨ 'ਤੇ ਆਧਾਰਿਤ ਹੌਲੀਵੁਡ ਫਿਲਮ 'ਦਾ ਬਲੈਕ ਪ੍ਰਿੰਸ' ਦੇ ਬਾਰੇ 'ਚ 'ਸਿੱਖ ਸਿਆਸਤ ਨਿਊਜ਼' ਦੇ ਸੰਪਾਦਕ ਪਰਮਜੀਤ ਸਿੰਘ ਵਲੋਂ ਸਿੱਖ ਰਾਜਨੀਤਕ ਵਿਸ਼ਲੇਸ਼ਕ ਭਾਈ ਅਜਮੇਰ ਸਿੰਘ ਨਾਲ ਕੀਤੀ ਵਿਸ਼ੇਸ਼ ਗੱਲਬਾਤ ਦੀ ਪੂਰੀ ਰਿਕਾਰਡਿੰਗ ਸੁਣਨ ਲਈ ਲਿੰਕ : https://www.youtube.com/watch?v=Sn-OSccltXQ










## ਫਰਿਜ਼ਨੋਂ ਵਿਖੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਸਮਾਗਮ 13 ਅਗਸਤ, ਐਤਵਾਰ ਨੂੰ

**ਫਰਿਜ਼ਨੋਂ/ਬਿਊਰੋ ਨਿਊਜ਼ :** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋਂ ਵਲੋਂ ਸ਼ਹੀਦ ਊਧਮ ਸਿੰਘ ਅਤੇ ਸ਼ਹੀਦ ਮਦਨ ਲਾਲ ਢੀਂਗਰਾ ਦਾ ਸ਼ਹੀਦੀ ਸਮਾਗਮ ਅਤੇ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ 13 ਅਗਸਤ, ਐਤਵਾਰ ਨੂੰ ਇੰਡੀਆ ਓਵਨ ਰੈਸਟੋਰੈਂਟ ਫਰਿਜਨੋਂ ਵਿਖੇ ਕਰਵਾਏ ਜਾ ਰਹੇ ਹਨ। ਯਾਦ ਰਹੇ ਕਿ ਪਹਿਲਾਂ ਇਹ ਸਮਾਗਮ 6 ਅਗਸਤ ਨੂੰ ਰੱਖਿਆ ਗਿਆ ਸੀ ਪਰ ਇਸ ਦਿਨ ਹੀ ਇਕ ਹੋਰ ਸਮਾਗਮ ਫਰਿਜ਼ਨੋਂ ਵਿਖੇ ਹੋਣ ਕਾਰਨ ਇਸ ਸਮਾਗਮ ਦੀ ਮਿਤੀ ਬਦਲੀ ਗਈ ਹੈ। ਇਸ ਸਬੰਧੀ ਇੰਡੋ ਅਮੈਰਿਕਨ ਹੈਰੀਟੇਜ ਫੋਰਮ ਦੀ ਇਕ ਮੀਟਿੰਗ ਹੋਈ ਜਿਸ ਵਿਚ ਇਹ ਫੈਸਲਾ ਕੀਤਾ ਗਿਆ ਕਿ ਇਕ ਹਫਤੇ ਵਿਚ ਇਕ ਹੀ ਸਮਾਗਮ ਹੋਣਾ ਚਾਹੀਦਾ ਹੈ। ਇਸ ਸਬੰਧੀ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਸਮਾਗਮ ਦੁਪਹਿਰ 2.00 ਵਜੇ ਤੋਂ ਸ਼ਾਮ 5.00 ਵਜੇ ਤੱਕ ਹੋਵੇਗਾ। ਜਿਸ ਵਿਚ ਚਾਹ ਅਤੇ ਸਨੈਕਸ ਦਾ ਪ੍ਰਬੰਧ ਹੋਵੇਗਾ। ਸ਼ਹੀਦੀ ਸਮਾਗਮ ਵਿਚ ਉਚ ਕੋਟੀ ਦੇ ਬੁਲਾਰੇ ਆਪਣੇ ਵਿਚਾਰ ਰੱਖਣਗੇ ਅਤੇ ਗੀਤ ਸੰਗੀਤ ਵੀ ਹੋਵੇਗਾ।

## ਐਲਕਗਰੋਵ ਸਿਟੀ ਮੇਅਰ ਵੱਲੋਂ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ

**ਸੈਕਰਾਮੈਂਟੋ/ਬਿਊਰੋ ਨਿਊਜ਼ :** ਐਲਕਗਰੋਵ ਸ਼ਹਿਰ ਦੇ ਮੇਅਰ ਸਟੀਵ ਲੀ ਨੇ ਸ਼ਹਿਰ ਦੀ ਸੀਲ ਵਾਲੀ ਰਿੰਗ ਅਤੇ ਪਿੰਨ ਦੇ ਕੇ ਗੁਰਜਤਿੰਦਰ ਸਿੰਘ ਰੰਧਾਵਾ ਦਾ ਸਨਮਾਨ ਕੀਤਾ ਹੈ ਜੋ ਕਿ ਪੰਜਾਬੀ ਭਾਈਚਾਰੇ ਲਈ ਬੜੀ ਮਾਣ ਵਾਲੀ ਗੱਲ ਹੈ। ਕਿਸੇ ਪੰਜਾਬੀ ਨੂੰ ਮਿਲਣ ਵਾਲਾ ਇਸ ਸ਼ਹਿਰ ਦਾ ਸਭ ਤੋਂ ਵੱਡਾ ਸਨਮਾਨ ਹੈ। ਸਰਦਾਰ ਰੰਧਾਵਾ ਨੂੰ ਇਹ ਸਨਮਾਨ ਚੰਗਾ ਸਮਾਜ ਸੇਵੀ ਹੋਣ ਕਰਕੇ ਦਿੱਤਾ ਗਿਆ। ਮੇਅਰ ਸਟੀਵ ਲੀ ਵੱਲੋਂ ਭੇਟ ਕੀਤੀ ਗਈ 14 ਕੈਰੇਟ ਦੀ ਰਿੰਗ ਉੱਤੇ ਜਿਥੇ ਮੇਅਰ ਦੀ ਸੀਲ ਅਤੇ ਉਸ ਦੇ ਦਸਤਖਤ ਹਨ, ਉਥੇ ਨਾਲ ਹੀ ਸੀਰੀਅਲ ਨੰਬਰ ਵੀ ਹੈ, ਜੋ ਕਿ ਸਿਟੀ ਦੇ ਰਿਕਾਰਡ ਵਿੱਚ ਰੱਖਿਆ ਜਾਂਦਾ ਹੈ। ਇਸੇ ਤਰ੍ਹਾਂ ਉਨ੍ਹਾਂ ਨੂੰ ਜਿਹੜੀ ਕਾਲਰ ਪਿੰਨ ਸਿਟੀ ਵੱਲੋਂ ਭੇਟ ਕੀਤੀ ਗਈ ਹੈ, ਉਸ ਉੱਤੇ ਐਲਕਗਰੋਵ ਦਫਤਰ ਸਿਟੀ ਦੀ ਸੀਲ ਹੈ। ਇਸ ਸਨਮਾਨ ਮੌਕੇ ਗੁਲਿੰਦਰ ਗਿੱਲ, ਬਲਵਿੰਦਰ ਸਿੰਘ ਡੁਲਕੂ, ਮਨਜੀਤ ਬੱਲ, ਸਤਿੰਦਰ ਪਾਲ ਹੇਅਰ, ਗੁਰਪਾਲ ਡੱਡਵਾਲ, ਬਲਬੀਰ ਸਿੰਘ, ਬਲਜੀਤ ਸਿੰਘ ਗਿੱਲ, ਚਰਨ ਸਿੰਘ ਜੱਜ, ਗੁਰਦੀਪ ਸਿੰਘ ਗਿੱਲ, ਇੰਦਰਜੀਤ ਗਰੇਵਾਲ, ਸ਼ਸ਼ੀਪਾਲ ਅਤੇ ਕੁੱਝ ਅਮਰੀਕੀ ਅਧਿਕਾਰੀ ਵੀ ਸ਼ਾਮਲ ਸਨ।



## ਦੇਸੀ ਸਵੈਗ ਇੰਟਰਨੈਸ਼ਨਲ ਵੱਲੋਂ ਕਰਵਾਏ ਸ਼ੈਰੀ ਮਾਨ, ਰੁਪਿੰਦਰ ਹਾਂਡਾ ਤੇ ਜੈਸਮੀਨ ਦੀ ਗਾਇਕੀ ਦੇ ਸ਼ੋਅ ਦਾ ਲੋਕਾਂ ਨੇ ਖ਼ੂਬ ਆਨੰਦ ਮਾਣਿਆ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :**
ਸਥਾਨਕ ਸਭਿਆਚਾਰਕ ਸੰਸਥਾ "ਦੇਸੀ ਸਵੈਗ ਇੰਟਰਨੈਸ਼ਨਲ" ਵੱਲੋਂ ਸ਼ੈਰੀ ਮਾਨ, ਰੁਪਿੰਦਰ ਹਾਂਡਾ ਤੇ ਜੈਸਮੀਨ ਦਾ ਸ਼ੋਅ ਸਥਾਨਕ ਲੂਥਰ ਬਰਬੈਂਕ ਹਾਈ ਸਕੂਲ ਫਲੋਰਨ ਰੋਡ ਸੈਕਰਾਮੈਂਟੋ 'ਚ ਕਰਵਾਇਆ ਗਿਆ। ਇਸ ਸ਼ੋਅ ਦੌਰਾਨ ਉਪਰੋਕਤ ਕਲਾਕਾਰਾਂ ਨੇ ਭਾਰੀ ਗਿਣਤੀ 'ਚ ਆਏ ਦਰਸ਼ਕਾਂ ਦਾ ਪੂਰਾ ਮੰਨੋਰੰਜਨ ਕੀਤਾ। ਸ਼ੈਰੀ ਮਾਨ ਨੇ ਪਰਿਵਾਰਕ ਗੀਤਾਂ ਤੋਂ ਇਲਾਵਾ ਅੱਜ ਦੇ ਰੋਮੀਓ ਲਈ ਵੀ ਗੀਤ ਸੁਣਾਏ। ਸ਼ੈਰੀ ਮਾਨ ਵੱਲੋਂ ਗਾਏ ਕੁਝ ਗੀਤਾਂ 'ਚ "ਬੇਬੇ ਤੇਰੀ ਆਟੇ ਦੀ ਚਿੱੜੀ", "ਦਿਨ ਢਲ਼ਦੇ ਨੂੰ ਜਦ ਕੰਮ ਤੋਂ ਆਵਾਂ ਮੈਂ", "ਵਜਦੇ ਟਰਾਂਸਪੋਰਟੀਏ" ਗੀਤਾਂ ਨੂੰ ਆਏ ਦਰਸ਼ਕਾਂ ਨੇ ਪਸੰਦ ਕੀਤਾ। ਇਵੇਂ ਹੀ ਕੁਝ ਰੁਪਿੰਦਰ ਹਾਂਡਾ ਨੇ ਵੀ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਦਰਸ਼ਕਾਂ ਦਾ ਭਰਪੂਰ ਮੰਨੋਰੰਜਨ ਕੀਤਾ ਜਿਨ੍ਹਾਂ 'ਚ ਉਸਨੇ ਆਪਣੇ ਚਰਚਿਤ ਗੀਤ "ਤਖਤਪੋਸ਼", "ਸੂਟ ਦਰਜੀ ਤੋਂ ਮੈਂ ਸਵਾ ਲਿਆ ਚੰਨਾ ਵੇ ਤੇਰੀ ਪੱਗ ਨਾਲ ਦਾ" ਅਤੇ "ਮਿਰਜਾ" ਗਾਏ। ਇਸ ਮੌਕੇ ਜਸਮੀਨ ਸੈਂਡਲਸ, ਜੋ ਕਿ ਸਟਾਕਟਨ ਕੈਲੀਫੋਰਨੀਆ ਦੀ ਹੀ ਗਾਇਕਾ ਹੈ, ਨੇ ਆਪਣੇ ਹੀ ਹਿਸਾਬ ਨਾਲ ਗਾਇਆ । ਉਸਨੇ ਹੋਰ ਪੰਜਾਬੀ ਗਾਇਕਾਂ ਦੇ ਗੀਤਾਂ ਦੀ ਖਿਚੜੀ ਬਣਾ ਕੇ ਗੱਲਾਂਬਾਤਾਂ ਨਾਲ ਤੇ ਸੀ ਡੀ ਲਾ ਕੇ ਲੋਕਾਂ ਨੂੰ ਪਰੋਸਿਆ। ਸਥਾਨਕ ਗਾਇਕ ਜੀਤਾ ਗਿੱਲ ਨੇ ਵੀ ਆਪਣੇ ਗੀਤਾਂ ਰਾਹੀਂ ਭਰਵੀਂ ਹਾਜਰੀ ਲੁਆਈ।

ਇਸ ਮੌਕੇ ਸੈਕਰਾਮੈਂਟੋ ਦੀ ਨਵੀਂ ਗਾਇਕਾ ਮਨਿੰਦਰ ਸੰਧੂ ਨੇ "ਤੇਰੀਆਂ ਮੁਹੱਬਤਾਂ" ਨਾਲ ਗਾਇਕੀ 'ਚ ਦਸਤੱਕ ਦਿੱਤੀ। ਇਸ ਸਮਾਗਮ ਦੀ ਸਟੇਜ ਤੇ ਇਕ ਰਾਤ ਪਹਿਲਾਂ ਰੱਖੇ ਗਏ ਡਿਨਰ ਦੀ ਸੰਚਾਲਨਾ ਆਸ਼ਾ ਸ਼ਰਮਾ ਨੇ ਇਕਸਾਰ ਨਿਭਾਈ।



ਸ਼ੋਅ ਦੇ ਮੁੱਖ ਮਹਿਮਾਨ ਸ਼ੀਨਾ ਜਿਊਲਰਜ ਦੇ ਇੰਦਰਜੀਤ ਸਿੰਘ ਸਨ। ਇਸ ਪ੍ਰੋਗਰਾਮ ਨੂੰ ਪਰਿਵਾਰਕ ਰੱਖਣ ਲਈ ਪ੍ਰਬੰਧਕਾਂ ਵੱਲੋਂ ਸਕਿਊਰਿਟੀ ਦੇ ਖ਼ਾਸ ਪ੍ਰਬੰਧ ਕੀਤੇ ਗਏ ਸਨ, ਪਰ ਸ਼ਰਾਬੀ ਬਿਰਤੀ ਵਾਲੇ ਲੋਕ ਹਰਕਤਾਂ ਤੋਂ ਫਿਰ ਵੀ ਬਾਜ ਨਹੀਂ ਆਉਂਦੇ। ਪ੍ਰੋਗਰਾਮ ਦੇ ਪ੍ਰਬੰਧਕਾਂ 'ਚ ਹਰਪਿੰਦਰ ਸਹੋਤਾ, ਸੰਜੀਵ ਮਸੀਹ, ਮਨਿੰਦਰ ਪਵਾਰ, ਜਤਿੰਦਰ ਮਾਨ, ਜੋਗੀ ਗਿੱਲ ਤੇ ਹਰਿੰਦਰ ਸਹੋਤਾ ਤੇ ਹੋਰਨਾਂ ਨੇ ਕੁਝ ਸ਼ੋਅ ਦੇ ਪਰਮੋਟਰਾਂ ਨੂੰ ਯਾਦਗਾਰੀ ਪਲੈਕਾਂ ਦੇ ਕੇ ਸਨਮਾਨਿਤ ਵੀ ਕੀਤਾ।

## ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਪੰਜਾਬੀ ਮੇਲਾ 13 ਅਗਸਤ ਦਿਨ ਐਤਵਾਰ ਨੂੰ

### *ਸ਼ੈਰੀ ਮਾਨ, ਰੁਪਿੰਦਰ ਹਾਂਡਾ ਤੇ ਜੈਸਮੀਨ ਸੈਂਡਲਜ਼ ਵਧਾਉਣਗੇ ਮੇਲੇ ਦੀ ਰੌਣਕ*

**ਯੂਨੀਅਨ ਸਿਟੀ /ਬਿਊਰੋ ਨਿਊਜ਼ :** ਪੰਜਾਬੀ ਕਲਚਰਲ ਐਸੋਸੀਏਸ਼ਨ ਫਰਿਜ਼ਨੋ (ਪੀ.ਸੀ.ਏ. ਬੇ-ਏਰੀਆ) ਵਲੋਂ ਪ੍ਰਵਾਸੀ ਪੰਜਾਬੀਆਂ ਨੂੰ ਵਿਰਸੇ ਨਾਲ ਜੋੜੀ ਰੱਖਣ ਲਈ ਦੇ ਉਪਰਾਲੇ ਤਹਿਤ 13 ਅਗਸਤ, ਐਤਵਾਰ ਨੂੰ ਸੀਜ਼ਰ ਸ਼ਾਵੇਜ਼ ਮਿਡਲ ਸਕੂਲ 2801 ਹੌਪ ਰੈਂਚ ਰੋਡ,



ਯੂਨੀਅਨ ਸਿਟੀ ਵਿਖੇ 'ਪੰਜਾਬੀ ਮੇਲਾ' ਕਰਵਾਇਆ ਜਾ ਰਿਹਾ ਹੈ। ਇਸ ਮੇਲੇ ਵਿਚ ਪੰਜਾਬ ਦੇ ਗਾਇਕ ਸ਼ੈਰੀ ਮਾਨ, ਰੁਪਿੰਦਰ ਹਾਂਡਾ, ਜੈਸਮੀਨ ਸੈਂਡਲਜ਼, ਹਰਪ੍ਰੀਤ ਧਾਮੀ, ਜਿਮੀ ਹੇਅਰ ਆਪਣੇ ਗੀਤਾਂ ਨਾਲ ਸਰੋਤਿਆਂ ਦਾ ਮਨੋਰੰਜਨ ਕਰਨਗੇ। ਮਿੱਕੀ ਸਰਾਂ, ਜਗਮੀਤ ਜੌਸਨ ਤੇ ਜਸ ਔਲਖ ਨੇ ਦੱਸਿਆ ਕਿ ਇਸ ਮੇਲੇ ਦੀ ਦਿੱਖ ਬਿਲਕੁਲ ਪੰਜਾਬ ਦੇ ਮੇਲਿਆਂ ਵਰਗੀ ਹੋਵੇਗੀ। ਬੱਚਿਆਂ ਲਈ ਖੇਡਾਂ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ ਅਤੇ ਸੁਆਣੀਆਂ ਲਈ ਖਰੀਦੋ-ਫਰੋਖਤ ਦੇ ਸਟਾਲ ਲਾਏ ਜਾਣਗੇ। ਪੰਜਾਬੀ ਪਕਵਾਨਾਂ ਦਾ ਵੀ ਸਵਾਦ ਚਖ਼ ਸਕੋਗੇ। ਇਸ ਮੌਕੇ 'ਅਜੇ ਭੰਗੜਾ ਅਕੈਡਮੀ ਸੈਨਹੋਜ਼ੇ' ਵਲੋਂ ਭੰਗੜਾ, ਗਿੱਧਾ ਦੀ ਪ੍ਰਫਾਰਮੈਂਸ ਵੀ ਦਿੱਤੀ ਜਾਵੇਗੀ।

## ਸਿਆਟਲ ਵਿਚ ਤੀਆਂ ਨੇ ਭਰੇ ਫੁਲਕਾਰੀ ਦੇ ਰੰਗ

**ਸਿਆਟਲ/ਬਿਊਰੋ ਨਿਊਜ਼ :**
ਕੈਂਟ ਦੇ ਖੁੱਲ੍ਹੇ ਮੈਦਾਨ ਵਿਲਸਨ ਪਲੇਅ ਫੀਲਡਜ਼ ਵਿਚ ਤੀਆਂ ਨੇ ਫੁਲਕਾਰੀ ਮੇਲੇ ਵਿਚ ਰੰਗ ਭਰ ਦਿੱਤੇ। ਇਸ ਮੌਕੇ 1000 ਤੋਂ ਵੱਧ ਔਰਤਾਂ ਅਤੇ ਬੱਚੀਆਂ ਨੇ ਸ਼ਮੂਲੀਅਤ ਕੀਤੀ। ਸਟੇਜ ਸੰਚਾਲਨ ਰਾਜਪ੍ਰੀਤ ਕੌਰ ਮੱਲ੍ਹੀ ਤੇ ਗੁਰਦੀਪ ਕੌਰ ਨੇ ਕੀਤਾ। ਗਿੱਧੇ-ਭੰਗੜੇ ਤੇ ਬੋਲੀਆਂ ਨੇ ਮੇਲੇ ਦਾ ਪਿੜ ਭਖਾਇਆ। ਮੇਲੇ ਨੂੰ ਰੀਐਲਟਰ ਪਰਮਜੀਤ ਸਿੰਘ ਖੈਰਾ ਵਲੋਂ ਸਪਾਂਸਰ ਕੀਤਾ ਗਿਆ। ਖਾਣ-ਪੀਣ ਤੇ ਛਬੀਲ ਦਾ ਇੰਤਜ਼ਾਮ ਕੀਤਾ ਗਿਆ। ਕੱਪੜਿਆਂ ਤੇ ਮਹਿੰਦੀ ਦੇ



ਸਟਾਲ ਵੀ ਲਗਾਏ ਗਏ। ਛੋਟੇ-ਛੋਟੇ ਬੱਚਿਆਂ ਨੇ ਭੰਗੜਾ ਪਾ ਕੇ ਸਭ ਨੂੰ ਝੂਮਣ ਲਾ ਦਿੱਤਾ। ਜਸਮੀਨ ਕੌਰ ਬੈਂਸ ਨੇ ਭੰਗੜਾ ਪਾ ਕੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। 'ਰੇਡੀਓ ਪੰਜਾਬ' ਦੀ ਮੇਜ਼ਬਾਨ ਬਲਜਿੰਦਰ ਕੌਰ (ਸਰੀ), ਕੌਂਸਲ ਮੈਂਬਰਾਂ ਤੇ ਕੈਂਟ ਪੁਲੀਸ ਦੇ ਕਮਾਂਡਰ ਨੇ ਸਮਾਰੋਹ ਵਿਚ ਸ਼ਿਰਕਤ ਕੀਤੀ। ਇਸ ਮੌਕੇ ਪ੍ਰਬੰਧਕਾਂ ਵਲੋਂ ਮੇਲੇ ਵਿਚ ਪਹੁੰਚੇ ਸਾਰੇ ਮਹਿਮਾਨਾਂ ਅਤੇ ਮੇਲੇ ਕਾਮਯਾਬ ਕਰਨ ਲਈ ਹਰ ਇਕ ਵਲੋਂ ਪਾਏ ਯੋਗਦਾਨ ਲਈ ਅਤੇ ਸਪਾਂਸਰਾਂ ਦਾ ਤਹਿਦਿਲੋਂ ਧੰਨਵਾਦ ਕੀਤਾ ਗਿਆ।

ACURA
AutoNation Acura
Stevens Creek
4747 Stevens Creek Bl.
Santa Clara, CA 95051

ਹਰ ਤਰ੍ਹਾਂ ਦੀ ਨਵੀਂ Acura RDX SUV, Acura MDX SUV, Acura TLX Sedan, Acura ILX Sedan, Acura RLX Sedan & Acura NSX Sports ਖ਼ਰੀਦਣ ਲਈ AutoNation Acura Stevens Creek 'ਤੇ ਦਰਸ਼ਨ ਦਿਓ ਜੀ, ਜੋ ਕਿ Santa Clara ਵਿੱਚ ਬਹੁਤ ਹੀ ਸੋਹਣੀ ਜਗ੍ਹਾ 'ਤੇ ਫਰੀਵੇ 280 ਅਤੇ 880 ਦੇ ਨਜ਼ਦੀਕ ਸਥਿਤ ਹੈ। ਸਾਡੇ ਕੋਲ ਹਰ ਤਰ੍ਹਾਂ ਦੀ ਕਾਰ, ਹਰ ਰੰਗ ਵਿਚ ਉਪਲਬਧ ਹੈ। ਅਸੀਂ ਹਰ ਤਰ੍ਹਾਂ ਦੀ ਕੀਮਤ ਮੈਚ ਜਾਂ ਬੀਟ ਕਰਦੇ ਹਾਂ। ਸਾਡੇ ਕੋਲੋਂ ਹਰ ਤਰ੍ਹਾਂ ਦੀ New & Used ਕਾਰ ਠੀਕ ਕੀਮਤ 'ਤੇ ਲੈ ਸਕਦੇ ਹੋ।

*ਤੁਸੀ ਜੇ ਹੁਣੇ ਹੁਣੇ ਅਮਰੀਕਾ ਆਏ ਹੋ, ਤੁਹਾਡਾ ਨਵਾਂ, ਪੁਰਾਣਾ ਜਾਂ ਬੈਡ ਕਰੈਡਿਟ ਹੈ, ਅਸੀਂ ਤੁਹਾਡੀ ਪੂਰੀ ਤਰ੍ਹਾਂ ਨਾਲ ਮਦਦ ਕਰਾਂਗੇ।*

ਵਧੀਆ ਤੋਂ ਵਧੀਆ ਡੀਲ ਲੈਣ ਲਈ ਤੁਸੀਂ ਤੁਹਾਡੇ ਆਪਣੇ ਮਿੱਤਰ ਨੂੰ ਸੰਪਰਕ ਕਰ ਸਕਦੇ ਹੋ ਜੋ ਕਿ ਪਿਛਲੇ 15 ਸਾਲਾਂ ਤੋਂ ਬੇ ਏਰੀਆਂ ਅਤੇ ਸੈਂਟਾ ਕਲਾਰਾ ਵਿੱਚ ਤੁਹਾਡੀ ਸੇਵਾ ਕਰਦਾ ਆ ਰਿਹਾ ਹੈ।



Rashpal Singh Aulakh
Sales Manager
AutoNation Acura Stevens Creek
Santa Clara, CA 95051

ਕਾਲ ਕਰੋ ਜਾਂ ਆ ਕੇ ਮਿਲੋ
Cell : 510.299.4326
Email : aulakhr1@autonation.com

Hassle Free Buying and Selling!
Real EstateWe can Help to Buy and Sell Your Home.
Statewide REALTY & MORTGAGE
BRE# 01929644
For People Who Believe In Home!!!!
Real Estate, Loans
ਸੈਕਰਾਮੈਂਟੋ ਜਾਂ ਨਾਲ ਲਗਦੇ ਏਰੀਏ ਵਿਚ ਨਵਾਂ ਜਾਂ ਪੁਰਾਣਾ ਘਰ ਖਰੀਦਣ ਜਾਂ ਵੇਚਣ ਦੇ ਲਈ ਕਾਲ ਕਰੋ। ਆਪਣੇ ਘਰ ਦੀ ਕੀਮਤ ਦੀ Free ਅਤੇ Correct ਸਲਾਹ ਲੈਣ ਲਈ ਅੱਜ ਹੀ ਕਾਲ ਕਰੋ।



*2161 SQ Feet home Natomas Sacramento*
*3 BR 2.5 bath with loft available for $389,000*



Kulwinder Kaur K.D.
Cell 916-212-0123
e-mail kdkaur9@yahoo.com

ਅੰਮ੍ਰਿਤਸਰ ਟਾਈਮਜ਼
Weekly Punjabi Newspaper

Corporate Office
4127 Bay Street, Suite 8
Fremont, CA 94538
Email: asrtimes@gmail.com

ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਜੂਨ '84 ਤੋਂ ਬਾਅਦ ਸਿੱਖਾਂ ਨਾਲ ਨਜਿੱਠਣ ਲਈ ਬਣਾਈ ਟੀਮ ਦਾ ਹਿੱਸਾ ਸੀ ਖ਼ੁਸ਼ਵੰਤ ਸਿੰਘ: ਕੈਪਟਨ ਅਮਰਿੰਦਰ ਸਿੰਘ

ਨਵੀਂ ਦਿੱਲੀ/ਸਿੱਖ ਸਿਆਸਤ ਬਿਊਰੋ:
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਹਿਮ ਖੁਲਾਸਾ ਕਰਦਿਆਂ ਕਿਹਾ ਕਿ ਮਰਹੂਮ ਲੇਖਕ ਖ਼ੁਸ਼ਵੰਤ ਸਿੰਘ ਨੇ ਜੂਨ 1984 ਦੇ ਭਾਰਤੀ ਫੌਜ ਦੇ ਦਰਬਾਰ ਸਾਹਿਬ 'ਤੇ ਹਮਲੇ ਤੋਂ ਬਾਅਦ ਪੰਜਾਬ ਅਤੇ ਨਾਲ ਲਗਦੇ ਇਲਾਕਿਆਂ 'ਚ 'ਤਣਾਅ ਘਟਾਉਣ' 'ਚ ਆਪਣੀ ਭੂਮਿਕਾ ਨਿਭਾਈ ਸੀ।

ਮੁੱਖ ਮੰਤਰੀ ਦਫਤਰ ਤੋਂ ਸੋਮਵਾਰ ਨੂੰ ਇੱਥੇ ਜਾਰੀ ਲਿਖਤੀ ਬਿਆਨ 'ਚ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਸ ਵੇਲੇ ਪੰਜਾਬ ਵਿਚ ਵਧੀ ਹੋਈ ਕੁੜੱਤਣ ਨੂੰ ਘਟਾਉਣ ਅਤੇ ਵਧਿਆ ਹੋਇਆ ਗੁੱਸਾ ਠੰਡਾ ਕਰਨ ਲਈ ਬਣਾਈ ਗਈ ਟੀਮ 'ਚ ਖ਼ੁਸ਼ਵੰਤ ਇਕ ਅਹਿਮ ਮੈਂਬਰ ਸੀ। ਅਮਰਿੰਦਰ ਸਿੰਘ ਮਰਹੂਮ ਖ਼ੁਸ਼ਵੰਤ ਸਿੰਘ 'ਤੇ ਇਕ ਨਵੀਂ ਕਿਤਾਬ ਜਾਰੀ ਹੋਣ ਮੌਕੇ ਬੋਲ ਰਹੇ ਸਨ।



ਪੰਜਾਬ ਦੇ ਮੁੱਖ ਮੰਤਰੀ ਦਾ ਇਹ ਬਿਆਨ ਇਸ ਤੱਥ ਨੂੰ ਤਸਦੀਕ ਕਰਦਾ ਹੈ ਕਿ ਭਾਰਤੀ ਸਟੇਟ ਨੇ ਜੂਨ 1984 ਦੇ ਸਿੱਖ ਕਤਲੇਆਮ ਤੋਂ ਬਾਅਦ ਸਿੱਖਾਂ ਨੂੰ ਵਿਚਾਰਧਾਰਕ ਤੌਰ 'ਤੇ ਘੇਰਨ ਲਈ ਲੇਖਕਾਂ, ਪੱਤਰਕਾਰਾਂ ਅਤੇ ਬੁੱਧੀਜੀਵੀਆਂ ਦਾ ਇਸਤੇਮਾਲ ਕੀਤਾ।

ਵਿਜੈ ਨਾਰਾਇਣ ਸ਼ੰਕਰ ਅਤੇ ਓਂਕਾਰ ਸਿੰਘ ਵਲੋਂ ਲਿਖੀ ਨਵੀਂ ਕਿਤਾਬ 'ਖ਼ੁਸ਼ਵੰਤ ਸਿੰਘ: ਇਨ ਵਿਜ਼ਡਮ ਐਂਡ ਇਨ ਜੈਸਟ' ਨੂੰ ਜਾਰੀ ਕਰਨ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਮਰਿੰਦਰ ਸਿੰਘ ਨੇ ਇਹ ਵੀ ਦੱਸਿਆ ਕਿ ਮਰਹੂਮ ਖ਼ੁਸ਼ਵੰਤ ਸਿੰਘ ਇੰਦਰਾ ਗਾਂਧੀ ਵਲੋਂ ਲਾਈ ਗਈ ਐਮਰਜੈਂਸੀ ਦੇ ਹਮਾਇਤੀ ਸਨ ਅਤੇ ਉਸਨੂੰ ਸਹੀ ਮੰਨਦੇ ਸੀ। ਖ਼ੁਸ਼ਵੰਤ ਸਿੰਘ ਵਲੋਂ ਐਮਰਜੈਂਸੀ ਦੀ ਹਮਾਇਤ ਕਰਨ 'ਤੇ ਮੀਡੀਆ ਵਲੋਂ ਪੁੱਛੇ ਗਏ ਸਵਾਲ ਦੇ ਜਵਾਬ 'ਚ ਮੁੱਖ ਮੰਤਰੀ ਨੇ ਕਿਹਾ ਕਿ ਕੋਈ ਵੀ ਉਸ ਵੇਲੇ ਵਰਤੇ ਗਏ ਤਰੀਕਿਆਂ ਬਾਰੇ ਸਹਿਮਤ ਜਾਂ ਅਸਹਿਮਤ ਹੋ ਸਕਦਾ ਹੈ ਪਰ ਮੁੱਖ ਮੁੱਦਾ ਵਧਦੀ ਆਬਾਦੀ ਨੂੰ ਕੰਟਰੋਲ ਕਰਨ ਦਾ ਸੀ।

# ਫਾਸਟਵੇਅ ਖਿਲਾਫ ਕਾਰਵਾਈ ਕਰਨ ਦੇ ਮਾਮਲੇ 'ਚ ਕੈਪਟਨ ਅਮਰਿੰਦਰ ਅਤੇ ਨਵਜੋਤ ਸਿੱਧੂ ਦੇ ਸੁਰ ਵੱਖੋ-ਵੱਖਰੇ




**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਪੰਜਾਬ ਵਿੱਚ ਕੇਬਲਨੈੱਟਵਰਕ ਦੀ ਅਜ਼ਾਰੇਦਾਰੀ ਵਾਲੀ ਕੰਪਨੀ ਫਾਸਟਵੇਅ ਖਿਲਾਫ ਕਾਰਵਾਈ ਕਰਨ ਦੇ ਮਾਮਲੇ 'ਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਦੇ ਸੁਰ ਵੱਖੋ-ਵੱਖਰੇ ਹਨ। ਸਿੱਧੂ ਵਾਰ-ਵਾਰ ਇਹ ਕਹਿ ਕੇ ਕੈਪਟਨ ਲਈ ਔਖ ਪੈਦਾ ਕਰ ਰਹੇ ਹਨ ਕਿ ਵਿਜੀਲੈਂਸ ਵਿਭਾਗ ਮੁੱਖ ਮੰਤਰੀ ਕੋਲ ਹੈ। ਇਸ ਲਈ ਕੈਪਟਨ ਹੀ ਇਸ ਦੀ ਜਾਂਚ ਦੇ ਹੁਕਮ ਕਰ ਸਕਦੇ ਹਨ। ਸੂਤਰਾਂ ਮੁਤਾਬਕ ਸਿੱਧੂ ਨੇ ਬੀਤੇ ਦਿਨ ਪੰਜਾਬ ਵਜ਼ਾਰਤ ਦੀ ਮੀਟਿੰਗ ਦੌਰਾਨ ਕੇਬਲ ਤੇ ਡਿਸ਼ 'ਤੇ ਮਨੋਰੰਜਨ ਕਰ ਲਿਆਉਣ ਲਈ ਪੇਸ਼ ਕੀਤੇ ਬਿੱਲ ਦੇ ਖਰੜੇ 'ਤੇ ਬੋਲਦਿਆਂ ਫਾਸਟਵੇਅ ਨੈੱਟਵਰਕ' ਨੂੰ ਆਪਣੇ ਨਿਸ਼ਾਨੇ 'ਤੇ ਲਿਆ। ਸਿੱਧੂ ਨੇ ਮੰਤਰੀਆਂ ਨੂੰ ਸੰਬੋਧਤ ਹੁੰਦਿਆਂ ਫਾਸਟਵੇਅ 'ਤੇ ਬਾਦਲ ਸਰਕਾਰ ਦੀ ਸਰਪ੍ਰਸਤੀ ਅਧੀਨ ਅਰਬਾਂ ਰੁਪਏ ਦੇ ਕਰ ਚੋਰੀ ਦੇ ਇਲਜ਼ਾਮ ਲਾਏ। ਉਨ੍ਹਾਂ ਉੱਤਰ ਪ੍ਰਦੇਸ਼ ਤੇ ਰਾਜਸਥਾਨ ਦੀ ਮਿਸਾਲ ਦਿੰਦਿਆਂ ਕਿਹਾ ਕਿ ਇਨ੍ਹਾਂ ਰਾਜਾਂ ਦੇ ਮੁਕਾਬਲੇ ਪੰਜਾਬ ਵਿੱਚ ਫਾਸਟਵੇਅ ਵੱਲੋਂ ਖ਼ਪਤਕਾਰਾਂ ਨੂੰ ਜ਼ਿਆਦਾ ਚੂਨਾ ਲਾਇਆ ਜਾਂਦਾ ਹੈ।

ਸਿੱਧੂ ਨੇ ਕਿਹਾ ਕਿ ਜੀਐਸਟੀ ਲਾਗੂ ਹੋਣ ਤੋਂ ਬਾਅਦ ਮਿਉਂਸਿਪਲ ਕਮੇਟੀਆਂ ਜਾਂ ਨਗਰ ਨਿਗਮ ਆਪੋ-ਆਪਣੇ ਅਧਿਕਾਰ ਖੇਤਰ ਵਿੱਚ ਮਨੋਰੰਜਨ ਕਰ ਲਾ ਸਕਦੀਆਂ ਹਨ। ਮੁੱਖ ਮੰਤਰੀ ਨੇ ਮਨੋਰੰਜਨ ਕਰ ਲਾਉਣ ਦੇ ਬਿੱਲ ਨੂੰ ਰਸਮੀ ਕਾਰਵਾਈ ਲਈ ਮੁੱਖ ਸਕੱਤਰ ਕਰਨ ਅਵਤਾਰ ਸਿੰਘ ਨੂੰ ਤਿੰਨ ਦਿਨਾਂ ਵਿੱਚ ਰਿਪੋਰਟ ਦੇਣ ਤੇ ਅਗਲੀ ਮੀਟਿੰਗ ਵਿੱਚ ਰਿਪੋਰਟ ਲਿਆਉਣ ਦੇ ਨਿਰਦੇਸ਼ ਦਿੱਤੇ। ਸੂਤਰਾਂ ਮੁਤਾਬਕ ਸਿੱਧੂ ਨੇ ਕਿਹਾ ਕਿ ਰਾਜਸਥਾਨ ਤੇ ਉੱਤਰ ਪ੍ਰਦੇਸ਼ ਵਿੱਚ ਐਮਐਸਓ ਵੱਲੋਂ ਐਲਸੀਓ (ਛੋਟੇ ਕੇਬਲ ਅਪਰੇਟਰ) ਤੋਂ ਪ੍ਰਤੀ ਕੁਨੈਕਸ਼ਨ 60 ਰੁਪਏ ਦੇ ਕਰੀਬ ਵਸੂਲੇ ਜਾਂਦੇ ਹਨ, ਜਦੋਂਕਿ ਪੰਜਾਬ ਵਿੱਚ ਕੇਬਲ

ਬਾਕੀ ਸਫ਼ਾ 31 'ਤੇ

## ਕੈਪਟਨ ਨੇ ਕਿਸਾਨ ਕਰਜ਼ਾ ਮੁਆਫ਼ੀ ਲਈ ਫੇਰ ਮੋਦੀ ਤੇ ਜੇਤਲੀ ਕੋਲ ਕੀਤੀ ਫਰਿਆਦ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਵਿੱਤੀ ਸੰਕਟਾਂ ਨਾਲ ਜੂਝ ਰਹੇ ਪੰਜਾਬ ਸੂਬੇ ਦੀਆਂ ਦਿੱਕਤਾਂ ਦੇ ਹੱਲ ਲਈ ਕੇਂਦਰ ਤੋਂ ਮਦਦ ਦੀ ਮੰਗ ਕਰਨ ਲਈ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਖਜ਼ਾਨਾ ਮੰਤਰੀ ਅਰੁਣ ਜੇਤਲੀ ਨਾਲ ਮੁਲਾਕਾਤ ਕੀਤੀ। ਕੈਪਟਨ ਨੇ ਕੇਂਦਰ ਸਰਕਾਰ ਨੂੰ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ ਐਕਟ 2003 ਵਿਚ ਢਿੱਲ ਦੇਣ ਅਤੇ ਕਰਜ਼ਾ ਹੱਦ ਵਧਾਉਣ ਦੀ ਅਪੀਲ ਕੀਤੀ, ਤਾਂ ਜੋ ਸੂਬਾ ਸਰਕਾਰ ਖੇਤੀ ਕਰਜ਼ਾ ਮੁਆਫ਼ੀ ਬਾਰੇ ਆਪਣੀ ਵਚਨਬੱਧਤਾ ਪੂਰੀ ਕਰ ਸਕੇ। ਮੁੱਖ ਮੰਤਰੀ ਨੇ ਇਸ ਸਬੰਧ ਵਿਚ 10,000 ਕਰੋੜ ਰੁਪਏ ਤੱਕ ਕਰਜ਼ਾ ਹੱਦ ਵਧਾਉਣ ਦੀ ਮੰਗ ਕੀਤੀ। ਦੱਸਣਯੋਗ ਹੈ ਕਿ ਕਿਸਾਨਾਂ ਦੇ ਕਰਜ਼ੇ ਮੁਆਫ਼ੀ ਦੇ ਵਾਅਦੇ 'ਤੇ ਸੱਤਾ ਵਿਚ ਆਈ ਕਾਂਗਰਸ ਨੂੰ ਇਸ ਚੁਣਾਵੀ ਵਾਅਦੇ ਨੂੰ ਪੂਰਾ ਕਰਨ ਵਿਚ ਖਾਸੀਆਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆ ਨਾਥ ਵੱਲੋਂ ਚੋਣਾਂ ਤੋਂ ਬਾਅਦ ਕਰਜ਼ਾ ਮੁਆਫ਼ੀ ਦਾ ਐਲਾਨ ਕਰਨ ਦੇ ਦਬਾਅ ਕਾਰਨ ਕੈਪਟਨ ਨੇ ਛੋਟੇ ਤੇ ਦਰਮਿਆਨੇ ਕਿਸਾਨਾਂ ਲਈ ਦੋ ਲੱਖ ਰੁਪਏ ਤੱਕ ਦਾ ਫ਼ਸਲੀ ਕਰਜ਼ਾ ਮੁਆਫ਼ ਕੀਤਾ, ਜਿਸ ਤੋਂ ਸਵਾ ਦਸ ਲੱਖ ਕਿਸਾਨ ਪਰਿਵਾਰਾਂ ਨੂੰ ਫਾਇਦਾ ਹੋਵੇਗਾ। ਐਲਾਨ ਨੂੰ ਹਕੀਕੀ ਰੂਪ ਵਿਚ ਲਾਗੂ ਕਰਨ ਲਈ ਸੂਬਾ ਸਰਕਾਰ ਨੂੰ 9500 ਕਰੋੜ ਰੁਪਏ ਦੀ ਲੋੜ ਹੈ, ਜਦਕਿ ਮੌਜੂਦਾ ਸਾਲਾਨਾ ਕਰਜ਼ੇ ਦੀ ਹੱਦ ਕੁੱਲ ਸੂਬਾਈ ਘਰੇਲੂ ਉਤਪਾਦ ਦੀ 3 ਫੀਸਦੀ ਹੈ, ਜੋ 12,819 ਕਰੋੜ ਬਣਦਾ ਹੈ। ਸੂਬੇ ਦੇ ਮਾਲੀਏ ਅਤੇ ਖਰਚੇ ਵਿਚ ਤਕਰੀਬਨ 10,273 ਕਰੋੜ ਦਾ ਪਾੜਾ ਰਹਿ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ ਇਹ ਵਾਰ-ਵਾਰ ਦੁਹਰਾਇਆ ਗਿਆ ਹੈ ਕਿ ਸੂਬਿਆਂ ਨੂੰ ਕਰਜ਼ਾ ਮੁਆਫ਼ੀ ਦਾ ਐਲਾਨ ਆਪਣੇ ਵਸੀਲਿਆਂ ਤੋਂ ਹੀ ਪੂਰਾ ਕਰਨਾ ਹੋਵੇਗਾ। 'ਖਾਲੀ ਖਜ਼ਾਨੇ' ਮਿਲਣ ਦਾ ਦਾਅਵਾ ਕਰਨ ਵਾਲੀ ਕਾਂਗਰਸ ਸਰਕਾਰ ਦੀ ਆਸ ਕਰਜ਼ਾ ਮੁਆਫ਼ੀ ਸਕੀਮ ਦੇ ਫੰਡਾਂ ਲਈ ਵਾਧੂ ਕਰਜ਼ੇ ਦੇ ਬਦਲ 'ਤੇ ਟਿਕੀ ਹੋਈ ਹੈ, ਪਰ ਕੇਂਦਰ ਵੱਲੋਂ ਹਾਲੇ ਵੀ ਕੋਈ ਭਰੋਸਾ ਜ਼ਾਹਰ ਨਹੀਂ ਕੀਤਾ ਗਿਆ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ

# ਚੋਣ ਰਣਨੀਤੀ : ਕੈਪਟਨ ਸਰਕਾਰ ਵਲੋਂ ਵੋਟਰਾਂ ਨੂੰ ਖ਼ੁਸ਼ ਕਰਨ ਦੀ ਕਵਾਇਦ

## • ਰੀਅਲ ਅਸਟੇਟ ਕਾਰੋਬਾਰ ਨੂੰ ਹੁਲਾਰਾ ਦੇਣ ਲਈ ਅਸ਼ਟਾਮ ਫੀਸ ਘਟਾਈ • ਨਵਜੋਤ ਸਿੱਧੂ ਦੇ ਵਿਭਾਗ ਵੱਲੋਂ ਪੇਸ਼ ਸਾਰੀਆਂ ਤਜ਼ਵੀਜ਼ਾਂ ਪ੍ਰਵਾਨ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਮੰਤਰੀ ਮੰਡਲ ਨੇ ਅਹਿਮ ਫੈਸਲੇ ਕਰਦਿਆਂ ਸੂਬੇ ਵਿੱਚ ਰੀਅਲ ਅਸਟੇਟ ਸੈਕਟਰ ਨੂੰ ਹੁਲਾਰਾ ਦੇਣ ਲਈ ਸ਼ਹਿਰੀ ਇਲਾਕਿਆਂ ਵਿੱਚ ਜਾਇਦਾਦ ਦੀ ਖ਼ਰੀਦ-ਵੇਚ ਉੱਤੇ ਅਸ਼ਟਾਮ ਫੀਸ ਨੌਂ ਤੋਂ ਘਟਾ ਕੇ ਛੇ ਫੀਸਦੀ ਕਰਨ ਨੂੰ 31 ਮਾਰਚ 2018 ਤੱਕ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਸਥਾਨਕ ਸਰਕਾਰਾਂ ਵਿਭਾਗ ਦੀਆਂ ਚੋਣਾਂ ਦੇ ਮੱਦੇਨਜ਼ਰ ਬਹੁਤੇ ਫੈਸਲੇ ਸ਼ਹਿਰੀ ਖੇਤਰਾਂ ਨਾਲ ਸਬੰਧਤ ਹੀ ਕੀਤੇ ਹਨ। ਮੰਤਰੀ ਮੰਡਲ ਨੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਦੇ ਵਿਭਾਗ ਦੀਆਂ ਲਗਭਗ ਸਾਰੀਆਂ ਤਜ਼ਵੀਜ਼ਾਂ ਪ੍ਰਵਾਨ ਕਰ ਲਈਆਂ ਹਨ। ਕਿਸਾਨ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਦੇਣ ਲਈ ਪ੍ਰਵਾਨਗੀ ਦੇ ਦਿੱਤੀ ਹੈ।
ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਦੱਸਿਆ ਕਿ ਵਜ਼ਾਰਤ ਨੇ ਰੀਅਲ ਅਸਟੇਟ ਪ੍ਰਾਜੈਕਟਾਂ ਲਈ ਪਹਿਲੀ ਅਪਰੈਲ 2017 ਤੋਂ 31 ਮਾਰਚ 2020 ਤੱਕ ਭੌਂ ਵਰਤੋਂ ਤਬਦੀਲੀ (ਸੀ.ਐਲ.ਯੂ.), ਬਾਹਰੀ ਵਿਕਾਸ ਚਾਰਜਾਂ (ਈ.ਡੀ.ਸੀ.) ਅਤੇ ਲਾਇਸੈਂਸ ਫੀਸ (ਐਲ. ਈ.) ਪਰਮਿਸ਼ਨ ਫੀਸ ਵਿੱਚ 10 ਫੀਸਦੀ ਦੇ ਵਾਧੇ ਤੋਂ ਛੋਟ ਦੇਣ ਦਾ ਵੀ ਫੈਸਲਾ ਕੀਤਾ ਹੈ। ਵਜ਼ਾਰਤ ਨੇ ਨਵੇਂ ਮੈਰਿਜ ਪੈਲੇਸਾਂ ਦੇ ਨਿਰਮਾਣ ਦੇ ਲਈ ਪ੍ਰਵਾਨਗੀ ਦੇਣ ਤੋਂ ਇਲਾਵਾ ਅਣਅਧਿਕਾਰਤ ਮੈਰਿਜ ਪੈਲੇਸਾਂ ਨੂੰ ਨਿਯਮਤ ਕਰਨ ਲਈ ਨਵੀਂ ਮੈਰਿਜ ਪੈਲੇਸ ਨੀਤੀ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਨਵੀਂ ਨੀਤੀ ਪਿਛਲੀ ਸਰਕਾਰ ਵੱਲੋਂ ਸਮੇਂ-ਸਮੇਂ ਤਿਆਰ ਕੀਤੀਆਂ ਸਾਰੀਆਂ ਮੈਰਿਜ ਪੈਲੇਸ ਨੀਤੀਆਂ ਨੂੰ ਖ਼ਤਮ ਕਰਕੇ ਉਨ੍ਹਾਂ ਦੀ ਥਾਂ ਲਵੇਗੀ। ਵਜ਼ਾਰਤ ਨੇ 'ਪੰਜਾਬ ਸ਼ਹਿਰੀ ਅਵਾਸ ਯੋਜਨਾ 2017' ਨੂੰ ਸ਼ੁਰੂ ਕਰਨ ਲਈ ਸਹਿਮਤੀ ਦੇ ਦਿੱਤੀ ਹੈ ਜਿਸ ਦੇ ਹੇਠ ਸ਼ਹਿਰੀ ਇਲਾਕਿਆਂ ਦੇ ਅਨੁਸੂਚਿਤ ਜਾਤਾਂ/ਪਛੜੀਆਂ ਸ਼੍ਰੇਣੀਆਂ ਦੇ ਬੇਘਰੇ ਯੋਗ ਲਾਭਪਾਤਰੀਆਂ ਨੂੰ ਮਕਾਨ ਮੁਹੱਈਆ ਕਰਵਾਏ ਜਾਣਗੇ। ਵਜ਼ਾਰਤ ਨੇ ਅੱਗ ਬੁਝਾਊ ਸੇਵਾਵਾਂ ਦੀ ਸਹੂਲਤ ਮੁਹੱਈਆ ਕਰਵਾਉਣ ਲਈ ਡਾਇਰੈਕਟੋਰੇਟ ਆਫ ਫਾਇਰ ਸਰਵਿਸਜ਼ ਬਣਾਉਣ ਨੂੰ ਪ੍ਰਵਾਨਗੀ ਦੇ ਦਿਤੀ ਹੈ।
ਇਸ ਤੋਂ ਖੇਤੀਬਾੜੀ ਸਿੱਖਿਆ ਨੂੰ ਹੁਲਾਰਾ ਦੇਣ ਲਈ 'ਪੰਜਾਬ ਰਾਜ ਖੇਤੀਬਾੜੀ ਸਿੱਖਿਆ ਕੌਂਸਲ' ਦੀ ਸਥਾਪਨਾ ਅਤੇ ਕਿਸਾਨੀ ਭਾਈਚਾਰੇ ਦੇ ਹਿੱਤਾਂ ਦੀ ਰੱਖਿਆ ਕਰਨ ਵਾਸਤੇ 'ਪੰਜਾਬ ਰਾਜ ਕਿਸਾਨ ਕਮਿਸ਼ਨ ਐਕਟ 2017' ਬਣਾਉਣ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਨਾਲ ਕਿਸਾਨ ਕਮਿਸ਼ਨ ਨੂੰ ਸੰਵਿਧਾਨਕ ਦਰਜਾ ਮਿਲ ਜਾਵੇਗਾ ਤੇ ਕਮਿਸ਼ਨ ਸਰਕਾਰ ਤੇ ਕਿਸਾਨਾਂ ਵਿਚਾਲੇ ਪੁਲ ਦਾ ਕੰਮ ਕਰੇਗਾ। ਪ੍ਰਸਤਾਵਤ ਕੌਂਸਲ ਦੀ ਸਥਾਪਨਾ ਲਈ ਇੱਕ ਆਰਡੀਨੈਂਸ ਲਿਆਂਦਾ ਜਾਵੇਗਾ ਜਿਸ ਦਾ ਨਾਂ 'ਪੰਜਾਬ ਸਟੇਟ ਕੌਂਸਲ ਫਾਰ ਐਗਰੀਕਲਚਰਲ ਐਜੂਕੇਸ਼ਨ ਆਰਡੀਨੈਂਸ 2017' ਹੋਵੇਗਾ। ਕਿਸਾਨ ਕਮਿਸ਼ਨ ਦਾ ਸ਼ੁਰੂ ਵਿੱਚ 25 ਕਰੋੜ ਰੁਪਏ ਦਾ ਫੰਡ ਹੋਵੇਗਾ ਅਤੇ ਸੂਬਾ ਸਰਕਾਰ ਵੱਲੋਂ ਅਗਲੇ ਪੰਜ ਸਾਲਾਂ ਲਈ ਪੰਜ ਕਰੋੜ ਰੁਪਏ ਦੀ ਗਰਾਂਟ ਦਿੱਤੀ ਜਾਵੇਗੀ।
ਸੂਬੇ ਵਿੱਚ ਪਰਾਲੀ ਅਤੇ ਨਾੜ ਨੂੰ ਸਾੜਨ ਦੀ ਵੱਡੀ ਸਮੱਸਿਆ ਦੇ ਨਾਲ ਨਿਪਟਣ ਲਈ ਇੱਕ ਪਹਿਲੀ ਕਦਮੀ ਕਰਦੇ ਹੋਏ ਮੰਤਰੀ ਮੰਡਲ ਨੇ 'ਜਲਵਾਯੂ ਚੁਣੌਤੀ ਫੰਡ' ਪੈਦਾ ਕਰਨ ਨੂੰ ਸਹਿਮਤੀ ਦੇ ਦਿੱਤੀ ਹੈ। ਵਜ਼ਾਰਤ ਨੇ ਸੰਜਾਈ ਅਤੇ ਬਿਜਲੀ ਵਿਭਾਗ ਦੇ ਸੰਜਾਈ ਵਿੰਗ ਹੇਠ 'ਡਾਇਰੈਕਟੋਰੇਟ ਆਫ ਗਰਾਊਂਡ ਵਾਟਰ ਮੈਨੇਜਮੈਂਟ' ਬਣਾਉਣ ਦਾ ਵੀ ਫੈਸਲਾ ਕੀਤਾ ਹੈ ਤਾਂ ਜੋ ਇਸ ਦੀਆਂ ਸੇਵਾਵਾਂ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੇ ਵਸੀਲਿਆਂ ਦੀ ਸੰਭਾਲ, ਵਰਤੋਂ ਅਤੇ ਪ੍ਰਬੰਧਨ ਲਈ ਪ੍ਰਾਪਤ ਕੀਤੀਆਂ ਜਾ ਸਕਣ। ਸੰਜਾਈ ਵਿਭਾਗ ਦਾ ਮੌਜੂਦਾ ਜਲ ਸਰੋਤ ਪ੍ਰਬੰਧਨ ਨਵੇਂ ਡਾਇਰੈਕਟੋਰੇਟ ਵਿੱਚ ਮਿਲਾ ਦਿੱਤਾ ਜਾਵੇਗਾ।



ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੈਬਨਿਟ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ।

ਵਜ਼ਾਰਤ ਨੇ ਸਾਰੇ ਵਿਧਾਇਕਾਂ ਅਤੇ ਸੰਸਦ ਮੈਂਬਰਾਂ, ਆਈ.ਏ.ਐਸ.ਅਤੇ ਆਈ.ਪੀ.ਐਸ. ਲਈ ਹਰੇਕ ਵਰ੍ਹੇ ਦੀ ਪਹਿਲੀ ਜਨਵਰੀ ਨੂੰ ਅਚੱਲ ਜਾਇਦਾਦ ਦਾ ਖ਼ੁਲਾਸਾ ਕਰਨ ਨੂੰ ਲਾਜ਼ਮੀ ਬਣਾਉਣ ਦਾ ਫੈਸਲਾ ਕੀਤਾ ਹੈ। ਚਾਲੂ ਸਾਲ ਦੌਰਾਨ ਇਸ ਵਿੱਚ ਥੋੜ੍ਹਾ ਜਿਹਾ ਫਰਕ ਇਹ ਹੈ ਕਿ ਇਹ ਐਲਾਨ 30 ਸਤੰਬਰ ਤੱਕ ਦਰਜ ਕਰਵਾਇਆ ਜਾਵੇਗਾ।
ਕੇਂਦਰੀ ਸ਼ਹਿਰੀ ਹਵਾਬਾਜ਼ੀ ਦੀ ਖੇਤਰੀ ਸੰਪਰਕ ਸਕੀਮ 'ਉਡਾਣ' ਤਹਿਤ ਲੁਧਿਆਣਾ, ਪਠਾਨਕੋਟ, ਬਠਿੰਡਾ ਅਤੇ ਆਦਮਪੁਰ ਤੋਂ ਹਵਾਈ ਸੰਪਰਕ ਨੂੰ ਹੁਲਾਰਾ ਦੇਣ ਲਈ ਮੰਤਰੀ ਮੰਡਲ ਨੇ ਪੰਜਾਬ ਸਰਕਾਰ, ਭਾਰਤ ਸਰਕਾਰ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਅਤੇ ਏਅਰਪੋਰਟ ਅਥਾਰਟੀ ਆਫ ਇੰਡੀਆ ਦਰਮਿਆਨ ਹੋਏ ਸਮਝੌਤੇ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਮੰਤਰੀ ਮੰਡਲ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਬਣਾਏ 'ਪੰਜਾਬ ਹੈਲਥ ਐਂਡ ਫੈਮਿਲੀ ਵੈਲਫੇਅਰ ਟੈਕਨੀਕਲ (ਗਰੁੱਪ ਏ) ਸਰਵਿਸਜ਼ ਰੂਲਜ਼ -2017' ਨੂੰ ਪ੍ਰਵਾਨਗੀ ਦੇ ਦਿੱਤੀ ਹੈ।
ਪੰਜਾਬ ਦੇ ਟੈੱਟ (TET) ਪਾਸ ਅਧਿਆਪਕਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਵਜ਼ਾਰਤ ਨੇ ਟੈੱਟ ਪਾਸ ਮਾਸਟਰ ਕਾਡਰ ਅਧਿਆਪਕਾਂ ਲਈ ਸਾਲ 2015 ਵਿੱਚ ਦਿੱਤੇ ਇਸ਼ਤਿਹਾਰ ਤਹਿਤ 6060 ਅਸਾਮੀਆਂ ਵਿੱਚੋਂ 1337 ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਵਜ਼ਾਰਤ ਨੇ ਸੁਪਰੀਮ ਕੋਰਟ ਦੇ ਫੈਸਲੇ ਦੇ ਸੰਦਰਭ ਵਿੱਚ 4183 ਅਸਾਮੀਆਂ ਦਾ ਇਸ਼ਤਿਹਾਰ ਦੇਣ ਦਾ ਸਿਧਾਂਤਕ ਫੈਸਲਾ ਲਿਆ ਹੈ। ਇਨ੍ਹਾਂ ਟੈੱਟ ਪਾਸ ਉਮੀਦਵਾਰਾਂ ਦੀ ਚਿਰੋਕਣੀ ਮੰਗ ਨੂੰ ਪ੍ਰਵਾਨ ਕਰਦਿਆਂ ਮੰਤਰੀ ਮੰਡਲ ਨੇ ਨਵੀਂ ਭਰਤੀ ਲਈ ਉਮਰ ਹੱਦ ਵਿੱਚ ਢਿੱਲ ਦਿੰਦਿਆਂ ਮੌਜੂਦਾ 37 ਸਾਲ ਤੋਂ ਵਧਾ ਕੇ 38 ਸਾਲ ਕਰਨ ਦੀ ਪ੍ਰਵਾਨਗੀ ਵੀ ਦੇ ਦਿੱਤੀ।
ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਵਜ਼ਾਰਤ ਨੇ ਫਾਸਟ ਵੇ ਕੋਲੋਂ ਟੈਕਸਾਂ ਅਤੇ ਫੀਸਾਂ ਦੀ ਵਸੂਲਣ ਲਈ ਵਜ਼ਾਰਤ ਦੀ ਅਗਲੀ ਮੀਟਿੰਗ ਵਿੱਚ ਆਰਡੀਨੈਂਸ ਲਿਆਉਣ ਨੂੰ ਪ੍ਰਵਾਨਗੀ ਦੇਣ ਦਾ ਫੈਸਲਾ ਕਰ ਦਿੱਤਾ ਹੈ। ਵਜ਼ਾਰਤ ਦੀ ਮੀਟਿੰਗ ਤੋਂ ਬਾਅਦ ਉਨ੍ਹਾਂ ਦੱਸਿਆ ਕਿ ਫਾਸਟ ਵੇ ਵੱਲ ਦੋ ਹਜ਼ਾਰ ਕਰੋੜ ਰੁਪਏ ਦੇ ਕਰੀਬ ਬਕਾਇਆ ਬਣਦਾ ਹੈ। ਇਹ ਪੈਸਾ ਬਕਾਇਦਾ ਤੌਰ ਉੱਤੇ ਵਸੂਲਿਆਂ ਜਾਵੇਗਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੇ ਵਿਭਾਗ ਵੱਲੋਂ ਕੋਈ ਨਵਾਂ ਟੈਕਸ ਨਹੀਂ ਲਾਇਆ ਜਾਵੇਗਾ ਪਰ ਬਕਾਇਆ ਟੈਕਸ ਲਾਜ਼ਮੀ ਤੌਰ ਉੱਤੇ ਵਸੂਲੇ ਜਾਣਗੇ। ਚੁੰਗੀ ਖ਼ਤਮ ਹੋਣ ਕਰਕੇ ਬਿਜਲੀ 'ਤੇ ਦਸ ਪੈਸੇ ਪ੍ਰਤੀ ਯੂਨਿਟ ਜੀਐੱਸਟੀ ਲਾਇਆ ਜਾਵੇਗਾ। ਪਹਿਲਾਂ ਇਹ ਟੈਕਸ ਚੁੰਗੀ ਰਾਹੀਂ ਲਿਆ ਜਾਂਦਾ ਸੀ।

## ਮੁੱਖ ਮੰਤਰੀ ਦੇ ਭਰੋਸੇ ਮਗਰੋਂ ਸੁਰੇਸ਼ ਕੁਮਾਰ ਮੁੜ ਕੰਮ 'ਤੇ ਪਰਤੇ

### ਕਿਹਾ-ਮੇਰੀ ਨਿਯੁਕਤੀ ਨੂੰ ਚੁਣੌਤੀ ਦੇਣ ਦੇ ਪਿਛੇ ਅਫ਼ਸਰਸ਼ਾਹੀ ਦੀ ਸਾਜ਼ਿਸ਼

**ਚੰਡੀਗੜ੍ਹ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਦਫ਼ਤਰ ਨਾਲ ਜੁੜੇ ਤਾਜ਼ਾ ਵਿਵਾਦ ਪਿੱਛੇ ਸੂਬੇ ਦੇ ਦੋ ਸੀਨੀਅਰ ਆਈਏਐਸ ਅਧਿਕਾਰੀਆਂ ਦੀ ਭੂਮਿਕਾ ਸਾਹਮਣੇ ਆਈ ਹੈ। ਸੂਤਰਾਂ ਮੁਤਾਬਕ ਇਨ੍ਹਾਂ ਦੋਹਾਂ ਅਫ਼ਸਰਾਂ ਨੇ ਹੀ ਮੁੱਖ ਮੰਤਰੀ ਦੇ ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਖ਼ਿਲਾਫ਼ ਅਦਾਲਤ ਵਿੱਚ ਜਨਹਿਤ ਪਟੀਸ਼ਨ ਦਾਇਰ ਕਰਨ ਦਾ ਮੁੱਢ ਬੰਨ੍ਹਿਆ। ਇਹ ਜਾਣਕਾਰੀ ਮੁੱਖ ਮੰਤਰੀ ਤਕ ਪਹੁੰਚਾ ਦਿੱਤੀ ਗਈ ਹੈ ਅਤੇ ਉਨ੍ਹਾਂ ਨੇ ਆਈਏਐਸ ਅਧਿਕਾਰੀਆਂ ਦੀ ਹਰਕਤ ਨੂੰ ਗੰਭੀਰਤਾ ਨਾਲ ਲਿਆ ਹੈ।
ਸਰਕਾਰ 'ਚ ਛਿੜੇ ਤਾਜ਼ਾ ਰੱਫੜ ਨੂੰ ਹੱਲ ਕਰਨ ਲਈ ਅੱਜ ਮੁੱਖ ਮੰਤਰੀ ਨੇ ਖ਼ੁਦ ਕਮਾਨ ਸੰਭਾਲੀ ਅਤੇ ਸੁਰੇਸ਼ ਕੁਮਾਰ ਨਾਲ ਮੀਟਿੰਗ ਕੀਤੀ। ਸੂਤਰਾਂ ਅਨੁਸਾਰ ਮੁੱਖ ਮੰਤਰੀ ਨੇ ਆਪਣੇ ਦਫ਼ਤਰ ਨਾਲ ਜੁੜੇ ਵਿਵਾਦ ਨੂੰ ਸ਼ਹਿ ਦੇਣ ਵਾਲੇ ਅਫ਼ਸਰਾਂ ਤੇ ਹੋਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕਰਨ ਅਤੇ ਵਰਜਣ ਦਾ ਭਰੋਸਾ ਦੇਣ ਬਾਅਦ ਮੁੱਖ ਪ੍ਰਮੁੱਖ ਸਕੱਤਰ ਨੇ ਕੰਮ ਸੰਭਾਲ ਲਿਆ ਤੇ ਉਨ੍ਹਾਂ ਮੰਤਰੀ ਮੰਡਲ ਦੀ ਮੀਟਿੰਗ ਵਿਚ ਵੀ ਸ਼ਮੂਲੀਅਤ ਕੀਤੀ। ਕੁਝ ਅਫ਼ਸਰਾਂ ਖ਼ਿਲਾਫ਼ ਕਾਰਵਾਈ ਦੇ ਵੀ ਆਸਾਰ ਹਨ। ਮੁੱਖ ਮੰਤਰੀ ਨੇ ਐਡਵੋਕੇਟ ਜਨਰਲ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਦਾਇਰ ਪਟੀਸ਼ਨ 'ਤੇ ਠੋਸ ਤਰੀਕੇ ਨਾਲ ਕਾਨੂੰਨੀ ਲੜਾਈ ਲੜਨ ਦੀ ਹਦਾਇਤ ਕੀਤੀ ਹੈ। ਇਸ ਪਟੀਸ਼ਨ ਬਾਅਦ ਪੈਦਾ ਹੋਏ ਸੰਕਟ ਨਾਲ ਸਰਕਾਰ ਦੇ ਸਿਖ਼ਰਲੇ ਦਫ਼ਤਰ ਵਿੱਚ ਧੜੇਬੰਦੀ ਜੱਗ ਜ਼ਾਹਰ ਹੋ ਗਈ ਹੈ।
ਕੈਪਟਨ ਅਮਰਿੰਦਰ ਸਿੰਘ ਨਾਲ ਸਲਾਹਕਾਰਾਂ, ਸਿਆਸੀ ਸਕੱਤਰਾਂ ਤੇ ਓਐਸਡੀਜ਼ ਦੀ ਵੱਡੀ ਫੌਜ ਤਾਇਨਾਤ ਹੈ। ਮੁੱਖ ਮੰਤਰੀ ਦਫ਼ਤਰ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਸਿਆਸੀ ਅਹੁਦੇਦਾਰਾਂ ਵੱਲੋਂ ਸਰਕਾਰੀ ਕੰਮਾਂ ਵਿਚ ਰੁਕਾਵਟਾਂ ਹੀ ਖੜ੍ਹੀਆਂ ਨਹੀਂ ਕੀਤੀਆਂ ਜਾਂਦੀਆਂ ਸਗੋਂ ਆਪੋ-ਆਪਣੇ ਏਜੰਡੇ ਨੂੰ ਅੱਗੇ ਵਧਾਉਣ ਲਈ ਵੀ ਹੱਥ ਪੈਰ ਮਾਰੇ ਜਾ ਰਹੇ ਹਨ। ਅਧਿਕਾਰੀਆਂ ਵੱਲੋਂ ਮੁੱਖ ਮੰਤਰੀ ਤਕ ਇਹ ਜਾਣਕਾਰੀ ਪਹੁੰਚਾਈ ਜਾ ਰਹੀ ਹੈ ਕਿ ਸਲਾਹਕਾਰਾਂ ਤੇ ਹੋਰ ਸਿਆਸੀ ਅਹੁਦੇਦਾਰਾਂ ਦੇ ਕੰਮ ਢੰਗ ਅਤੇ ਸੀਨੀਅਰ ਅਧਿਕਾਰੀਆਂ ਦੇ ਭ੍ਰਿਸ਼ਟਾਚਾਰ ਵਿਚ ਗਲਤਾਨ ਹੋਣ ਕਾਰਨ ਜਨਤਕ ਪੱਧਰ 'ਤੇ ਸਰਕਾਰ ਦਾ ਅਕਸ ਵਿਗੜ ਰਿਹਾ ਹੈ। ਇਸੇ ਕਾਰਨ ਕਿ ਮੁੱਖ ਮੰਤਰੀ ਦਫ਼ਤਰ ਅੰਦਰ ਟਕਰਾਅ ਦਾ ਮਾਹੌਲ ਬਣ ਗਿਆ। ਮੁੱਖ ਮੰਤਰੀ ਦਫ਼ਤਰ ਵਿਚਲੀ ਧੜੇਬੰਦੀ ਦਾ ਹੀ ਦੋ ਸੀਨੀਅਰ ਆਈਏਐਸ ਅਧਿਕਾਰੀਆਂ ਨੇ ਲਾਹਾ ਲਿਆ। ਮਹੱਤਵਪੂਰਨ ਤੱਥ ਇਹ ਹੈ ਕਿ ਮੁੱਖ ਮੰਤਰੀ ਖ਼ੁਦ ਦਫ਼ਤਰ ਵਿੱਚ ਬਹੁਤ ਹੀ ਘੱਟ ਆਉਂਦੇ ਹਨ। ਕੈਪਟਨ ਅਮਰਿੰਦਰ ਸਿੰਘ ਆਮ ਤੌਰ 'ਤੇ ਮੀਟਿੰਗ ਕਰਨ ਹੀ ਦਫ਼ਤਰ ਆਉਂਦੇ ਹਨ। ਮੁੱਖ ਪ੍ਰਮੁੱਖ ਸਕੱਤਰ ਨੇ ਗਲਤ ਕੰਮ ਕਰਾਉਣ ਵਾਲੇ ਕੁੱਝ ਸਿਆਸੀ ਅਹੁਦੇਦਾਰਾਂ ਦੀ ਪਿਛਲੇ ਦਿਨੀਂ ਝਾੜ-ਝੰਬ ਵੀ ਕੀਤੀ ਸੀ। ਸਲਾਹਕਾਰਾਂ ਤੇ ਅਫ਼ਸਰਾਂ ਦਰਮਿਆਨ ਟਕਰਾਅ ਪੈਦਾ ਹੋਣ ਦਾ ਇਕ ਕਾਰਨ ਇਹ ਵੀ ਮੰਨਿਆ ਜਾ ਰਿਹਾ ਹੈ। ਇਨ੍ਹਾਂ ਸਲਾਹਕਾਰਾਂ ਦੀ ਸੁਰੇਸ਼ ਕੁਮਾਰ ਨਾਲ ਅਮਰਿੰਦਰ ਸਿੰਘ ਦੇ ਪਿਛਲੇ ਕਾਰਜਕਾਲ (2002 ਤੋਂ 2007) ਦੌਰਾਨ ਵੀ ਖੜਕਦੀ ਰਹੀ ਹੈ। ਮੁੱਖ ਪ੍ਰਮੁੱਖ ਸਕੱਤਰ ਸੁਰੇਸ਼ ਕੁਮਾਰ ਵਿਰੁੱਧ ਦਾਇਰ ਪਟੀਸ਼ਨ ਦੇ ਮਾਮਲੇ ਵਿਚ ਸ਼੍ਰੋਮਣੀ ਅਕਾਲੀ ਦਲ ਦਾ ਨਾਂ ਆਉਣ ਬਾਅਦ ਅਕਾਲੀ ਦਲ ਦੇ ਸੀਨੀਅਰ ਆਗੂ ਵੀ ਹਰਕਤ ਵਿੱਚ ਆ ਗਏ ਹਨ। ਅਕਾਲੀ ਦਲ ਇਨ੍ਹਾਂ ਦੋਸ਼ਾਂ ਤੋਂ ਖਹਿੜਾ ਛੁਡਾਉਣ ਲਈ ਸਰਗਰਮ ਹੋ ਗਿਆ ਹੈ।

## ਵਿਧਾਇਕਾਂ ਨੇ ਧੀਆਂ-ਪੁੱਤਾਂ ਨੂੰ ਹੀ ਆਪਣਾ ਪੀ.ਏ. ਰੱਖਿਆ

**ਬਠਿੰਡਾ/ਬਿਊਰੋ ਨਿਊਜ਼ :**
ਪੰਜਾਬ ਵਿੱਚ ਕਈ ਵਿਧਾਇਕਾਂ ਨੇ ਆਪਣੇ ਧੀਆਂ-ਪੁੱਤਰਾਂ ਨੂੰ ਹੀ ਪੀ.ਏ. ਰੱਖ ਲਿਆ ਹੈ ਤੇ ਕਈਆਂ ਨੇ ਆਪਣੇ ਭਤੀਜਿਆਂ ਤੇ ਭਾਣਜਿਆਂ ਨੂੰ 'ਮੌਕਾ' ਦਿੱਤਾ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਵੀ ਇਸ ਮਾਮਲੇ ਵਿਚ ਪਿੱਛੇ ਨਹੀਂ ਹਨ।
ਅਬੋਹਰ ਤੋਂ ਭਾਜਪਾ ਵਿਧਾਇਕ ਅਰੁਣ ਨਾਰੰਗ ਨੇ ਆਪਣੇ ਪੁੱਤਰ ਕਰਨ ਨਾਰੰਗ ਨੂੰ ਆਪਣਾ ਪੀ.ਏ. ਰੱਖਿਆ ਹੈ। ਵਿਧਾਇਕ ਨਾਰੰਗ ਦਾ ਕਹਿਣਾ ਸੀ ਕਿ ਉਨ੍ਹਾਂ ਦਾ ਪੁੱਤਰ ਸ਼ੁਰੂ ਤੋਂ ਹੀ ਉਨ੍ਹਾਂ ਦਾ ਕੰਮ ਦੇਖ ਰਿਹਾ ਹੈ ਅਤੇ ਉਨ੍ਹਾਂ ਕੋਲ ਹੋਰ ਪ੍ਰਾਈਵੇਟ ਪੀ.ਏ. ਵੀ ਹੈ। ਪੰਜਾਬ ਵਿਧਾਨ ਸਭਾ ਤੋਂ ਆਰ.ਟੀ.ਆਈ. ਅਤੇ ਹੋਰਨਾਂ ਸਰੋਤਾਂ ਤੋਂ ਪ੍ਰਾਪਤ ਵੇਰਵਿਆਂ ਮੁਤਾਬਕ ਸ਼ਾਮ ਚੁਰਾਸੀ ਤੋਂ ਕਾਂਗਰਸੀ ਵਿਧਾਇਕ ਪਵਨ ਕੁਮਾਰ ਆਦੀਆ ਨੇ ਵੀ ਆਪਣੇ ਪੁੱਤਰ ਸੌਰਭ ਪਵਨ ਆਦੀਆ (30) ਨੂੰ ਹੀ ਪੀ.ਏ. ਰੱਖਿਆ ਹੈ। ਹਲਕਾ ਚੱਬੇਵਾਲ ਤੋਂ ਕਾਂਗਰਸੀ ਵਿਧਾਇਕ ਡਾ. ਰਾਜ ਕੁਮਾਰ ਨੇ ਪੀ.ਏ ਦੀ 'ਸੇਵਾ' ਆਪਣੇ ਛੋਟੇ ਭਰਾ ਜਤਿੰਦਰ ਕੁਮਾਰ ਨੂੰ ਦਿੱਤੀ ਹੈ। ਇਸ ਵਿਧਾਇਕ ਦਾ ਕਹਿਣਾ ਸੀ ਕਿ ਜਤਿੰਦਰ ਕੁਮਾਰ ਸ਼ੁਰੂ ਤੋਂ ਪਾਰਟੀ ਵਿੱਚ ਕੰਮ ਕਰ ਰਿਹਾ ਹੈ, ਜਿਸ ਕਰ ਕੇ ਪੀ.ਏ ਦਾ ਅਹੁਦਾ ਦਿੱਤਾ ਗਿਆ ਹੈ। ਹਲਕਾ ਮਹਿਲ ਕਲਾਂ ਤੋਂ 'ਆਪ' ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਹਨ। ਵਿਧਾਇਕ ਪੰਡੋਰੀ ਨੇ ਆਪਣੇ ਭਾਣਜੇ ਕੁਲਵਿੰਦਰ ਸਿੰਘ ਨੂੰ ਪੀ.ਏ. ਰੱਖ ਲਿਆ ਹੈ, ਜੋ ਕਿ ਪਿੰਡ ਚੀਮਾ ਦਾ ਵਸਨੀਕ ਹੈ। ਵਿਧਾਇਕ ਪੰਡੋਰੀ ਦਾ ਵੀ ਕਹਿਣਾ ਹੈ ਕਿ ਉਨ੍ਹਾਂ ਦਾ ਭਾਣਜਾ ਪਾਰਟੀ ਦਾ ਪੁਰਾਣਾ ਵਰਕਰ ਹੈ ਤੇ ਸ਼ੁਰੂ ਤੋਂ ਉਨ੍ਹਾਂ ਦਾ ਦਫ਼ਤਰੀ ਕੰਮ ਦੇਖਦਾ ਹੈ। ਹਲਕਾ ਅਮਰਗੜ੍ਹ ਤੋਂ ਕਾਂਗਰਸੀ ਵਿਧਾਇਕ ਸੁਰਜੀਤ ਸਿੰਘ ਧੀਮਾਨ ਨੇ ਆਪਣੇ ਭਤੀਜੇ ਜਸਵਿੰਦਰ ਸਿੰਘ ਨੂੰ ਪੀ.ਏ. ਵਜੋਂ ਆਪਣੇ ਨਾਲ ਤਾਇਨਾਤ ਕੀਤਾ ਹੈ।
ਹਲਕਾ ਬੁਢਲਾਡਾ ਤੋਂ 'ਆਪ' ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਆਪਣੀ ਮਾਸੀ ਦੇ ਪੋਤਰੇ ਕੁਲਦੀਪ ਸਿੰਘ ਨੂੰ ਆਪਣਾ ਪੀ.ਏ. ਰੱਖਿਆ ਹੈ। ਹਲਕਾ ਮੌੜ ਤੋਂ 'ਆਪ' ਵਿਧਾਇਕ ਜਗਦੇਵ ਕਮਾਲੂ ਨੇ ਆਪਣੇ ਰਿਸ਼ਤੇਦਾਰ ਰੇਸ਼ਮ ਸਿੰਘ ਰੋਮਾਣਾ (ਸੇਖਪੁਰਾ) ਨੂੰ ਆਪਣਾ ਪੀ.ਏ. ਰੱਖਿਆ ਹੈ। ਵਿਧਾਨ ਸਭਾ ਵੱਲੋਂ ਵਿਧਾਇਕ ਦੇ ਪੀ.ਏ. ਨੂੰ ਦਸ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖ਼ਾਹ ਦਿੱਤੀ ਜਾਂਦੀ ਹੈ।
ਹਲਕਾ ਭਦੌੜ ਤੋਂ 'ਆਪ' ਦੇ ਵਿਧਾਇਕ ਪਿਰਮਲ ਸਿੰਘ ਨੇ ਤਾਂ ਸਾਬਕਾ ਅਕਾਲੀ ਵਿਧਾਇਕ ਬਲਵੀਰ ਸਿੰਘ ਘੁੰਨਸ ਦੇ ਪੀ.ਏ. ਸੁਰਜੀਤ ਸਿੰਘ ਨੂੰ ਹੀ ਆਪਣਾ ਪੀ.ਏ. ਰੱਖ ਲਿਆ ਹੈ। ਪਿਰਮਲ ਸਿੰਘ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਸੁਰਜੀਤ ਸਿੰਘ ਦੀ ਇਸ ਗੱਲ ਦਾ ਪਤਾ ਨਹੀਂ ਸੀ। ਵਿਧਾਨ ਸਭਾ ਦੀ ਸਕੱਤਰ ਸ਼ਸ਼ੀ ਲਖਨਪਾਲ ਮਿਸ਼ਰਾ ਦਾ ਕਹਿਣਾ ਸੀ ਕਿ ਪੀ.ਏ. ਦੀ ਚੋਣ ਵਿਧਾਇਕਾ 'ਤੇ ਹੀ ਨਿਰਭਰ ਹੁੰਦੀ ਹੈ ਤੇ ਉਹ ਕਿਸੇ ਨੂੰ ਵੀ ਰੱਖ ਸਕਦੇ ਹਨ। ਪਿਛਲੀ ਗੱਠਜੋੜ ਸਰਕਾਰ ਸਮੇਂ ਦੋ ਮਹਿਲਾ ਵਿਧਾਇਕਾਂ ਨੇ ਆਪਣੇ ਪਤੀ ਪੀ.ਏ. ਬਣਾਏ ਹੋਏ ਸਨ।
ਸੀ.ਪੀ.ਆਈ. ਦੇ ਸਕੱਤਰ ਹਰਦੇਵ ਅਰਸ਼ੀ ਨੇ ਕਿਹਾ ਕਿ ਪੀ.ਏ. ਕੰਪਿਊਟਰ ਦਾ ਮਾਹਰ ਹੋਣਾ ਚਾਹੀਦਾ ਹੈ ਤੇ ਕਿਸੇ ਵੀ ਹਾਲ ਡੰਮੀ ਨਹੀਂ ਹੋਣਾ ਚਾਹੀਦਾ। ਪੀ.ਏ. ਸਿਰਫ਼ ਕਾਗ਼ਜ਼ਾਂ ਵਿੱਚ ਪੈਸੇ ਹਜ਼ਮ ਕਰਨ ਦਾ ਸਾਧਨ ਨਹੀਂ ਬਣਨਾ ਚਾਹੀਦਾ ਕਿਉਂਕਿ ਇਸ ਦਾ ਅਸਰ ਵਿਧਾਇਕ ਦੀ ਕਾਰਗੁਜ਼ਾਰੀ 'ਤੇ ਪੈਂਦਾ ਹੈ। ਪੀ.ਏ. ਲਈ ਦਫ਼ਤਰ ਵੀ ਲਾਜ਼ਮੀ ਹੋਣਾ ਚਾਹੀਦਾ ਹੈ।

## ਮਾਲੀ ਹਾਲਤ ਖਸਤਾ ਪਰ ਕੈਪਟਨ ਦਾ 'ਸਿਆਸੀ ਲੰਬੜਦਾਰ' ਸਰਕਾਰੀ ਰਿਹਾਇਸ਼ 'ਤੇ ਉਡਾ ਰਿਹਾ ਜਨਤਕ ਫੰਡ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਦੀ ਖਸਤਾ ਮਾਲੀ ਹਾਲਤ ਕਾਰਨ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨ ਲਈ ਜੂਝ ਰਹੇ ਹਨ ਪਰ ਇਕ ਸਿਆਸੀ ਲੰਬੜਦਾਰ (ਰਾਜਸੀ ਤੌਰ 'ਤੇ ਨਿਯੁਕਤ ਕੀਤੇ) ਨੇ ਆਪਣੀ ਸਰਕਾਰੀ ਰਿਹਾਇਸ਼ ਦੀ ਮੁਰੰਮਤ ਉਤੇ ਜਨਤਕ ਫੰਡਾਂ ਨੂੰ ਪਾਣੀ ਵਾਂਗ ਵਹਾ ਦਿੱਤਾ ਹੈ। ਇਥੇ ਸੈਕਟਰ-2 ਵਿੱਚ ਸਥਿਤ ਵੱਡੇ ਬੰਗਲੇ ਦੀ ਖਸਤਾ ਹਾਲਤ ਦਾ ਹਵਾਲਾ ਦੇ ਕੇ ਇਸ ਦੀ ਮੁਰੰਮਤ ਉਤੇ ਦੋ ਕਰੋੜ ਰੁਪਏ ਉੱਡਾ ਦਿੱਤੇ ਗਏ। ਸੂਤਰਾਂ ਮੁਤਾਬਕ ਮੁਰੰਮਤ 'ਤੇ 25 ਲੱਖ ਰੁਪਏ ਲਾਗਤ ਆਉਣ ਦਾ ਅਨੁਮਾਨ ਸੀ ਪਰ ਬਿਨਾਂ ਲੋੜੀਂਦੀ ਪ੍ਰਵਾਨਗੀ ਦੇ ਕੀਤੇ ਖ਼ਰਚ ਨੂੰ ਹੁਣ ਮਨਜ਼ੂਰ ਕਰਾਉਣ ਵਿੱਚ ਮੁਸ਼ਕਲ ਆ ਰਹੀ ਹੈ।
ਅਨੁਮਾਨ ਤੋਂ ਖ਼ਰਚ ਟੱਪਣ ਕਾਰਨ ਹੁਣ ਇਹ ਮੁੱਦਾ ਸਬੰਧਤ ਰਾਜਸੀ ਅਧਿਕਾਰੀ ਅਤੇ ਇਸ ਨੂੰ ਮਨਜ਼ੂਰੀ ਦੇਣ ਦੀ 'ਤਾਕਤ' ਰੱਖਣ ਵਾਲਿਆਂ ਦਰਮਿਆਨ ਤਣਾਅ ਦਾ ਕਾਰਨ ਬਣ ਗਿਆ ਹੈ। ਇਹ ਦੋਵੇਂ ਧਿਰਾਂ ਬਰਾਬਰ ਦੀਆਂ ਤਾਕਤਵਰ ਹਨ। ਇਸ ਮਾਮਲੇ ਨੂੰ ਵਿੱਤ ਵਿਭਾਗ ਤੇ ਮੁੱਖ ਮੰਤਰੀ ਦਫ਼ਤਰ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ। ਇਸ ਤਰ੍ਹਾਂ ਇਹ ਮਸਲਾ ਰਾਜਸੀ ਤੌਰ 'ਤੇ ਨਿਯੁਕਤ ਹੋਏ ਇਸ ਵਿਅਕਤੀ ਲਈ ਪ੍ਰੇਸ਼ਾਨੀ ਦਾ ਸਬੱਬ ਬਣ ਗਿਆ ਹੈ। ਆਰਟੀਆਈ ਕਾਰਕੁਨ ਐਚ ਸੀ ਅਰੋੜਾ ਨੇ ਕਿਹਾ ਕਿ ਪੰਜਾਬ ਦੀ ਵਿੱਤੀ ਹਾਲਤ ਦੇ ਮੱਦੇਨਜ਼ਰ ਸਰਕਾਰੀ ਅਧਿਕਾਰੀਆਂ ਅਤੇ ਰਾਜਸੀ ਤੌਰ 'ਤੇ ਨਿਯੁਕਤ ਵਿਅਕਤੀਆਂ ਨੂੰ ਲੋਕਾਂ ਦੇ ਪੈਸੇ ਨੂੰ ਹੱਥ ਘੁੱਟ ਕੇ ਖ਼ਰਚਣਾ ਚਾਹੀਦਾ ਹੈ।
ਇਕ ਸੀਨੀਅਰ ਅਧਿਕਾਰੀ ਮੁਤਾਬਕ ਮੰਤਰੀਆਂ ਅਤੇ ਰਾਜਸੀ ਤੌਰ 'ਤੇ ਨਿਯੁਕਤ ਕੀਤੇ ਵਿਅਕਤੀਆਂ ਨੂੰ ਸੈਕਟਰ-2 ਅਤੇ 39 ਵਿੱਚ ਸਰਕਾਰੀ ਮਕਾਨ ਅਲਾਟ ਕੀਤੇ ਜਾਣ ਬਾਅਦ ਪਬਲਿਕ ਵਰਕਸ ਵਿਭਾਗ ਨੂੰ ਇਨ੍ਹਾਂ ਮਕਾਨਾਂ ਦੀ ਮੁਰੰਮਤ 'ਤੇ ਘੱਟ ਤੋਂ ਘੱਟ ਖਰਚ ਕਰਨ ਲਈ ਕਿਹਾ ਗਿਆ ਸੀ। ਸੂਤਰਾਂ ਮੁਤਾਬਕ ਕੁੱਝ ਮਕਾਨਾਂ ਨੂੰ ਰੰਗ-ਰੋਗਨ ਅਤੇ ਜ਼ਰੂਰੀ ਮੁਰੰਮਤ

ਬਾਕੀ ਸਫ਼ਾ 32 'ਤੇ

# ਰੱਖੜ ਪੁੰਨਿਆ ਦੀਆਂ ਕਾਨਫਰੰਸਾਂ 'ਚ ਚੱਲੇ ਸਿਆਸੀ ਤੀਰ

## ਕਾਂਗਰਸ ਵਲੋਂ ਲੋਕ ਸਭਾ ਚੋਣਾਂ 'ਚ ਮੋਦੀ ਤੇ ਸ਼੍ਰੋਮਣੀ ਕਮੇਟੀ ਚੋਣਾਂ 'ਚ 'ਮਸੰਦਾਂ' ਨੂੰ ਬਾਹਰ ਕੱਢਣ ਦਾ ਸੱਦਾ

### ਕੈਪਟਨ ਦੀ ਗੈਰ ਹਾਜ਼ਰੀ ਵਿਚ ਸਿੱਧੂ ਨੇ ਚਲਾਈ ਚੌਧਰ



ਬਾਬਾ ਬਕਾਲਾ ਵਿੱਚ ਕਾਂਗਰਸ ਦੀ ਰੈਲੀ ਦੌਰਾਨ ਕੋਈ ਨੁਕਤਾ ਵਿਚਾਰਦੇ ਹੋਏ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ।

**ਰਈਆ/ਬਿਊਰੋ ਨਿਊਜ਼ :**
ਬਾਬਾ ਬਕਾਲਾ ਵਿਖੇ ਰੱਖੜ ਪੁੰਨਿਆ ਮੌਕੇ ਕਾਂਗਰਸ ਦੀ ਸਿਆਸੀ ਕਾਨਫਰੰਸ ਵਿੱਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜਿੱਥੇ ਗੈਰ ਹਾਜ਼ਰ ਰਹੇ, ਉੱਥੇ ਹੀ ਰੈਲੀ ਵਿੱਚ ਪੁੱਜੇ ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਬਿਕਰਮ ਮਜੀਠੀਆ ਖਿਲਾਫ ਖੁੱਲ੍ਹ ਕੇ ਭੜਾਸ ਕੱਢੀ। ਸਿਆਸੀ ਪਾਰਾ ਇੰਨਾ ਜ਼ਿਆਦਾ ਭਖਿਆ ਹੋਇਆ ਸੀ ਕਿ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਤਾਂ ਨਵਜੋਤ ਸਿੱਧੂ ਨੂੰ ਮੈਂਟਲ ਤੱਕ ਕਹਿ ਦਿੱਤਾ। ਕਾਂਗਰਸ ਪਾਰਟੀ ਵੱਲੋਂ ਰੱਖੜ ਪੁੰਨਿਆ ਮੌਕੇ ਬਾਬਾ ਬਕਾਲਾ ਸਾਹਿਬ ਵਿਖੇ ਕੀਤੀ ਕਾਨਫ਼ਰੰਸ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਪੰਜਾਬ ਕਾਂਗਰਸ ਪ੍ਰਧਾਨ ਸੁਨੀਲ ਜਾਖੜ ਸਮੇਤ ਸਿਖ਼ਰਲੀ ਲੀਡਰਸ਼ਿਪ ਨਹੀਂ ਪੁੱਜੀ। ਮੁੱਖ ਮੰਤਰੀ ਨੇ ਇਸ ਰੈਲੀ ਵਿਚ ਆਉਣਾ ਸੀ ਪਰ ਦਿੱਲੀ ਵਿਚ ਮੌਸਮ ਖ਼ਰਾਬ ਹੋਣ ਕਾਰਨ ਉਨ੍ਹਾਂ ਦਾ ਹੈਲੀਕਾਪਟਰ ਉਡਾਣ ਨਹੀਂ ਭਰ ਸਕਿਆ। ਕਾਂਗਰਸ ਦੇ ਬਹੁਤੇ ਨੇਤਾਵਾਂ ਨੇ ਲੋਕਾਂ ਨੂੰ ਆਗਾਮੀ ਲੋਕ ਸਭਾ ਚੋਣਾਂ ਵਿਚ ਨਰਿੰਦਰ ਮੋਦੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਮਸੰਦਾਂ ਨੂੰ ਬਾਹਰ ਕੱਢਣ ਦਾ ਸੱਦਾ ਦਿੱਤਾ। ਸਥਾਨਕ ਸਰਕਾਰਾਂ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਹਾ, 'ਮੈਂ ਅਕਾਲੀ ਦਲ ਦੇ ਭ੍ਰਿਸ਼ਟ ਨੇਤਾਵਾਂ ਨੂੰ ਵੱਟੋ-ਵੱਟ ਭਜਾਵਾਂਗਾ। 'ਰਾਜ ਨਹੀਂ ਸੇਵਾ' ਦਾ ਹੋਕਾ ਦੇਣ ਵਾਲੇ ਇਹ ਆਗੂ ਲੋਕਾਂ ਦੀ ਸੇਵਾ ਝੂਠੇ ਕੇਸ ਪਾ ਕੇ ਕਰਦੇ ਸਨ ਅਤੇ ਮੇਵਾ ਆਪ ਖਾਂਦੇ ਰਹੇ ਹਨ। ਜਬਰ ਵਿਰੋਧੀ ਲਹਿਰ ਦੇ ਨਾਂਅ ਹੇਠ ਰੈਲੀਆਂ ਕਰਨ ਵਾਲੇ ਅਕਾਲੀ ਨੇਤਾ ਭੁੱਲ ਗਏ ਹਨ ਕਿ ਇਨ੍ਹਾਂ ਦੇ ਰਾਜ ਵਿਚ ਲੋਕਾਂ ਨੂੰ ਡਾਂਗਾਂ ਤੇ ਗੋਲੀਆਂ ਨਾਲ ਭੁੰਨਿਆ ਗਿਆ ਅਤੇ ਕੁੜੀਆਂ ਨੂੰ ਬੇਆਬਰੂ ਕੀਤਾ ਗਿਆ।' ਅਕਾਲੀ-ਭਾਜਪਾ ਗਠਜੋੜ ਸਰਕਾਰ ਨੇ ਪੰਜਾਬ ਵਾਸੀਆਂ ਸਿਰ ਤਿੰਨ ਲੱਖ ਕਰੋੜ ਦਾ ਕਰਜ਼ਾ ਚਾੜ੍ਹ ਦਿੱਤਾ ਹੈ। ਇਨ੍ਹਾਂ ਨੇ ਲੋਕਾਂ ਕੋਲੋਂ ਟਰਾਂਸਪੋਰਟ ਅਤੇ ਕੇਬਲ ਦਾ ਕੰਮ ਖੋਹ ਲਿਆ ਅਤੇ ਰਾਜ ਦੀ ਜਨਤਕ ਟਰਾਂਸਪੋਰਟ ਨੂੰ 500 ਕਰੋੜ ਦਾ ਕਰਜ਼ਾਈ ਕਰ ਦਿੱਤਾ। ਉਨ੍ਹਾਂ ਬਾਦਲ ਪਰਿਵਾਰ ਤੇ ਖ਼ਾਸ ਕਰਕੇ ਬਿਕਰਮ ਮਜੀਠੀਆ 'ਤੇ ਨਿਸ਼ਾਨਾ ਲਾਉਂਦਿਆਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਦੋ ਦਿਨ ਲਈ ਪੁਲੀਸ ਮਹਿਕਮ ਦੇ ਦਿੱਤਾ ਜਾਵੇ ਤਾਂ ਉਹ ਮਜੀਠੀਆ ਨੂੰ ਸਬਕ ਸਿਖਾ ਦੇਣਗੇ।

ਸ੍ਰੀ ਸਿੱਧੂ ਨੇ ਸਾਬਕਾ ਵਿਧਾਇਕ ਜਸਬੀਰ ਸਿੰਘ ਡਿੰਪਾ ਦੀ ਮੰਗ 'ਤੇ ਬਾਬਾ ਬਕਾਲਾ ਸਾਹਿਬ ਨੂੰ ਨਗਰ ਪੰਚਾਇਤ ਬਣਾਉਣ ਅਤੇ ਇਥੇ ਪੋਲੀਟੈਕਨਿਕ ਕਾਲਜ ਖੋਲ੍ਹਣ ਦਾ ਮੁੱਖ ਮੰਤਰੀ ਵੱਲੋਂ ਐਲਾਨ ਕੀਤਾ। ਉਨ੍ਹਾਂ ਨੇ ਬਾਬਾ ਬਕਾਲਾ ਸਾਹਿਬ ਦੇ ਵਿਕਾਸ ਲਈ ਇੱਕ ਕਰੋੜ ਰੁਪਏ ਦੇਣ ਦਾ ਐਲਾਨ ਵੀ ਕੀਤਾ। ਪੰਚਾਇਤ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਕਿਹਾ ਕਿ ਤੁਸੀਂ ਕਾਂਗਰਸ 'ਤੇ ਭਰੋਸਾ ਕੀਤਾ ਹੈ ਅਤੇ ਤੁਹਾਨੂੰ ਨਿਰਾਸ਼ਾ ਨਹੀਂ ਹੋਵੇਗੀ। ਹਰ ਵਾਅਦਾ ਪੂਰਾ ਕੀਤਾ ਜਾਵੇਗਾ। ਇਸ ਮੌਕੇ ਵਿਧਾਇਕ ਹਰਮਿੰਦਰ ਸਿੰਘ ਗਿੱਲ, ਜਸਬੀਰ ਸਿੰਘ ਡਿੰਪਾ, ਫ਼ਤਿਹ ਜੰਗ ਸਿੰਘ ਬਾਜਵਾ, ਲੋਕ ਸਭਾ ਮੈਂਬਰ ਗੁਰਜੀਤ ਸਿੰਘ ਔਜਲਾ, ਸੁਖਵਿੰਦਰ ਸਿੰਘ ਡੈਨੀ, ਹਰਪ੍ਰਤਾਪ ਸਿੰਘ ਅਜਨਾਲਾ, ਓਮ ਪ੍ਰਕਾਸ਼ ਸੋਨੀ, ਡਾ. ਰਾਜ ਕੁਮਾਰ ਵੇਰਕਾ, ਬਲਵਿੰਦਰ ਸਿੰਘ ਲਾਡੀ, ਫ਼ਤਿਹ ਜੰਗ ਸਿੰਘ ਬਾਜਵਾ (ਸਾਰੇ ਵਿਧਾਇਕ) ਅਤੇ ਸੁਖਜਿੰਦਰ ਸਿੰਘ ਲਾਲੀ ਮਜੀਠੀਆ ਨੇ ਵੀ ਸੰਬੋਧਨ ਕੀਤਾ।

## ਸੁਖਬੀਰ ਬਾਦਲ ਬੋਲੇ-ਪਾਰਟੀ ਵਰਕਰਾਂ ਖ਼ਿਲਾਫ਼ ਦਰਜ ਝੂਠੇ ਕੇਸਾਂ ਨੂੰ ਅਦਾਲਤ ਵਿਚ ਚੁਣੌਤੀ ਦਿਆਂਗੇ

### "ਸਿਧੂ ਸਾਹਿਬ ਤਾਂ ਮੈਂਟਲ ਹੋ ਗਏ ਹਨ"



ਰੈਲੀ ਦੌਰਾਨ ਗੱਲਬਾਤ ਕਰਦੇ ਹੋਏ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਰਣਜੀਤ ਸਿੰਘ ਬ੍ਰਹਮਪੁਰਾ।

**ਬਾਬਾ ਬਕਾਲਾ/ਬਿਊਰੋ ਨਿਊਜ਼ :**
ਰੱਖੜ ਪੁੰਨਿਆ ਮੌਕੇ ਇਥੇ ਸ਼੍ਰੋਮਣੀ ਅਕਾਲੀ ਦਲ ਦੀ ਰੈਲੀ 'ਚੋਂ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਗੈਰਹਾਜ਼ਰ ਰਹੇ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਪਾਰਟੀ ਵਰਕਰਾਂ ਖ਼ਿਲਾਫ਼ ਦਰਜ ਕੀਤੇ ਜਾ ਰਹੇ ਝੂਠੇ ਕੇਸਾਂ ਨੂੰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਜਾਵੇਗੀ ਅਤੇ ਸੀਬੀਆਈ ਜਾਂਚ ਦੀ ਮੰਗ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਕਾਲੀ ਵਰਕਰਾਂ ਖ਼ਿਲਾਫ਼ ਝੂਠੇ ਕੇਸ ਦਰਜ ਕਰਨ ਵਾਲੇ ਪੁਲੀਸ ਮੁਲਾਜ਼ਮਾਂ ਤੇ ਅਧਿਕਾਰੀਆਂ ਸਮੇਤ ਝੂਠੇ ਕੇਸ ਦਰਜ ਕਰਾਉਣ ਵਾਲਿਆਂ ਨੂੰ ਵੀ ਕਾਨੂੰਨੀ ਕਟਹਿਰੇ ਵਿਚ ਖੜ੍ਹਾ ਕੀਤਾ ਜਾਵੇਗਾ। ਉਨ੍ਹਾਂ ਨੇ ਅਕਾਲੀ ਵਰਕਰਾਂ ਨੂੰ ਕਾਂਗਰਸ ਦੀਆਂ ਧੱਕੇਸ਼ਾਹੀਆਂ ਖ਼ਿਲਾਫ਼ ਡਟਣ ਦਾ ਸੱਦਾ ਦਿੱਤਾ।

ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਝੂਠੇ ਕੇਸ ਵਿਚ ਫਸਾਇਆ ਜਾਂਦਾ ਹੈ ਤਾਂ ਥਾਣੇ ਦਾ ਘਿਰਾਓ ਕੀਤਾ ਜਾਵੇ ਅਤੇ ਲੋੜ ਪੈਣ 'ਤੇ ਉਹ ਖ਼ੁਦ ਵੀ ਧਰਨਿਆਂ ਵਿਚ ਸ਼ਾਮਲ ਹੋਣਗੇ। ਸਿੱਧੂ ਵੱਲੋਂ ਮਜੀਠੀਆ ਤੇ ਬਾਦਲ ਪਰਿਵਾਰ 'ਤੇ ਲਾਏ ਇਲਜ਼ਾਮਾਂ ਬਾਰੇ ਸੁਖਬੀਰ ਬਾਦਲ ਨੇ ਕਿਹਾ ਕਿ ਸਿੱਧੂ ਸਾਹਬ ਮੈਂਟਲ ਹੋ ਗਏ ਹਨ।

ਸ੍ਰੀ ਬਾਦਲ ਨੇ ਕਿਹਾ ਕਿ ਕੈਪਟਨ ਸਰਕਾਰ ਕੇਂਦਰ 'ਤੇ ਤੋੜਾ ਝਾੜ ਕੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਤੋਂ ਭੱਜ ਰਹੀ ਹੈ। ਕਾਂਗਰਸ ਨੇ ਕਿਸਾਨਾਂ ਦਾ 90 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਨ ਦਾ ਵਾਅਦਾ ਕੀਤਾ ਸੀ ਪਰ ਇਸ ਵਾਸਤੇ ਬਜਟ ਵਿਚ ਮਹਿਜ਼ 1500 ਕਰੋੜ ਰੁਪਏ ਹੀ ਰੱਖੇ ਹਨ। ਉਨ੍ਹਾਂ ਨੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਪੁੱਛਿਆ ਕਿ ਉਹ ਅਕਾਲੀ ਸਰਕਾਰ ਵੇਲੇ ਵੀ ਚਾਰ ਸਾਲ ਵਿੱਤ ਮੰਤਰੀ ਰਹੇ ਸਨ ਅਤੇ ਉਨ੍ਹਾਂ ਨੂੰ ਸੂਬੇ ਦੀ ਵਿੱਤੀ ਹਾਲਤ ਭਲੀ ਭਾਂਤ ਪਤਾ ਸੀ ਪਰ ਫਿਰ ਵੀ ਉਨ੍ਹਾਂ ਨੇ ਕਰਜ਼ਾ ਮੁਆਫੀ ਵਾਲੇ 'ਲਾਰੇ' ਨੂੰ ਹੁੰਗਾਰਾ ਭਰਿਆ। ਇਸ ਦੇ ਸਿੱਟੇ ਵਜੋਂ ਕੈਪਟਨ ਸਰਕਾਰ ਦੇ ਡੇਢ ਸੌ ਦਿਨਾਂ ਦੇ ਕਾਰਜਕਾਲ ਦੌਰਾਨ 200 ਕਿਸਾਨ ਖ਼ੁਦਕੁਸ਼ੀ ਕਰ ਗਏ ਹਨ। ਸ੍ਰੀ ਬਾਦਲ ਨੇ ਕਿਹਾ ਕਿ ਇਸ ਵੇਲੇ ਰੇਤਾ ਪਿਛਲੀ ਸਰਕਾਰ ਨਾਲੋਂ ਛੇ ਗੁਣਾ ਵੱਧ ਕੀਮਤ 'ਤੇ ਵਿਕ ਰਿਹਾ ਹੈ। ਵਿਧਾਇਕ ਬਿਕਰਮ ਸਿੰਘ ਮਜੀਠੀਆ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਅਤੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ 'ਬੰਟੀ-ਬਬਲੀ' ਦੀ ਜੋੜੀ ਕਰਾਰ ਦਿੱਤਾ। ਸ੍ਰੀ ਸਿੱਧੂ ਦਾ ਨਾਂ ਲਏ ਬਿਨਾਂ ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਮੁੰਨੀ ਬਾਈ ਨਾਲੋਂ ਵਧੇਰੇ ਬਦਨਾਮ ਤੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ 'ਨਾ ਸਰਦਾਰ ਤੇ ਨਾ ਅਸਰਦਾਰ' ਦੱਸਣ ਵਾਲਾ ਅੱਜ ਕਾਂਗਰਸ ਵਿਚ ਬੈਠਾ ਹੈ। ਉਨ੍ਹਾਂ ਕਿਹਾ ਕਿ ਜਿਹੜਾ ਮਾਂ ਪਾਰਟੀ ਦਾ ਨਹੀਂ ਬਣਿਆ, ਉਹ ਕਾਂਗਰਸ ਦਾ ਵੀ ਨਹੀਂ ਬਣੇਗਾ। ਰੈਲੀ ਨੂੰ ਸੰਸਦ ਮੈਂਬਰ ਰਣਜੀਤ ਸਿੰਘ ਬ੍ਰਹਮਪੁਰਾ, ਵਿਰਸਾ ਸਿੰਘ ਵਲਟੋਹਾ, ਜਗੀਰ ਕੌਰ ਅਤੇ ਗੁਲਜ਼ਾਰ ਸਿੰਘ ਰਣੀਕੇ ਨੇ ਵੀ ਸੰਬੋਧਨ ਕੀਤਾ।

## ਮਾਨ ਨੇ ਕਿਹਾ-ਪੰਜਾਬੀਆਂ ਨੂੰ ਲੁੱਟਣ ਵਾਲਿਆਂ ਦੀਆਂ ਮਹਿਜ਼ ਪੱਗਾਂ ਦੇ ਹੀ ਰੰਗ ਬਦਲੇ

**ਬਾਬਾ ਬਕਾਲਾ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਤੇ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਕਿਹਾ ਕਿ ਬੱਸਾਂ ਤੇ ਰੇਤ ਦੀਆਂ ਖੱਡਾਂ ਵਿਚ ਪਹਿਲਾਂ ਵਾਲੀ ਲੁੱਟ ਜਾਰੀ ਹੈ ਅਤੇ ਲੁੱਟਣ ਵਾਲਿਆਂ ਦੀਆਂ ਮਹਿਜ਼ ਪੱਗਾਂ ਦੇ ਰੰਗ ਹੀ ਬਦਲੇ ਹਨ। ਬਾਬਾ ਬਕਾਲਾ ਸਾਹਿਬ ਵਿਚ ਰੈਲੀ ਦੌਰਾਨ ਉਨ੍ਹਾਂ ਕਿਹਾ ਕਿ ਕਾਂਗਰਸ ਦੇ ਸੱਤਾ ਵਿਚ ਆਉਣ ਬਾਅਦ ਕਿਸਾਨ ਖ਼ੁਦਕੁਸ਼ੀਆਂ ਵਿਚ ਵਾਧਾ ਹੋਇਆ ਹੈ। ਬੇਰੁਜ਼ਗਾਰ ਅਧਿਆਪਕ ਧਰਨਿਆਂ 'ਤੇ ਬੈਠੇ ਹਨ। ਪੰਦਰਾਂ ਹਜ਼ਾਰ ਦੇ ਕਰੀਬ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ ਪਰ ਪੰਜਾਬ ਸਰਕਾਰ ਟੀਈਟੀ ਪਾਸ ਅਧਿਆਪਕਾਂ ਨੂੰ ਭਰਤੀ ਕਰਨ ਦੀ ਬਜਾਏ ਟੈਂਕੀਆਂ 'ਤੇ ਚੜ੍ਹਨ ਲਈ ਮਜਬੂਰ ਕਰ ਰਹੀ ਹੈ।

ਸ੍ਰੀ ਮਾਨ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਚੋਣਾਂ ਤੋਂ ਪਹਿਲਾਂ ਦਮਦਮਾ ਸਾਹਿਬ ਵਿਖੇ ਗੁਟਕਾ ਫੜਕੇ ਸਹੁੰ ਚੁੱਕੀ ਸੀ ਕਿ ਸੱਤਾ ਵਿਚ ਆਉਣ 'ਤੇ ਇੱਕ ਮਹੀਨੇ ਅੰਦਰ ਨਸ਼ਾ ਖ਼ਤਮ ਕੀਤਾ ਜਾਵੇਗਾ ਪਰ ਪੰਜ ਮਹੀਨੇ ਬੀਤਣ ਬਾਅਦ ਵੀ ਪਿੰਡਾਂ ਵਿਚ ਨਸ਼ੇ ਵਿਕ ਰਹੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਮੁੱਖ ਮੰਤਰੀ ਬਣਨ ਬਾਅਦ ਅਜੇ ਤਕ ਸਿਰਫ਼ ਇੱਕ ਦਿਨ ਲੋਕਾਂ ਵਿੱਚ ਵਿਚਰੇ ਹਨ ਜਿਸ ਕਾਰਨ ਕਾਂਗਰਸ ਬਿਨਾਂ ਡਰਾਈਵਰ ਗੱਡੀ ਵਾਂਗ ਚੱਲ ਰਹੀ ਹੈ। ਉਨ੍ਹਾਂ ਨੇ ਬਾਦਲਾਂ ਤੇ ਕੈਪਟਨ ਅਮਰਿੰਦਰ ਦੇ ਰਲੇ ਹੋਣ ਦੇ ਦੋਸ਼ ਲਾਏ। ਉਨ੍ਹਾਂ ਨੇ ਗੁਰਦਾਸਪੁਰ ਲੋਕ ਸਭਾ ਜ਼ਿਮਨੀ ਚੋਣ ਲਈ ਮਾਝੇ ਦੇ ਲੋਕਾਂ ਨੂੰ ਹੁਣੇ ਤੋਂ ਤਿਆਰ ਰਹਿਣ ਦੀ ਅਪੀਲ ਕਰਦਿਆਂ ਕਿਹਾ ਕੇ ਇਹ ਸੀਟ ਆਮ ਆਦਮੀ ਪਾਰਟੀ ਜਿੱਤੇਗੀ।

ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਕਿਹਾ, 'ਗੁਰੂ ਤੇਗ ਬਹਾਦਰ ਸਾਹਿਬ ਨੇ ਜ਼ੁਲਮ ਤੇ ਅੱਤਿਆਚਾਰ ਦੇ ਖ਼ਾਤਮੇ ਲਈ ਸ਼ਹਾਦਤ ਦਿੱਤੀ ਸੀ ਪਰ ਅੱਜ ਉਸ ਧਰਤੀ 'ਤੇ ਸਾਡੇ ਧਰਮ ਦੇ ਠੇਕੇਦਾਰਾਂ ਵੱਲੋਂ ਲੋਕਾਂ ਨੂੰ ਜਾਤਾਂ ਤੇ ਧਰਮਾਂ ਦੇ ਆਧਾਰ 'ਤੇ ਵੰਡ ਕੇ ਲੜਾਇਆ ਜਾ ਰਿਹਾ ਹੈ। ਪੰਜਾਬ



ਆਮ ਆਦਮੀ ਪਾਰਟੀ ਦੀ ਰੈਲੀ ਦੌਰਾਨ ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਅਤੇ ਸੰਸਦ ਮੈਂਬਰ ਭਗਵੰਤ ਮਾਨ।

ਵਿੱਚ ਕਿਸਾਨਾਂ ਨੂੰ ਬਚਾਉਣ ਲਈ ਸਰਕਾਰ ਅੱਗੇ ਨਹੀਂ ਆ ਰਹੀ।' ਉਨ੍ਹਾਂ ਨੇ ਪਰਵਾਸੀ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਨੂੰ ਬਚਾਉਣ ਲਈ ਅੱਗੇ ਆਉਣ। ਉਨ੍ਹਾਂ ਸੁਖਬੀਰ ਬਾਦਲ ਦੀ ਜਬਰ ਵਿਰੋਧੀ ਲਹਿਰ ਬਾਰੇ ਕਿਹਾ ਕਿ ਬਾਦਲਾਂ ਦੇ ਰਾਜ ਵਿਚ ਉਨ੍ਹਾਂ ਵਿਰੁੱਧ 10 ਝੂਠੇ ਕੇਸ ਦਰਜ ਕੀਤੇ ਗਏ, ਜੋ ਪੰਜਾਬ ਹਰਿਆਣਾ ਹਾਈ ਕੋਰਟ ਵਿਚੋਂ ਰੱਦ ਹੋ ਚੁੱਕੇ ਹਨ। ਲੋਕ ਸਭਾ ਮੈਂਬਰ ਪ੍ਰੋ. ਸਾਧੂ ਸਿੰਘ ਨੇ ਕਿਹਾ ਕਿ ਪੰਜਾਬ ਦੇ ਮੰਤਰੀ ਸਿਰਫ਼ ਆਪਣੇ ਹਿੱਤਾਂ ਲਈ ਲੜ ਰਹੇ ਹਨ ਅਤੇ ਕੇਂਦਰ ਵਿਚ ਮੋਦੀ ਸਰਕਾਰ ਸਰਮਾਏਦਾਰਾਂ ਦੇ ਹਿੱਤਾਂ ਲਈ ਕੰਮ ਕਰ ਰਹੀ ਹੈ। ਇਸ ਮੌਕੇ ਵਿਧਾਇਕ ਨਾਜ਼ਰ ਸਿੰਘ ਮਾਨਸਾਹੀਆਂ, ਸਰਬਜੀਤ ਕੌਰ ਮਾਣੂਕੇ, ਜਗਦੇਵ ਸਿੰਘ ਕਮਾਲੂ, ਜੈ ਕ੍ਰਿਸ਼ਨ ਸਿੰਘ ਰੋੜੀ, ਮੀਤ ਹੇਅਰ, ਮਨਜੀਤ ਸਿੰਘ ਬਿਲਾਸਪੁਰ, ਪਿਰਮਲ ਸਿੰਘ ਖ਼ਾਲਸਾ (ਸਾਰੇ ਵਿਧਾਇਕ) ਤੇ ਅਮਰਪਾਲ ਸਿੰਘ ਐਡਵੋਕੇਟ ਵੀ ਹਾਜ਼ਰ ਸਨ।

## ਬਾਬਾ ਬਕਾਲਾ ਜੋੜ ਮੇਲੇ 'ਤੇ ਬਡੂੰਗਰ ਵੱਲੋਂ ਸੰਗਤ ਨੂੰ ਵਹਿਮਾਂ-ਭਰਮਾਂ ਤੋਂ ਬਚਣ ਦੀ ਅਪੀਲ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਗੁਰਦੁਆਰਾ ਪਾਤਸ਼ਾਹੀ ਨੌਵੀਂ, ਬਾਬਾ ਬਕਾਲਾ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਾਲਾਨਾ ਜੋੜ ਮੇਲ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਜੋੜ ਮੇਲ ਵਿੱਚ ਵੱਡੀ ਗਿਣਤੀ ਸੰਗਤ ਗੁਰਦੁਆਰੇ ਨਤਮਸਤਕ ਹੋਈ। ਇਸ ਸਬੰਧੀ ਸਜੇ ਦੀਵਾਨਾਂ ਵਿੱਚ ਰਾਗੀ, ਢਾਡੀ, ਕਵੀਸ਼ਰ ਜਥਿਆਂ ਅਤੇ ਕਥਾਵਾਚਕਾਂ ਨੇ ਸੰਗਤ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦਿੰਦਿਆਂ ਸੰਗਤ ਨੂੰ ਗੁਰਬਾਣੀ ਮੁਤਾਬਕ ਜ਼ਿੰਦਗੀ ਜਿਊਣ ਦੀ ਅਪੀਲ ਕੀਤੀ। ਜੋੜ ਮੇਲ ਦੇ ਦੂਜੇ ਦਿਨ ਗੁਰਦੁਆਰੇ ਵਿਖੇ ਨਤਮਸਤਕ ਹੋਣ ਪੁੱਜੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਐਲਾਨ ਕੀਤਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ, ਅੰਮ੍ਰਿਤਸਰ ਵਿਖੇ 10 ਸਤੰਬਰ ਨੂੰ ਭਾਈ ਮੱਖਣ ਸ਼ਾਹ ਲੁਬਾਣਾ ਅਤੇ ਭਾਈ ਲੱਖੀ ਸ਼ਾਹ ਵਣਜਾਰਾ ਦੀ ਯਾਦ ਵਿੱਚ ਸਮਾਗਮ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਬਾਬਾ ਬਕਾਲਾ ਦੀ ਇਤਿਹਾਸ ਵਿੱਚ ਬਹੁਤ ਮਹਾਨਤਾ ਹੈ ਕਿਉਂਕਿ ਇੱਥੇ ਗੁਰੂ ਤੇਗ ਬਹਾਦਰ ਸਾਹਿਬ ਨੇ ਲੰਮਾ ਸਮਾਂ ਬਤੀਤ ਕੀਤਾ। ਉਨ੍ਹਾਂ ਨੇ ਸੰਗਤ ਨੂੰ ਵਹਿਮਾਂ-ਭਰਮਾਂ ਤੇ ਪਾਖੰਡਵਾਦ ਤੋਂ ਬਚਣ ਦੀ ਅਪੀਲ ਕਰਦਿਆਂ ਕਿਹਾ ਕਿ ਗੁਰਬਾਣੀ ਹੀ ਸਿੱਖ ਸੰਗਤ ਦਾ ਸੱਚਾ ਮਾਰਗ ਦਰਸ਼ਨ ਕਰਦੀ ਹੈ। ਗੁਰਦੁਆਰੇ



ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੂੰ ਸਿਰੋਪਾਓ ਦਿੱਤੇ ਜਾਣ ਦਾ ਦ੍ਰਿਸ਼।

ਵਿਖੇ ਨਤਮਸਤਕ ਹੋਣ ਵੇਲੇ ਹੈੱਡ ਗ੍ਰੰਥੀ ਭਾਈ ਭੁਪਿੰਦਰ ਸਿੰਘ ਨੇ ਉਨ੍ਹਾਂ ਨੂੰ ਸਿਰੋਪਾਓ ਦਿੱਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਮਰਜੀਤ ਸਿੰਘ ਚਾਵਲਾ ਵੀ ਹਾਜ਼ਰ ਸਨ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਵੀ ਇਤਿਹਾਸਕ ਗੁਰਦੁਆਰੇ ਵਿਖੇ ਮੱਥਾ ਟੇਕਿਆ।

### ਕੇਂਦਰ ਸਰਕਾਰ ਦਾ ਵਿਰੋਧ ਕਰਨ ਦੇ ਰੌਅ ਵਿਚ ਸ਼੍ਰੋਮਣੀ ਕਮੇਟੀ

ਪਟਿਆਲਾ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਲੰਗਰ ਤੇ ਪ੍ਰਸ਼ਾਦ ਸਬੰਧੀ ਜੀ.ਐਸ.ਟੀ. ਨਾ ਹਟਾਏ ਜਾਣ ਖ਼ਿਲਾਫ਼ ਕੇਂਦਰ ਸਰਕਾਰ ਦਾ ਵੱਡੇ ਪੱਧਰ 'ਤੇ ਵਿਰੋਧ ਕਰਨ ਦੇ ਰੌਅ ਵਿੱਚ ਹੈ। ਕੇਂਦਰ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਭਾਈਵਾਲ ਭਾਜਪਾ ਦੀ ਸਰਕਾਰ ਹੋਣ ਦੇ ਬਾਵਜੂਦ ਸ਼੍ਰੋਮਣੀ ਕਮੇਟੀ ਦੀ ਕੋਈ ਪੇਸ਼ ਨਹੀਂ ਜਾ ਰਹੀ। ਕਮੇਟੀ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਜੀ.ਐਸ.ਟੀ. ਹਟਾਏ ਜਾਣ ਸਬੰਧੀ ਕੇਂਦਰ ਸਰਕਾਰ ਤੱਕ ਪਹੁੰਚ ਕੀਤੀ ਗਈ ਸੀ। ਆਸ ਸੀ ਕਿ ਜੀਐਸਟੀ ਕੌਂਸਲ ਦੀ ਮੀਟਿੰਗ ਵਿਚ ਜੀਐਸਟੀ ਹਟਾ ਲਿਆ ਜਾਵੇਗਾ ਪਰ ਗੱਲ ਕਿਸੇ ਕੰਢੇ ਨਾ ਲੱਗਣੀ ਮੰਦਭਾਗੀ ਹੈ। ਸ੍ਰੀ ਬਡੂੰਗਰ ਨੇ ਸਿੱਖ ਧਾਰਮਿਕ ਸਥਾਨਾਂ ਤੋਂ ਇਲਾਵਾ ਹੋਰ ਵੱਖ-ਵੱਖ ਧਾਰਮਿਕ ਅਸਥਾਨਾਂ ਨੂੰ ਜੀਐਸਟੀ ਤੋਂ ਮੁਕਤ ਕਰਨ ਦੀ ਮੰਗ ਦੁਹਰਾਉਂਦਿਆਂ ਕਿਹਾ ਕਿ ਜੇ ਕੇਂਦਰ ਸਰਕਾਰ ਆਪਣੇ ਰਵੱਈਏ ਵਿਚ ਕੋਈ ਤਬਦੀਲੀ ਨਾ ਲਿਆਂਦੀ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤਿੱਖੇ ਸੰਘਰਸ਼ ਦਾ ਰਾਹ ਅਖ਼ਤਿਆਰ ਕਰੇਗੀ। ਜੀਐਸਟੀ ਹਟਾਏ ਜਾਣ ਦੀ ਮੰਗ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਤਰਿੰਗ ਕਮੇਟੀ ਦੀ ਮੀਟਿੰਗ ਵਿਚ ਰੂਪ-ਰੇਖਾ ਉਲੀਕੇਗੀ। ਉਨ੍ਹਾਂ ਕਿਹਾ ਕਿ ਚੈਰੀਟੇਬਲ ਸੰਸਥਾ ਅਧੀਨ ਚੱਲ ਰਹੇ ਪਿੰਗਲਵਾੜਾ ਆਸ਼ਰਮਾਂ ਨੂੰ ਵੀ ਜੀ.ਐਸ.ਟੀ. ਦੇ ਘੇਰੇ ਤੋਂ ਬਾਹਰ ਰੱਖਣਾ ਚਾਹੀਦਾ ਹੈ।

# ਹਿੰਦ-ਪਾਕਿ ਵੰਡ ਦਾ ਦਰਦ...



**ਭਾਰਤ ਅਤੇ ਪਾਕਿਸਤਾਨ ਆਜ਼ਾਦੀ ਦੀ 70 ਵੀਂ ਵਰ੍ਹੇਗੰਢ ਮਨਾਉਣ ਦੀ ਤਿਆਰੀ ਕਰ ਰਹੇ ਹਨ। (ਪਾਕਿਸਤਾਨ ਵਿਚ 14 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਇਆ ਜਾਂਦਾ ਹੈ ਤੇ ਭਾਰਤ 15 ਅਗਸਤ ਨੂੰ ਆਜ਼ਾਦੀ ਦਿਹਾੜਾ ਮਨਾਉਂਦਾ ਹੈ।) ਇਸ ਵੰਡ ਕਾਰਨ ਜੋ ਜ਼ਖ਼ਮ ਦੋਹਾਂ ਮੁਲਕਾਂ 'ਤੇ ਲੱਗੇ, ਉਹ ਵਰ੍ਹਿਆਂ ਬਾਅਦ ਵੀ ਭਰੇ ਨਹੀਂ ਜਾ ਸਕੇ। ਇਸ ਮੌਕੇ ਭਾਰਤ ਵਿਚ ਬੀਬੀਸੀ ਦੇ ਸਾਬਕਾ ਪੱਤਰਕਾਰ ਐਂਡਰਿਊ ਵ੍ਹਾਈਟਹੇਡ ਅਤੇ ਬੀਬੀਸੀ ਦੇ ਪੱਤਰਕਾਰ ਇਸ਼ਲੀਨ ਕੌਰ ਤੇ ਸ਼ੀਰਾਜ ਵਲੋਂ ਭਾਰਤ ਦੀ ਵੰਡ ਦੀ ਵਿਰਾਸਤ ਅਤੇ ਇਸ ਦੇ ਅਸਰ ਉੱਤੇ ਆਪਣਾ ਨਜ਼ਰੀਆ ਪੇਸ਼ ਕਰ ਰਹੇ ਹਨ। ਬੀ.ਬੀ. ਸੀ. ਤੋਂ ਧੰਨਵਾਦ ਸਹਿਤ।**

# ਆਖ਼ਰੀ ਵਕਤ ਕਿਉਂ ਬਦਲੀ ਪੰਜਾਬ ਦੀ ਲਕੀਰ ?

**ਇਸ਼ਲੀਨ ਕੌਰ ਅਤੇ ਸ਼ੀਰਾਜ ਹਸਨ**
ਬੀਬੀਸੀ ਪੱਤਰਕਾਰ

ਇਹ ਕਹਾਣੀ ਹੈ 70 ਸਾਲ ਪਹਿਲਾਂ ਦੀ। ਭਾਰਤ ਦੀ ਵੰਡ ਹੋਵੇਗੀ ਅਤੇ ਇੱਕ ਨਵਾਂ ਮੁਲਕ ਪਾਕਿਸਤਾਨ ਬਣੇਗਾ, ਇਸ ਗੱਲ ਦਾ ਫ਼ੈਸਲਾ ਹੋ ਚੁੱਕਿਆ ਸੀ। ਭਾਰਤ ਦੀ ਵੰਡ ਕਿਵੇਂ ਹੋਵੇਗੀ ਭਾਵ ਕਿ ਕਿਹੜਾ ਹਿੱਸਾ ਭਾਰਤ ਵਿਚ ਰਹੇਗਾ ਅਤੇ ਕੌਣ ਪਾਕਿਸਤਾਨ ਦੇ ਹਿੱਸੇ ਵਿਚ ਆਵੇਗਾ, ਇਸ ਨੂੰ ਤੈਅ ਕਰਨ ਦੀ ਜ਼ਿੰਮੇਵਾਰੀ ਬਰਤਾਨਵੀ ਵਕੀਲ ਸਿਰਿਲ ਰੈੱਡਕਲਿਫ ਨੂੰ ਦਿੱਤੀ ਗਈ ਸੀ। ਸਿਰਿਲ ਰੈੱਡਕਲਿਫ ਅਣਵੰਡੇ ਹਿੰਦੁਸਤਾਨ ਦੇ ਨਕਸ਼ੇ ਉੱਤੇ ਪੰਜਾਬ ਦੀ ਵੰਡ ਦੀ ਲਕੀਰ ਖਿੱਚ ਚੁੱਕੇ ਸਨ। ਕੁੱਝ ਹੀ ਦਿਨਾਂ ਬਾਅਦ ਉਸ ਵੇਲੇ ਦੇ ਵਾਇਸਰਾਏ ਲਾਰਡ ਮਾਊਂਟਬੈਟਨ ਨੇ ਸਿਰਿਲ ਰੈੱਡਕਲਿਫ ਨੂੰ ਆਪਣੇ ਕੋਲ ਖਾਣ 'ਤੇ ਸੱਦਿਆ। ਖਾਣੇ ਦੀ ਮੇਜ਼ 'ਤੇ ਦੋਹਾਂ ਵਿਚਾਲੇ ਪੰਜਾਬ ਨੂੰ ਲੈ ਕੇ ਲੰਮੀ ਗੱਲਬਾਤ ਹੋਈ, ਜਿਸ ਨੇ ਪੰਜਾਬ ਦੇ ਕਈ ਜ਼ਿਲ੍ਹਿਆਂ ਦੀ ਤਕਦੀਰ ਹੀ ਬਦਲ ਦਿੱਤੀ। ਖਾਣੇ ਦੀ ਉਸ ਮੇਜ਼ ਉੱਤੇ ਜਿਨ੍ਹਾਂ ਜ਼ਿਲ੍ਹਿਆਂ ਬਾਰੇ ਫ਼ੈਸਲਾ ਕੀਤਾ ਗਿਆ, ਉਨ੍ਹਾਂ ਵਿਚ ਫ਼ਿਰੋਜ਼ਪੁਰ ਵੀ ਸੀ। ਲੰਡਨ ਸਥਿਤ ਬਰਤਾਨਵੀ ਲਾਇਬਰੇਰੀ ਵਿਚ ਮੈਨੂੰ ਸਿਰਿਲ ਰੈੱਡਕਲਿਫ ਦੇ ਨਿੱਜੀ ਸਕੱਤਰ ਕਰਿਸਟੋਫਰ ਬੋਮੌਂਟ ਦਾ 1992 ਵਿਚ 'ਦ ਟੇਲੀਗਰਾਫ' ਲਈ ਲਿਖਿਆ ਇੱਕ ਲੇਖ ਮਿਲਿਆ। ਉਸ ਵਿਚ ਉਨ੍ਹਾਂ ਨੇ ਰੈੱਡਕਲਿਫ ਅਤੇ ਮਾਊਂਟਬੈਟਨ ਦੇ ਇਸ ਲੰਚ ਦਾ ਜ਼ਿਕਰ ਕੀਤਾ ਹੈ। ਕਰਿਸਟੋਫਰ ਬੋਮੌਂਟ ਮੁਤਾਬਕ ਰੈੱਡਕਲਿਫ ਨੇ ਪੰਜਾਬ ਦੀ ਸਰਹੱਦ ਦਾ ਜੋ ਨਕਸ਼ਾ ਬਣਾਇਆ ਸੀ, ਉਸ ਵਿਚ ਫ਼ਿਰੋਜ਼ਪੁਰ ਪਾਕਿਸਤਾਨ ਨੂੰ ਦਿੱਤਾ ਗਿਆ ਸੀ। ਪਰ ਆਖ਼ਰੀ ਪਲਾਂ ਵਿਚ ਮਾਊਂਟਬੈਟਨ ਦੇ ਕਹਿਣ 'ਤੇ ਰੈੱਡਕਲਿਫ ਨੇ ਫ਼ਿਰੋਜ਼ਪੁਰ ਹਿੰਦੁਸਤਾਨ ਨੂੰ ਦੇ ਦਿੱਤਾ। ਕਰਿਸਟੋਫਰ ਬੋਮੌਂਟ ਦੇ ਬੇਟੇ ਰੌਬਰਟ ਬੋਮੌਂਟ ਨੇ ਬੀਬੀਸੀ ਨੂੰ ਦੱਸਿਆ ਕਿ ਉਨ੍ਹਾਂ ਦੇ ਪਿਤਾ ਮਾਊਂਟਬੈਟਨ ਨੂੰ ਨਫ਼ਰਤ ਕਰਦੇ ਸਨ। ਰੌਬਰਟ ਮੁਤਾਬਕ ਉਨ੍ਹਾਂ ਦੇ ਪਿਤਾ ਕਰਿਸਟੋਫਰ ਬੋਮੌਂਟ ਦਾ ਮੰਨਣਾ ਸੀ ਕਿ ਪੰਜਾਬ ਵਿਚ ਹੋਏ ਕਤਲੇਆਮ ਦੀ ਜ਼ਿੰਮੇਵਾਰੀ ਮਾਊਂਟਬੈਟਨ ਨੂੰ ਲੈਣੀ ਚਾਹੀਦੀ ਸੀ। ਉਨ੍ਹਾਂ ਦਾ ਕਹਿਣਾ ਸੀ, 'ਮੇਰੇ ਪਿਤਾ ਵੰਡ ਦੀ ਲਕੀਰ ਬਦਲਣ ਦੇ ਫ਼ੈਸਲੇ ਨਾਲ ਕਾਫ਼ੀ ਪ੍ਰੇਸ਼ਾਨ ਸਨ ਕਿਉਂਕਿ ਲਕੀਰ ਦਾ ਫ਼ੈਸਲਾ ਤਾਂ ਪਹਿਲਾਂ ਹੀ ਹੋ ਚੁੱਕਿਆ ਸੀ। ਦਸਤਾਵੇਜ਼ ਪੰਜਾਬ ਦੇ ਉਸ ਵੇਲੇ ਦੇ ਗਵਰਨਰ ਸਰ ਏਵਨ ਜੇਂਕਿੰਸ ਨੂੰ ਦੇ ਦਿੱਤੇ ਗਏ ਸਨ ਅਤੇ ਸਾਰਿਆਂ ਨੂੰ ਪਤਾ ਸੀ ਲਕੀਰ ਕਿੱਥੇ ਬਣਨ ਵਾਲੀ ਹੈ। ਉਨ੍ਹਾਂ ਨੂੰ ਇਸ ਗੱਲ ਦੀ ਹੈਰਾਨੀ ਸੀ ਕਿ ਮਾਊਂਟਬੈਟਨ ਨਹਿਰੂ ਦੇ ਦਬਾਅ ਵਿਚ ਆ ਗਏ, ਜਿਸ ਕਾਰਨ ਹਜ਼ਾਰਾਂ ਮਾਸੂਮਾਂ ਦੀਆਂ ਜਾਨਾਂ ਗਈਆਂ। ਮੇਰੇ ਪਿਤਾ ਨੂੰ ਪਤਾ ਸੀ ਕਿ ਬਟਵਾਰੇ ਦਾ ਨਤੀਜਾ ਬਹੁਤ ਭੈੜਾ ਹੋਵੇਗਾ, ਪਰ ਆਖ਼ਰੀ ਪਲ ਵਿਚ ਲਕੀਰ ਬਦਲਣ ਨਾਲ ਹਾਲਾਤ ਵੱਧ ਭੈੜੇ ਹੋ ਗਏ। ਲਕੀਰ ਵਿਚ ਇਸ ਬਦਲਾਅ ਨਾਲ ਫ਼ਿਰੋਜ਼ਪੁਰ ਵਿਚ ਰਹਿਣ ਵਾਲੇ ਹਜ਼ਾਰਾਂ ਲੋਕਾਂ ਦੀ ਜਾਨ ਦਾਅ 'ਤੇ ਲੱਗ ਗਈ।



ਇਸ ਤਰਾਸਦੀ ਨੂੰ ਨੇੜਿਓਂ ਵੇਖਣ ਵਾਲੇ ਦੋ ਵਿਅਕਤੀਆਂ ਨਾਲ ਬੀਬੀਸੀ ਨੇ ਗੱਲ ਕੀਤੀ। 100 ਵਰ੍ਹਿਆਂ ਦੀ ਮੀਨਾ ਬੀਬੀ ਵੰਡ ਤੋਂ ਪਹਿਲਾਂ ਫ਼ਿਰੋਜ਼ਪੁਰ ਵਿਚ ਰਹਿੰਦੀ ਸੀ। ਵੰਡ ਹੋਣ ਤੋਂ ਸਿਰਫ਼ ਇੱਕ ਦਿਨ ਪਹਿਲਾਂ ਉਨ੍ਹਾਂ ਨੂੰ ਪਤਾ ਚੱਲਿਆ ਕਿ ਉਨ੍ਹਾਂ ਨੂੰ ਫ਼ਿਰੋਜ਼ਪੁਰ ਛੱਡ ਕੇ ਸਰਹੱਦ ਪਾਰ ਭਾਵ ਪਾਕਿਸਤਾਨ ਜਾਣਾ ਪਵੇਗਾ। ਮੀਨਾ ਬੀਬੀ ਹੁਣ ਪਾਕਿਸਤਾਨ ਦੇ ਬੁਰੇਵਾਲਾ ਪਿੰਡ ਵਿਚ ਰਹਿੰਦੀ ਹੈ। ਵੰਡ ਦੀ ਅੱਗ ਵਿਚ ਮੀਨਾ ਬੀਬੀ ਦੇ ਪਰਿਵਾਰ ਦੇ 19 ਲੋਕ ਮਾਰੇ ਗਏ ਸਨ। 70 ਸਾਲ ਪਹਿਲਾਂ ਹੋਈ ਇਸ ਖ਼ੌਫ਼ਨਾਕ ਘਟਨਾ ਨੂੰ ਉਹ ਅੱਜ ਵੀ ਨਹੀਂ ਭੁੱਲ ਸਕੀ। ਮੀਨਾ ਬੀਬੀ ਨੇ ਆਪਣੇ ਪਤੀ ਅਤੇ ਦੋ ਬੱਚੀਆਂ ਨਾਲ ਸਰਹੱਦ ਪਾਰ ਕੀਤੀ ਅਤੇ ਨਵੇਂ ਬਣੇ ਦੇਸ਼ ਪਾਕਿਸਤਾਨ ਵਿਚ ਕਦਮ ਰੱਖਿਆ। ਉਸ ਨਾਲ ਗੱਲ ਕਰਨ 'ਤੇ ਇੰਜ ਲੱਗਦਾ ਹੈ ਜਿਵੇਂ ਕੱਲ੍ਹ ਦੀ ਹੀ ਗੱਲ ਹੋਵੇ। ਉਹ ਕਹਿੰਦੀ ਹੈ, "ਅਸੀਂ ਸਭ ਕੁੱਝ ਛੱਡ ਕੇ ਆ ਗਏ, ਬੱਸ ਆਪਣੀ ਜਾਨ ਬਚਾਈ ਅਤੇ ਆ ਗਏ। ਮੇਰੇ ਮਾਂ-ਬਾਪ ਸਾਨੂੰ ਕਸੂਰ ਵਿਚ ਮਿਲੇ ਅਤੇ ਮੇਰੇ ਪਿਤਾ ਨੇ ਸਿਰਫ਼ ਇੱਕ ਸਾਫ਼ਾ ਪਾਇਆ ਹੋਇਆ ਸੀ, ਉਨ੍ਹਾਂ ਕੋਲ ਕੁੜਤਾ ਵੀ ਨਹੀਂ ਸੀ। ਮੈਂ ਆਪਣੀ ਇੱਕ ਕੁੜਤੀ ਉਨ੍ਹਾਂ ਨੂੰ ਦਿੱਤੀ। ਮੇਰੇ ਕੋਲ ਕਪੜਿਆਂ ਦਾ ਇੱਕ ਟਰੰਕ ਸੀ। ਤੌਬਾ ਮੇਰੀ ਤੌਬਾ ਉਸ ਵਿਚੋਂ ਮੈਂ ਕਿਸੇ ਨੂੰ ਸਲਵਾਰ ਦਿੱਤੀ, ਕਿਸੇ ਨੂੰ ਕੁੜਤੀ ਦਿੱਤੀ।"



ਉਧਰ ਬੁਰੇਵਾਲਾ ਤੋਂ ਲਗਭਗ 200 ਕਿੱਲੋਮੀਟਰ ਦੂਰ ਸਰਹੱਦ ਦੇ ਦੂਜੇ ਪਾਸੇ ਭਾਵ ਮੌਜੂਦਾ ਹਿੰਦੁਸਤਾਨ ਵਿਚ ਰਾਮ ਪਾਲ ਸ਼ੋਰੀ ਪਿਛਲੇ 84 ਸਾਲਾਂ ਤੋਂ ਫ਼ਿਰੋਜ਼ਪੁਰ ਵਿਚ ਰਹਿ ਰਹੇ ਹਨ। ਬਟਵਾਰੇ ਸਮੇਂ ਸ਼ੋਰੀ ਕਰੀਬ 13-14 ਸਾਲ ਦੇ ਸਨ। ਹਿੰਦੂ ਹੋਣ ਕਾਰਨ ਉਨ੍ਹਾਂ ਨੂੰ ਆਪਣਾ ਮੁਲਕ ਹਿੰਦੁਸਤਾਨ ਤਾਂ ਨਹੀਂ ਛੱਡਣਾ ਪਿਆ ਪਰ ਆਪਣੀਆਂ ਨੂੰ ਗੁਆਚਣ ਦਾ ਗ਼ਮ ਉਨ੍ਹਾਂ ਨੂੰ ਅੱਜ ਵੀ ਹੈ। ਸ਼ੋਰੀ ਦੱਸਦੇ ਹਨ ਕਿ ਉਨ੍ਹਾਂ ਨੂੰ ਅੱਜ ਵੀ ਨਹੀਂ ਪਤਾ ਕਿ ਉਨ੍ਹਾਂ ਦੇ ਕਈ ਦੋਸਤਾਂ ਦਾ ਕੀ ਹੋਇਆ। ਉਸ ਵੇਲੇ ਦੇ ਆਪਣੇ ਇੱਕ ਦੋਸਤ ਦਾ ਉਹ ਖ਼ਾਸ ਜ਼ਿਕਰ ਕਰਦੇ ਹਨ। ਸ਼ੋਰੀ ਮੁਤਾਬਕ ਉਨ੍ਹਾਂ ਦੇ ਇੱਕ ਅਧਿਆਪਕ ਮੁਸਲਮਾਨ ਸਨ। ਉਨ੍ਹਾਂ ਦਾ ਨਾਮ ਅਬਦੁਲ ਮਜੀਦ ਸੀ। ਸ਼ੋਰੀ ਅਨੁਸਾਰ ਅਬਦੁਲ ਮਜੀਦ ਆਪਣਾ ਭੇਸ ਬਦਲ ਕੇ ਪਾਕਿਸਤਾਨ ਪੁੱਜੇ ਸਨ। ਆਪਣੇ ਖ਼ਾਸ ਦੋਸਤ ਦਾ ਜ਼ਿਕਰ ਕਰਦੇ ਹੋਏ ਸ਼ੋਰੀ ਕਹਿੰਦੇ ਹਨ, ਉਹ ਲੁਕ-ਲੁਕਾ ਕੇ ਭੇਸ ਬਦਲ ਕੇ ਨਿਕਲੇ। ਉਹ ਹਿੰਦੂਆਂ ਦੀ ਤਰ੍ਹਾਂ ਜਨੇਊ ਅਤੇ ਟੋਪੀ ਪਾ ਲੈਂਦੇ ਸਨ। ਉਹ ਭੇਸ ਬਦਲ ਕੇ ਹਿੰਦੁਸਤਾਨ ਤੋਂ ਨਿਕਲੇ। ਕਿਸੇ ਨੇ ਸਾਨੂੰ ਬਾਅਦ ਵਿਚ ਦੱਸਿਆ ਕਿ ਉਨ੍ਹਾਂ ਨੇ ਆਪਣੀ ਮੁੱਛ ਵੀ ਕਟਵਾ ਲਈ ਸੀ ਤਾਂ ਕਿ ਉਨ੍ਹਾਂ ਨੂੰ ਕੋਈ ਪਹਿਚਾਣ ਨਾ ਸਕੇ। ਮੀਨਾ ਬੀਬੀ ਦੀ ਤਰ੍ਹਾਂ ਸ਼ੋਰੀ ਵੀ ਉਹ ਮੰਜਰ ਨਹੀਂ ਭੁੱਲ ਸਕੇ ਜੋ ਉਨ੍ਹਾਂ ਨੇ ਅੱਜ ਤੋਂ 70 ਸਾਲ ਪਹਿਲਾਂ ਆਪਣੇ ਬਚਪਨ ਵਿਚ ਵੇਖੇ ਸਨ। ਉਨ੍ਹਾਂ ਸਾਨੂੰ ਦੱਸਿਆ ਕਿ ਲਾਹੌਰ ਤੋਂ ਜਦੋਂ ਗੱਡੀਆਂ ਆਉਂਦੀਆਂ ਸਨ ਤਾਂ ਉਸ 'ਤੇ ਜ਼ਖ਼ਮੀ ਲੋਕ ਲੱਦੇ ਹੋਏ ਆਉਂਦੇ ਸਨ। ਉਨ੍ਹਾਂ ਦਿਨਾਂ ਨੂੰ ਯਾਦ ਕਰਦੇ ਹੋਏ ਉਹ ਕਹਿੰਦੇ ਹੈ, 'ਕਿਸੇ ਦੀ ਬਾਂਹ ਕੱਟੀ ਹੁੰਦੀ ਤਾਂ ਕਿਸੇ ਦੇ ਸਿਰ ਉੱਤੇ ਸੱਟ। ਹਾਲਾਤ ਬਹੁਤ ਵਿਗੜ ਚੁੱਕੇ ਸਨ। ਅਜਿਹਾ ਹਾਲ ਸੀ ਜਿਵੇਂ ਲੋਕ ਇਨਸਾਨੀਅਤ ਤੋਂ ਬਹੁਤ ਹੇਠਾਂ ਡਿਗ ਗਏ ਹੋਣ। ਸਿਰਿਲ ਰੈੱਡਕਲਿਫ ਅਤੇ ਮਾਊਂਟਬੈਟਨ ਦੇ ਇੱਕ ਛੋਟੇ ਜਿਹੇ ਫ਼ੈਸਲੇ ਨੇ ਸਿਰਫ਼ ਮੀਨਾ ਬੀਬੀ ਅਤੇ ਸ਼ੋਰੀ ਦੀ ਹੀ ਨਹੀਂ ਸਗੋਂ ਅਜਿਹੀਆਂ ਹਜ਼ਾਰਾਂ ਜ਼ਿੰਦਗੀਆਂ ਬਦਲ ਦਿੱਤੀਆਂ ਅਤੇ ਉਸ ਦੇ ਜ਼ਖ਼ਮ 70 ਸਾਲ ਬਾਅਦ ਵੀ ਤਾਜ਼ਾ ਹਨ।

## ਭਾਰਤ ਲਈ ਬਟਵਾਰਾ ਆਜ਼ਾਦੀ ਦੀ ਕੀਮਤ ਸੀ...

**ਉਰਵਸ਼ੀ ਬੁਟਾਲੀਆ**



ਅੰਮ੍ਰਿਤਾ ਪ੍ਰੀਤਮ ਅਤੇ ਕ੍ਰਿਸ਼ਨਾ ਸੋਬਤੀ

ਮਸ਼ਹੂਰ ਲੇਖਿਕਾ ਕ੍ਰਿਸ਼ਨਾ ਸੋਬਤੀ ਨੇ ਕਿਹਾ ਸੀ ਕਿ ਭਾਰਤ-ਪਾਕਿਸਤਾਨ ਦੇ ਬਟਵਾਰੇ ਨੂੰ ਭੁੱਲਣਾ ਮੁਸ਼ਕਲ ਹੈ ਤੇ ਯਾਦ ਰੱਖਣਾ ਖ਼ਤਰਨਾਕ। ਉਨ੍ਹਾਂ ਦੇ ਹੀ ਦੌਰ ਦੀ ਲੇਖਿਕਾ ਅੰਮ੍ਰਿਤਾ ਪ੍ਰੀਤਮ ਨੇ ਬਟਵਾਰੇ ਨੂੰ ਲੈ ਕੇ ਆਪਣਾ ਦਰਦ ਨਜ਼ਮ ਰਾਹੀਂ ਬਿਆਨ ਕੀਤਾ ਸੀ। ਇਸ ਨਜ਼ਮ ਵਿਚ ਉਨ੍ਹਾਂ ਨੇ ਪੰਜਾਬ ਦੇ ਮਹਾਨ ਕਵੀ ਵਾਰਿਸ ਸ਼ਾਹ ਨੂੰ ਆਵਾਜ਼ ਦੇ ਕੇ ਆਪਣੀਆਂ ਤਕਲੀਫ਼ਾਂ ਬਿਆਨ ਕੀਤੀਆਂ ਸਨ। ਅੰਮ੍ਰਿਤਾ ਪ੍ਰੀਤਮ ਨੇ ਪੰਜਾਬੀ ਵਿਚ ਇਹ ਨਜ਼ਮ ਲਿਖੀ ਸੀ-

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ-ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ ਲਿਖ ਮਾਰੇ ਵੈਣ
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ
ਉਠ ਦਰਦਮੰਦਾਂ ਦਿਆ ਦਰਦਦੀਆ!
ਉਠ ਤੱਕ ਆਪਣਾ ਪੰਜਾਬ
ਅੱਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ
ਕਿਸੇ ਨੇ ਪੰਜਾਂ ਪਾਣੀਆਂ ਵਿੱਚ ਦਿੱਤੀ ਜ਼ਹਿਰ ਰਲਾ
ਤੇ ਉਨ੍ਹਾਂ ਪਾਣੀਆਂ ਧਰਤ ਨੂੰ ਦਿੱਤਾ ਪਾਣੀ ਲਾ
ਇਸ ਜ਼ਰਖੇਜ਼ ਜ਼ਮੀਨ ਦੇ ਲੂੰ ਲੂੰ ਫੁਟਿਆ ਜ਼ਹਿਰ
ਗਿਠ ਗਿਠ ਚੜ੍ਹੀਆਂ ਲਾਲੀਆਂ ਫੁੱਟ ਫੁੱਟ ਚੜ੍ਹਿਆ ਕਹਿਰ
ਵਿਹੁ ਵਲਿੱਸੀ ਵਾ ਫਿਰ ਵਣ ਵਣ ਵੱਗੀ ਜਾ
ਉਹਨੇ ਹਰ ਇਕ ਵਾਂਸ ਦੀ ਵੰਝਲੀ ਦਿੱਤੀ ਨਾਗ ਬਣਾ
ਪਹਿਲਾ ਡੰਗ ਮਦਾਰੀਆਂ ਮੰਤ੍ਰ ਗਏ ਗੁਆਚ
ਦੂਜੇ ਡੰਗ ਦੀ ਲੱਗ ਗਈ ਜਣੇ ਖਣੇ ਨੂੰ ਲਾਗ
ਲਾਗਾਂ ਕੀਲੇ ਲੋਕ ਮੂੰਹ ਬੱਸ ਫਿਰ ਡੰਗ ਹੀ ਡੰਗ
ਪਲੋ ਪਲੀ ਪੰਜਾਬ ਦੇ ਨੀਲੇ ਪੈ ਗਏ ਅੰਗ!
ਗਲਿਓਂ ਟੁੱਟੇ ਗੀਤ ਫਿਰ ਤ੍ਰਕਲਿਓਂ ਟੁੱਟੀ ਤੰਦ
ਤ੍ਰਿੰਜਣੋਂ ਟੁੱਟੀਆਂ ਸਹੇਲੀਆਂ ਚਰੱਖੜੇ ਘੂਕਰ ਬੰਦ
ਸਣੇ ਸੇਜ਼ ਦੇ ਬੇੜੀਆਂ ਲੁੱਡਣ ਦਿੱਤੀਆਂ ਰੋੜ੍ਹ
ਸਣੇ ਡਾਲੀਆਂ ਪੀਂਘ ਅੱਜ ਪਿੱਪਲਾਂ ਦਿੱਤੀ ਤੋੜ
ਜਿਥੇ ਵਜਦੀ ਸੀ ਫੂਕ ਪਿਆਰ ਦੀ ਵੇ ਉਹ ਵੰਝਲੀ ਗਈ ਗੁਆਚ
ਰਾਂਝੇ ਦੇ ਸਭ ਵੀਰ ਅੱਜ ਭੁੱਲ ਗਏ ਉਸ ਦੀ ਜਾਚ!
ਧਰਤੀ 'ਤੇ ਲਹੂ ਵੱਸਿਆ ਕਬਰਾਂ ਪਈਆਂ ਚੋਣ
ਪ੍ਰੀਤ ਦੀਆਂ ਸ਼ਹਿਜਾਦੀਆਂ ਅੱਜ ਵਿੱਚ ਮਜ਼ਾਰਾਂ ਰੋਣ!
ਅੱਜ ਸੱਭੇ ਕੈਦੋਂ ਬਣ ਗਏ, ਹੁਸਨ ਇਸ਼ਕ ਦੇ ਚੋਰ
ਅੱਜ ਕਿਥੋਂ ਲਿਆਈਏ ਲੱਭ ਕੇ ਵਾਰਿਸ ਸ਼ਾਹ ਇਕ ਹੋਰ!
ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੋਂ ਕਬਰਾਂ ਵਿਚੋਂ ਬੋਲ!
ਤੇ ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ!

**ਹਾਲੇ ਤਕ ਨਹੀਂ ਭਰੇ ਗਏ ਜ਼ਖ਼ਮ :**

ਦੋਹਾਂ ਹੀ ਲੇਖਿਕਾਵਾਂ ਨੇ ਆਪਣੇ ਆਪਣੇ ਤਰੀਕੇ ਨਾਲ

**ਬਾਕੀ ਸਫ਼ਾ 32 'ਤੇ**

# 70 ਸਾਲ ਬਾਅਦ ਵੀ ਉਹ ਦਰਦ ਜ਼ਿੰਦਾ ਹੈ...

**ਐਂਡਰਿਊ ਵ੍ਹਾਈਟਹੇਡ**
ਸਾਬਕਾ ਬੀਬੀਸੀ ਪੱਤਰਕਾਰ



ਹਾਲ ਹੀ ਵਿਚ ਭਾਵ 18 ਜੂਨ ਨੂੰ ਭਾਰਤ ਅਤੇ ਪਾਕਿਸਤਾਨ ਵਿਚਾਲੇ ਕ੍ਰਿਕਟ ਦਾ ਵੱਡਾ ਮੁਕਾਬਲਾ ਹੋਇਆ ਸੀ। ਇਹ ਆਈਸੀਸੀ ਦੀ ਚੈਂਪੀਅਨਜ਼ ਟਰਾਫ਼ੀ ਦਾ ਫਾਈਨਲ ਮੈਚ ਸੀ। ਦੋਹਾਂ ਹੀ ਮੁਲਕਾਂ ਵਿਚ ਕ੍ਰਿਕਟ ਪ੍ਰਤੀ ਜ਼ਬਰਦਸਤ ਦੀਵਾਨਗੀ ਹੈ। ਇਸ ਮੈਚ ਨੂੰ ਲੈ ਕੇ ਵੀ ਦੋਹਾਂ ਮੁਲਕਾਂ ਵਿਚ ਜ਼ਬਰਦਸਤ ਉਤਸ਼ਾਹ ਸੀ। ਸਿਰਫ਼ ਕ੍ਰਿਕਟ ਪ੍ਰਤੀ ਲਗਾਓ ਹੀ ਨਹੀਂ, ਭਾਰਤ ਅਤੇ ਪਾਕਿਸਤਾਨ ਵਿਚਾਲੇ ਬਹੁਤ ਸਾਰੀਆਂ ਗੱਲਾਂ ਸਾਂਝੀਆਂ ਹਨ। ਇਹ ਮੈਚ ਦੱਖਣ ਏਸ਼ੀਆ ਵਿਚ ਨਹੀਂ, ਸਗੋਂ ਲੰਡਨ ਵਿਚ ਖੇਡਿਆ ਗਿਆ ਕਿਉਂਕਿ ਭਾਰਤ ਅਤੇ ਪਾਕਿਸਤਾਨ ਇੱਕ-ਦੂਜੇ ਦੀ ਧਰਤੀ 'ਤੇ ਨਹੀਂ ਖੇਡਦੇ। ਕਰੀਬ ਦਸ ਸਾਲ ਹੋ ਚੁੱਕੇ ਹਨ, ਜਦੋਂ ਦੋਹਾਂ ਮੁਲਕਾਂ ਨੇ ਆਪਣੇ ਘਰੇਲੂ ਮੈਦਾਨ ਉੱਤੇ ਆਪਸ ਵਿਚ ਆਖ਼ਰੀ ਵਾਰ ਟੇਸਟ ਮੈਚ ਖੇਡਿਆ ਸੀ। ਇਹ ਫ਼ਾਸਲਾ ਦਿਖਾਉਂਦਾ ਹੈ ਕਿ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਵਿਚ ਕਿੰਨੀ ਕੁੜੱਤਣ ਹੈ, ਕਿੰਨਾ ਅਵਿਸ਼ਵਾਸ ਹੈ।

**ਸਾਂਝੀ ਵਿਰਾਸਤ :**

ਭਾਰਤ ਅਤੇ ਪਾਕਿਸਤਾਨ ਦਾ ਇਤਿਹਾਸ ਇੱਕ ਹੈ। ਸਭਿਆਚਾਰਕ ਵਿਰਾਸਤ ਸਾਂਝੀ ਹੈ। ਪਰ ਦੋਹਾਂ ਵਿਚ ਇੰਨਾ ਅਵਿਸ਼ਵਾਸ ਹੈ, ਇੰਨੀ ਕੁੜੱਤਣ ਹੈ ਕਿ ਉਹ ਇੱਕ-ਦੂਜੇ ਨੂੰ ਆਪਣਾ ਵਿਰੋਧੀ ਨਹੀਂ, ਦੁਸ਼ਮਣ ਮੰਨਦੇ ਹੈ।

ਆਜ਼ਾਦੀ ਤੋਂ ਬਾਅਦ ਪਿਛਲੇ ਸੱਤਰ ਸਾਲਾਂ ਵਿਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਤਿੰਨ ਵਾਰ ਜੰਗ ਹੋ ਚੁੱਕੀ ਹੈ। ਉਂਜ ਕੁੱਝ ਲੋਕ ਕਹਿੰਦੇ ਹਨ ਕਿ ਚਾਰ ਲੜਾਈਆਂ ਹੋਈਆਂ ਹਨ। ਮਗਰ ਆਖ਼ਰੀ ਵਾਰ 1999 ਵਿਚ ਜਦੋਂ ਦੋਹਾਂ ਮੁਲਕਾਂ ਦੀਆਂ ਫ਼ੌਜਾਂ ਲੜੀਆਂ ਸਨ ਤਾਂ ਜੰਗ ਦਾ ਰਸਮੀ ਐਲਾਨ ਨਹੀਂ ਹੋਇਆ ਸੀ।

ਹਿੰਦੁਸਤਾਨ ਅਤੇ ਪਾਕਿਸਤਾਨ ਵਿਚ ਜਾਰੀ ਤਣਾਅ , ਦੁਨੀਆ ਦੀ ਸਭ ਤੋਂ ਲੰਬੇ ਵਕਤ ਤੱਕ ਚੱਲਣ ਵਾਲੀ ਵੱਡੀ ਸਮੱਸਿਆ ਕਹੀ ਜਾ ਸਕਦੀ ਹੈ। ਇਸ ਤਣਾਅ ਦਾ ਨਤੀਜਾ ਹੈ ਕਿ ਦੋਹਾਂ ਮੁਲਕਾਂ ਨੇ ਐਟਮੀ ਹਥਿਆਰ ਵਿਕਸਤ ਕੀਤੇ। ਯਾਨੀ ਅੱਜ ਦੀ ਤਾਰੀਖ਼ ਵਿਚ ਭਾਰਤ ਅਤੇ ਪਾਕਿਸਤਾਨ ਵਿਚਾਲੇ ਜੋ ਵਿਵਾਦ ਹੈ, ਉਸ ਨੂੰ ਇਲਾਕਾਈ ਤਣਾਅ ਕਹਿ ਕੇ ਅਣਡਿੱਠ ਨਹੀਂ ਕੀਤਾ ਜਾ ਸਕਦਾ। ਇਸ ਤਣਾਅ ਨਾਲ ਬਾਕੀ ਦੁਨੀਆ ਲਈ ਵੀ ਬਹੁਤ ਖ਼ਤਰਾ ਪੈਦਾ ਹੋਣ ਦਾ ਡਰ ਹੈ।

**ਬੇਗਾਨੇ ਹੋਏ ਲੋਕ :**

ਭਾਰਤ ਅਤੇ ਪਾਕਿਸਤਾਨ ਨੂੰ ਆਜ਼ਾਦੀ ਇਕੱਠੇ ਹੀ ਮਿਲੀ ਸੀ। ਭਾਰਤ ਬਰਤਾਨਵੀ ਸਾਮਰਾਜ ਦੀ ਸਭ ਤੋਂ ਵੱਡੀ ਮੰਡੀ ਸੀ। 15 ਅਗਸਤ 1947 ਨੂੰ ਹਿੰਦੁਸਤਾਨ ਉੱਤੇ ਬਰਤਾਨੀਆ ਦੀ ਹਕੂਮਤ ਖ਼ਤਮ ਹੋ ਗਈ।

ਆਜ਼ਾਦੀ ਤੋਂ ਪਹਿਲਾਂ ਕਈ ਮਹੀਨਿਆਂ ਤੱਕ ਮੁਲਕ ਦੇ ਬਟਵਾਰੇ ਨੂੰ ਲੈ ਕੇ ਖਿੱਚੋਤਾਣ ਚੱਲਦੀ ਰਹੀ ਸੀ। ਆਖ਼ਰ ਵਿਚ ਵਿਵਾਦ ਨੂੰ ਹਿੰਸਕ ਹੁੰਦਾ ਵੇਖ ਬਰਤਾਨੀਆ ਭਾਰਤ ਨੂੰ ਦੋ ਹਿੱਸਿਆਂ ਵਿਚ ਵੰਡ ਕੇ ਆਜ਼ਾਦੀ ਦੇਣ ਲਈ ਰਾਜ਼ੀ ਹੋ ਗਿਆ। ਪਾਕਿਸਤਾਨ ਦੇ ਤੌਰ ਉੱਤੇ ਇੱਕ ਵੱਖਰਾ ਮੁਸਲਮਾਨ ਦੇਸ਼ ਬਣਿਆ। ਪਾਕਿਸਤਾਨ ਬਣਾਉਣ ਦਾ ਮਕਸਦ ਮੁਸਲਮਾਨਾਂ ਦੀ ਉਨ੍ਹਾਂ ਚਿੰਤਾਵਾਂ ਨੂੰ ਦੂਰ ਕਰਨਾ ਸੀ ਕਿ ਉਹ ਆਜ਼ਾਦ ਭਾਰਤ ਵਿੱਚ ਹਿੰਦੂਆਂ ਦੇ ਬਹੁਮਤ ਕਾਰਨ ਨੁਕਸਾਨ ਵਿਚ ਰਹਿਣਗੇ।

ਜਦੋਂ ਦੇਸ਼ ਦੀ ਵੰਡ ਹੋਈ ਤਾਂ ਦੇਸ਼ ਦੇ ਦੋ ਵੱਡੇ ਸੂਬਿਆਂ ਪੰਜਾਬ ਅਤੇ ਬੰਗਾਲ ਨੂੰ ਵੀ ਮਜ਼ਬੀ ਆਬਾਦੀ ਦੀ ਬੁਨਿਆਦ ਉੱਤੇ ਵੰਡਿਆ ਗਿਆ। ਇਸ ਬਟਵਾਰੇ ਦੀ ਜਾਣਕਾਰੀ ਆਜ਼ਾਦੀ ਦੇ ਦੋ ਦਿਨ ਬਾਅਦ ਦੱਸੀ ਗਈ।

ਬਟਵਾਰੇ ਨੇ ਲੱਖਾਂ ਲੋਕਾਂ ਨੂੰ ਆਪਣੇ ਹੀ ਦੇਸ਼ ਵਿਚ ਬੇਗਾਨਾ ਬਣਾ ਦਿੱਤਾ। ਉਨ੍ਹਾਂ ਨੂੰ ਆਪਣਾ ਘਰ-ਬਾਰ ਛੱਡ ਕੇ ਨਵੇਂ ਮੁਲਕ ਜਾਣਾ ਪਿਆ। ਹਾਲੀਆ ਤਾਰੀਖ਼ ਵਿਚ ਇਨਸਾਨਾਂ ਦੀ ਇਹ ਸਭ ਤੋਂ ਵੱਡੀ ਅਦਲਾ - ਬਦਲੀ ਸੀ। ਭਾਰਤ ਅਤੇ ਪਾਕਿਸਤਾਨ ਦੇ ਬਟਵਾਰੇ ਦੀ ਵਜ੍ਹਾ ਨਾਲ ਜਿੰਨੇ ਲੋਕ ਸ਼ਰਨਾਰਥੀ ਬਣੇ, ਉਹ ਲੜਾਈ ਅਤੇ ਅਕਾਲ ਤੋਂ ਇਲਾਵਾ ਕਿਸੇ ਹੋਰ ਵਜ੍ਹਾ ਕਾਰਨ ਨਹੀਂ ਬਣੇ।

**ਫ਼ਿਰਕੂ ਹਿੰਸਾ :**

ਕਿਸੇ ਨੂੰ ਪੱਕੇ ਤੌਰ 'ਤੇ ਤਾਂ ਨਹੀਂ ਪਤਾ ਪਰ ਕਰੀਬ ਸਵਾ ਕਰੋੜ ਲੋਕ ਭਾਰਤ ਤੋਂ ਪਾਕਿਸਤਾਨ ਅਤੇ ਪਾਕਿਸਤਾਨ ਤੋਂ ਭਾਰਤ ਆਏ-ਗਏ। ਇਸ ਦੌਰਾਨ ਭਿਆਨਕ ਫ਼ਿਰਕੂ ਹਿੰਸਾ ਭੜਕ ਉੱਠੀ। ਹਰ ਭਾਈਚਾਰੇ ਦੇ ਲੋਕ ਪੀੜਤ ਵੀ ਸਨ ਅਤੇ ਹਮਲਾਵਰ ਵੀ। ਦੇਸ਼ ਦੇ ਬਟਵਾਰੇ ਦੌਰਾਨ ਮਜ਼ਬੀ ਫ਼ਸਾਦ ਕਾਰਨ ਪੰਜ ਤੋਂ ਦਸ ਲੱਖ ਲੋਕ ਮਾਰੇ ਗਏ। ਹਜ਼ਾਰਾਂ ਔਰਤਾਂ ਨੂੰ ਦੂਜੇ ਭਾਈਚਾਰੇ ਦੇ ਮਰਦਾਂ ਨੇ ਅਗਵਾ ਕਰਕੇ ਉਨ੍ਹਾਂ ਦੇ ਨਾਲ ਬਲਾਤਕਾਰ ਅਤੇ ਦੂਜੇ ਜ਼ੁਲਮ ਕੀਤੇ।

ਹਿੰਸਾ ਦਾ ਸਭ ਤੋਂ ਜ਼ਿਆਦਾ ਅਸਰ ਪੰਜਾਬ ਸੂਬੇ ਉੱਤੇ ਪਿਆ। ਇੱਥੇ ਵਰ੍ਹੀਆਂ ਤੋਂ ਸਿੱਖ, ਮੁਸਲਮਾਨ ਅਤੇ ਹਿੰਦੂ ਆਪਸ ਵਿਚ ਮਿਲ-ਜੁਲ ਕੇ ਰਹਿੰਦੇ ਆਏ ਸਨ। ਉਹ ਇੱਕ ਜ਼ਬਾਨ ਬੋਲਦੇ ਸਨ। ਉਨ੍ਹਾਂ ਦੀ ਵਿਰਾਸਤ ਸਾਂਝੀ ਸੀ। ਪਰ ਦੇਸ਼ ਦੇ ਬਟਵਾਰੇ ਤੋਂ ਬਾਅਦ ਇਹ ਲੋਕ ਇੱਕ-ਦੂਜੇ ਦੇ ਦੁਸ਼ਮਣ ਅਤੇ ਖ਼ੂਨ ਦੇ ਪਿਆਸੇ ਹੋ ਗਏ। ਪੂਰਬੀ ਪੰਜਾਬ ਵਿਚ ਰਹਿਣ ਵਾਲੇ ਮੁਸਲਮਾਨ, ਲਹਿੰਦੇ ਪੰਜਾਬ ਯਾਨੀ ਪਾਕਿਸਤਾਨ ਭੱਜ ਰਹੇ ਸਨ। ਲਹਿੰਦੇ ਪੰਜਾਬ ਵਿਚ ਰਹਿਣ ਵਾਲੇ ਹਿੰਦੂ ਅਤੇ ਸਿੱਖ ਚੜ੍ਹਦੇ ਪੰਜਾਬ ਯਾਨੀ ਭਾਰਤ ਆਉਣ ਲਈ ਮਜਬੂਰ ਹੋਏ। ਬਟਵਾਰੇ ਵੇਲੇ ਜੋ ਹਿੰਸਾ ਹੋਈ, ਉਸ ਨੂੰ ਘਰੇਲੂ ਲੜਾਈ ਵੀ ਨਹੀਂ ਕਿਹਾ ਜਾ ਸਕਦਾ। ਕਿਉਂਕਿ ਦੋਹਾਂ ਹੀ ਤਰਫੋਂ ਫ਼ੌਜਾਂ ਨੇ ਮੋਰਚਾ ਨਹੀਂ ਸੰਭਾਲਿਆ ਸੀ। ਪਰ ਇਹ ਆਪਣੇ-ਆਪ ਭੜਕ ਉੱਠਣ ਵਾਲਾ ਫ਼ਸਾਦ ਵੀ ਨਹੀਂ ਸੀ। ਹਰ ਭਾਈਚਾਰੇ ਨੇ ਆਪਣੇ-ਆਪਣੇ ਹਥਿਆਰਬੰਦ ਗਰੋਹ ਅਤੇ ਫੌਜਾਂ ਬਣਾ ਲਈਆਂ ਸਨ। ਇਨ੍ਹਾਂ ਦਾ ਮਕਸਦ ਸਿਰਫ਼ ਇੱਕ ਸੀ, ਦੂਜੇ ਮਜ਼ਬ ਦੇ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਨੂੰ ਮਾਰਨਾ, ਉਨ੍ਹਾਂ ਨੂੰ ਨੁਕਸਾਨ ਪੰਹੁਚਾਉਣਾ।

**ਬਟਵਾਰੇ ਦੇ ਜ਼ਖਮ :**

ਬਟਵਾਰੇ ਦਾ ਉਹ ਜ਼ਖਮ ਅੱਜ ਤੱਕ ਨਹੀਂ ਭਰਿਆ

**ਬਾਕੀ ਸਫ਼ਾ 32 'ਤੇ**



# ਹਿੰਦ-ਪਾਕਿ ਬਟਵਾਰੇ ਦੇ ਦਰਦ ਦੀ ਜ਼ੁਬਾਨੀ ਦਾਸਤਾਨ...

## ਰਿਸਰਚ ਯੂਨੀਵਰਸਿਟੀਆਂ ਦੇ ਸਮੂਹ ਨਾਲ ਮਿਲ ਕੇ 4300 ਲੋਕਾਂ ਦੇ ਜ਼ੁਬਾਨੀ ਰੂਪ ਵਿਚ ਇਕੱਤਰ ਦਸਤਾਵੇਜ਼ ਲੋਕਾਂ ਨਾਲ ਸਾਂਝਾ ਕਰਨਗੇ ਵੰਡ ਦੀ ਪੀੜ

ਚੰਡੀਗੜ੍ਹ/ਬਿਊਰੋ ਨਿਊਜ਼ :

ਰਿਸਰਚ ਯੂਨੀਵਰਸਿਟੀਆਂ ਦੇ ਸਮੂਹ ਨਾਲ ਮਿਲ ਕੇ ਹਿੰਦ-ਪਾਕਿ ਵੰਡ ਦੇ 4300 ਗਵਾਹਾਂ ਦੀਆਂ ਤਿਆਰ ਕੀਤੀਆਂ ਇੰਟਰਵਿਊ ਜਲਦੀ ਹੀ ਜਨਤਕ ਕੀਤੀਆਂ ਜਾ ਰਹੀਆਂ ਹਨ। 1947 ਪਾਰਟੀਸ਼ਨ ਆਰਕਾਈਵ'ਜ਼ ਕੁਲੈਕਸ਼ਨ ਦੇ ਹਿੱਸੇ ਵਜੋਂ ਪਿਛਲੇ 7 ਸਾਲਾਂ ਦੌਰਾਨ ਦੁਨੀਆ ਭਰ ਤੋਂ ਕਹਾਣੀਆਂ ਇਕੱਤਰ ਕੀਤੀਆਂ ਗਈਆਂ ਹਨ।

ਮੁਕੰਮਲ ਜ਼ੁਬਾਨੀ ਇਤਿਹਾਸਕ ਮੁਲਾਕਾਤਾਂ ਦਾ ਇਕ ਹਿੱਸਾ 10 ਅਗਸਤ ਨੂੰ ਰਿਲੀਜ਼ ਕੀਤਾ ਜਾਵੇਗਾ ਅਤੇ ਇਹ ਸਟੈਂਨਫੋਰਡ ਯੂਨੀਵਰਸਿਟੀ ਲਾਇਬਰੇਰੀ ਦੇ ਡਿਜੀਟਲ ਸਟੋਰ ਤੋਂ ਲਾਈਵ ਸਟਰੀਮਿੰਗ ਰਾਹੀਂ ਮੁਹੱਈਆ ਹੋਵੇਗੀ। ਇੰਟਰਨੈੱਟ ਰਾਹੀਂ ਵੀ ਇਹ ਹਰ ਕਿਸੇ ਦੀ ਪਹੁੰਚ ਵਿਚ ਹੋਵੇਗੀ। ਬਹੁਤ ਹੀ ਸੰਵੇਦਨਸ਼ੀਲ ਅਤੇ ਭਾਵੁਕ ਕਹਾਣੀਆਂ ਖੋਜਕਾਰਾਂ ਲਈ ਉਪਲਬਧ ਹੋਣਗੀਆਂ ਅਤੇ ਜੇ ਕੋਈ ਹੋਰ ਵੀ ਇਸ ਵਿਚ ਦਿਲਚਸਪੀ ਰੱਖਦਾ ਹੈ ਤਾਂ ਯੂਨੀਵਰਸਿਟੀਆਂ ਦੀਆਂ ਲਾਇਬਰੇਰੀਆਂ ਵਿਚ ਜਾ ਸਕਦਾ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿਚ ਅਸ਼ੋਕਾ ਯੂਨੀਵਰਸਿਟੀ, ਯੂਨੀਵਰਸਿਟੀ ਆਫ਼ ਦਿੱਲੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ (ਭਾਰਤ), ਲਾਹੌਰ ਯੂਨੀਵਰਸਿਟੀ ਆਫ਼ ਮੈਨੇਜਮੈਂਟ ਸਾਇੰਸਜ਼ ਅਤੇ ਹਬੀਬ ਯੂਨੀਵਰਸਿਟੀ (ਪਾਕਿਸਤਾਨ) ਸ਼ਾਮਲ ਹਨ। ਲੰਡਨ ਤੇ ਬੰਗਲਾਦੇਸ਼ ਵਿਚਲੀਆਂ ਯੂਨੀਵਰਸਿਟੀਆਂ ਨਾਲ ਗੱਲਬਾਤ ਚੱਲ ਰਹੀ ਹੈ।

ਇਨ੍ਹਾਂ ਦਰਦ ਕਹਾਣੀਆਂ ਨੂੰ ਸੰਭਾਲਣ ਦਾ ਕਾਰਜ ਵਿੱਢਣ ਵਾਲੀ ਗੁਨੀਤਾ ਸਿੰਘ ਭੱਲਾ ਦਾ ਕਹਿਣਾ ਹੈ ਕਿ ਇਨ੍ਹਾਂ ਦਸਤਾਵੇਜ਼ਾਂ ਵਿਚਲੀ ਸਮੱਗਰੀ ਦੱਖਣ ਏਸ਼ਿਆਈ ਇਤਿਹਾਸ ਦੀ ਸਾਡੀ ਮੌਜੂਦਾ ਸਮਝ ਅਤੇ ਪਛਾਣ ਨੂੰ ਚੁਣੌਤੀ ਦੇ ਸਕਦੀ ਹੈ।

ਸਟੈਂਨਫੋਰਡ ਯੂਨੀਵਰਸਿਟੀ ਲਾਇਬਰੇਰੀ'ਜ਼ ਡਿਜੀਟਲ ਰਿਪੋਸਿਟਰੀ ਐਂਡ ਡਿਸਕਵਰੀ ਐਨਵਾਇਰਮੈਂਟ ਵਿਚਲਾ ਮਜ਼ਬੂਤ ਵੀਡੀਓ ਪ੍ਰੀਸਰਵੇਸ਼ਨ ਪ੍ਰੋਗਰਾਮ ਇਹ ਯਕੀਨੀ ਬਣਾਏਗਾ ਕਿ ਇਹ ਇੰਟਰਵਿਊਜ਼ ਲੰਬੇ ਸਮੇਂ ਤੱਕ ਸਾਂਭੀਆਂ ਜਾ ਸਕਣ। ਸਟੈਂਨਫੋਰਡ ਯੂਨੀਵਰਸਿਟੀ ਦੇ ਲਾਇਬਰੇਰੀਅਨ ਮਾਈਕਲ ਕੈਲਰ ਨੇ ਕਿਹਾ, 'ਇਹ ਵੀਡੀਓ 'ਦੀ 1947 ਪਾਰਟੀਸ਼ਨ ਆਰਕਾਈਵ' ਵਲੋਂ ਇਕੱਤਰ ਕੀਤੀਆਂ ਗਈਆਂ ਹਨ ਅਤੇ ਇਤਿਹਾਸਕ ਰਿਕਾਰਡ ਦੇ ਹਿੱਸੇ ਵਜੋਂ ਇਸ ਨੂੰ ਸੰਭਾਲ ਕੇ ਰੱਖਣਾ ਕਾਫ਼ੀ ਮਹੱਤਵਪੂਰਨ ਹੈ। ਇਹ ਡੂੰਘੇ ਖੋਜ ਕਾਰਜਾਂ ਅਤੇ ਰਿਸਰਚ ਕਾਰਜਾਂ ਲਈ ਆਸਾਨੀ ਨਾਲ ਮੁਹੱਈਆ ਹੋ ਸਕੇਗੀ।' ਕੈਲਰ ਦਾ ਕਹਿਣਾ ਹੈ ਕਿ ਸੈਂਟਰ ਫਾਰ ਸਾਊਥ ਏਸ਼ੀਆ ਅਤੇ ਹਾਂਡਾ ਸੈਂਟਰ ਫਾਰ ਹਿਊਮਨ ਰਾਈਟਸ ਐਂਡ ਇੰਟਰਨੈਸ਼ਨਲ ਜਸਟਿਸ ਵਿਖੇ ਕੈਂਪਸ ਵਿਚ ਜਾਰੀ ਖ਼ਾਸ ਖੋਜ ਕਾਰਜਾਂ ਲਈ ਸਮੱਗਰੀ ਮੁਹੱਈਆ ਕਰਵਾਈ ਗਈ ਹੈ।

ਭਾਰਤ ਦੀਆਂ 3 ਯੂਨੀਵਰਸਿਟੀਆਂ ਦੀਆਂ ਲਾਇਬੇਰਰੀਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ), ਅਸ਼ੋਕਾ ਯੂਨੀਵਰਸਿਟੀ (ਸੋਨੀਪਤ) ਅਤੇ ਯੂਨੀਵਰਸਿਟੀ ਆਫ਼ ਦਿੱਲੀ ਨੂੰ ਟਾਟਾ ਟਰੱਸਟ ਵਲੋਂ ਸਹਿਯੋਗ ਦਿੱਤਾ ਗਿਆ ਹੈ। ਟਾਟਾ ਟਰੱਸਟਸ ਦੇ ਆਰਟ ਐਂਡ ਕਲਚਰ ਦੀ ਹੈੱਡ ਦੀਪਿਕਾ ਸੋਰਾਬਜੀ ਨੇ ਦੱਸਿਆ, 'ਟਾਟਾ ਟਰੱਸਟਸ ਵਿਕ ਆਰਟਸ ਐਂਡ ਕਲਚਰ ਪੋਰਟਫੋਲੀਓ ਨੇ ਡਿਜੀਟਾਈਜੇਸ਼ਨ, ਕਾਗ਼ਜ਼ੀ ਰੱਖ-ਰਖਾਵ ਅਤੇ ਪ੍ਰਸਾਰ ਰਾਹੀਂ ਪ੍ਰੀਸਰਵਿੰਗ ਆਰਕਾਈਵਜ਼ ਨਾਲ ਕੰਮ ਕੀਤਾ ਹੈ। ਭਾਰਤ ਦੀ ਆਜ਼ਾਦੀ ਦੇ ਇਸ 70 ਵੇਂ ਵਰ੍ਹੇ ਵਿਚ ਖਾਸ ਰੂਚੀ ਦਾ ਜ਼ੁਬਾਨੀ ਇਤਿਹਾਸ ਬਹੁਤ ਅਹਿਮੀਅਤ ਰੱਖਦਾ ਹੈ।'

ਸਟੈਂਨਫੋਰਡ ਯੂਨੀਵਰਸਿਟੀ ਵਿਖੇ ਉੱਘੀ ਇਤਿਹਾਸਕਾਰ ਪ੍ਰਿਯਾ ਸੇਤੀਆ ਦਾ ਕਹਿਣਾ ਹੈ ਇਹ ਦਸਤਾਵੇਜ਼ ਨਾ ਸਿਰਫ਼ ਬਟਵਾਰੇ ਦਾ ਦਰਦ ਫਰੋਲਦੇ ਹਨ, ਸਗੋਂ ਆਜ਼ਾਦੀ ਤੋਂ ਬਾਅਦ ਦਾ ਸਭਿਆਚਾਰ, ਆਜ਼ਾਦੀ ਤੋਂ ਪਹਿਲਾਂ ਦੇ ਸਭਿਆਚਾਰ ਅਤੇ ਵੰਡ ਤੋਂ ਬਾਅਦ ਦੀ ਸਿਆਸਤ ਤੇ ਪਛਾਣ ਬਾਰੇ ਵੀ ਚਾਨਣਾ ਪਾਉਂਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਜ਼ੁਬਾਨੀ ਕਹਾਣੀਆਂ ਰਾਹੀਂ ਸਾਨੂੰ ਹਕੀਕਤ ਦੇ ਰੂਬਰੂ ਹੋਣ, ਪੀੜਤ ਲੋਕਾਂ ਦਾ ਦਰਦ ਸਮਝਣ ਅਤੇ ਸਮਾਂ ਬਦਲਣ ਨਾਲ ਕੀ ਕੁਝ ਬਦਲਿਆ, ਸਮਝ ਕਾਇਮ ਕਰਨ ਦਾ ਮੌਕਾ ਮਿਲੇਗਾ।

### ਕਿੰਨੀ ਵੱਡੀ ਹੈ ਇਹ ਆਰਕਾਈਵ

- ਇਸ ਵਿਚ 4300 ਲੋਕਾਂ ਦੀ ਇੰਟਰਵਿਊ, 30,000 ਡਿਜੀਟਲ ਦਸਤਾਵੇਜ਼ ਅਤੇ ਫੋਟੋਗ੍ਰਾਫ਼ੀ ਸ਼ਾਮਲ ਹੈ। ਇਹ ਦਸਤਾਵੇਜ਼ 12 ਮੁਲਕਾਂ ਤੋਂ 22 ਭਾਸ਼ਾਵਾਂ ਵਿਚ ਇਕੱਤਰ ਕੀਤੇ ਗਏ ਹਨ।
- ਦੱਖਣ ਏਸ਼ੀਆ ਵਿਚ ਕਿਸੇ ਵਿਸ਼ੇ 'ਤੇ ਇਹ ਸਭ ਤੋਂ ਵੱਡਾ ਜ਼ੁਬਾਨੀ ਇਤਿਹਾਸਕ ਆਰਕਾਈਵ ਹੈ। ਦੁਨੀਆ ਭਰ ਵਿਚ ਜ਼ੁਬਾਨੀ ਇਤਿਹਾਸਕ ਆਕਰਕਾਈਵਜ਼ ਦਾ ਆਧਾਰ ਵੱਡੀ ਪੱਧਰ 'ਤੇ ਵੀਡੀਓ ਹੈ।
- ਬਟਵਾਰੇ ਦੇ ਜ਼ਿੰਦਾ ਬਚੇ ਕਰੀਬ 10,000 ਗਵਾਹਾਂ ਦੀ ਇੰਟਰਵਿਊ ਸ਼ਾਮਲ ਹੈ।

# ਦਰਦ ਅਤੇ ਮੁਹੱਬਤ ਦੀ ਦਾਸਤਾਨ ਸੁਣਾਉਂਦਾ ਮਿਊਜ਼ੀਅਮ...

**ਸੁਹੈਲ ਹਲੀਮ**

ਵੰਡ ਕਾਰਨ ਪੀੜਤ ਆਮ ਲੋਕਾਂ ਦੀ ਦਾਸਤਾਨ ਹੈ ਇਸ ਮਿਊਜ਼ੀਅਮ ਵਿਚ। ਅੰਮ੍ਰਿਤਸਰ ਦਾ ਖ਼ੂਬਸੂਰਤ ਟਾਊਨ ਹਾਲ ਬੀਤੇ ਹੋਏ ਦੌਰ ਦੀ ਯਾਦ ਦਿਵਾਉਂਦਾ ਹੈ। ਇਹ ਅੰਗਰੇਜ਼ਾਂ ਦੇ ਜ਼ਮਾਨੇ ਦੀ ਇਮਾਰਤ ਹੈ, ਜਿਸ ਨੂੰ ਦੇਖ ਕੇ ਮਨ ਵਿਚ ਅਜਿਹੇ ਭਾਰਤ ਦੀ ਤਸਵੀਰ ਉਭਰਦੀ ਹੈ ਜੋ ਕਦੇ ਗੁਲਾਮ ਸੀ। ਜਦੋਂ 70 ਸਾਲ ਪਹਿਲਾਂ ਆਖ਼ਰਕਾਰ ਗੁਲਾਮੀ ਦੀਆਂ ਇਹ ਬੇੜੀਆਂ ਟੁੱਟੀਆਂ ਤਾਂ ਨਵੇਂ ਮੁਲਕ ਦਾ ਜਨਮ ਹੋਇਆ ਅਤੇ ਬੇਹੱਦ ਖ਼ੂਨ ਖਰਾਬਾ ਵੀ ਹੋਇਆ।

ਇਸੇ ਟਾਊਨ ਹਾਲ ਵਿਚ ਸਥਾਪਤ 'ਬਟਵਾਰਾ ਅਜਾਇਬ ਘਰ' ਇਨ੍ਹਾਂ ਯਾਦਾਂ ਨੂੰ ਤਾਜ਼ਾ ਰੱਖਣ ਦੀ ਕੋਸ਼ਿਸ਼ ਹੈ ਜੋ ਸਮੇਂ ਦੇ ਨਾਲ ਧੁੰਦਲੀਆਂ ਪੈਂਦੀਆਂ ਜਾ ਰਹੀਆਂ ਹਨ। ਪਰ ਦੂਸਰੇ ਮਿਊਜ਼ੀਅਮਾਂ ਤੋਂ ਇਹ ਕੁਝ ਵੱਖਰਾ ਹੈ, ਜਿੱਥੇ ਵੰਡ ਨੂੰ ਨੇੜਿਓਂ ਦੇਖਣ ਵਾਲਿਆਂ ਦੀਆਂ ਯਾਦਾਂ ਨੂੰ ਉਨ੍ਹਾਂ ਦੀ ਆਵਾਜ਼ ਵਿਚ ਸੁਰੱਖਿਅਤ ਕੀਤਾ ਗਿਆ ਹੈ।

**'20-25 ਵਰ੍ਹੇ ਦੰਗਿਆਂ ਦੇ ਸੁਪਨੇ ਦੇਖਦਾ ਰਿਹਾ'**

ਇਨ੍ਹਾਂ ਵਿਚ ਮਸ਼ਹੂਰ ਗੀਤਕਾਰ ਗੁਲਜ਼ਾਰ ਸ਼ਾਮਲ ਹੈ। ਉਹ ਕਹਿੰਦੇ ਹਨ, 'ਮੈਨੂੰ ਯਾਦ ਹੈ ਕਿ ਜਨਮਅਸ਼ਟਮੀ ਦੇ ਦਿਨ ਅਸੀਂ ਇਕ ਹੋਰ ਪੰਜਾਬੀ ਬਸਤੀ ਵਿਚ ਜਾ ਕੇ ਸ਼ਰਨ ਲਈ ਸੀ....ਵਰ੍ਹਿਆਂ ਤੱਕ ਇਹ ਦਾਗ਼ ਅੱਖਾਂ 'ਤੇ ਜੰਮੇ ਰਹੇ। ਉਨ੍ਹਾਂ ਨੂੰ ਧੋਣ ਵਿਚ ਬੜਾ ਸਮਾਂ ਲੱਗਾ। 20-25 ਸਾਲ ਤਕ ਦੰਗਿਆਂ ਦੇ ਸੁਪਨੇ ਦੇਖਦਾ ਰਿਹਾ। ਅੱਖ ਖੁੱਲ੍ਹ ਜਾਂਦੀ ਸੀ ਤਾਂ ਸੌਂਦਾ ਨਹੀਂ ਸੀ, ਇਹ ਡਰ ਰਹਿੰਦਾ ਸੀ ਕਿ ਇਹ ਸੁਪਨਾ ਫੇਰ ਆ ਜਾਏਗਾ। ਇਸ ਤੋਂ ਬਾਅਦ ਜਦੋਂ ਲਿਖਣਾ ਸਿੱਖ ਲਿਆ ਤਾਂ ਮੈਂ ਇਹ ਸਭ ਆਪਣੇ ਅੰਦਰ ਤੋਂ ਬਾਹਰ ਨਿਕਲ ਸਕਿਆ, ਵਰਨਾ ਪਤਾ ਨਹੀਂ ਉਸ ਦਾ ਮੇਰੇ ਉਪਰ ਕੀ ਅਸਰ ਪੈਂਦਾ।'

**ਔਰਤਾਂ ਦੀ ਯਾਦ ਵਿਚ ਬਣਾਇਆ ਖ਼ੂਹ...**

ਮਲਿਕਾ ਆਹਲੂਵਾਲੀਆ ਮਿਊਜ਼ੀਅਮ ਦੇ ਸੰਸਥਾਪਕਾਂ ਵਿਚ ਸ਼ਾਮਲ ਹੈ। ਉਹ ਕਹਿੰਦੀ ਹੈ, 'ਉਹ ਅਜਿਹਾ ਸਮਾਂ ਸੀ ਜਦੋਂ ਹਿੰਦੂ, ਮੁਸਲਿਮ ਤੇ ਸਿੱਖਾਂ ਨੂੰ ਬਹੁਤ ਕੁਝ ਸਹਿਣਾ ਪਿਆ...ਤਿੰਨਾਂ ਨੇ ਹਿੰਸਾ ਦੇਖੀ ਵੀ ਤੇ ਸ਼ਾਇਦ ਖ਼ੁਦ ਕੀਤੀ ਵੀ। ਮਿਊਜ਼ੀਅਮ ਵਿਚ ਅਸੀਂ ਇਹ ਦਿਖਾਉਣ ਦੀ ਕੋਸ਼ਿਸ਼ ਕਰਦੇ ਹਾਂ ਕਿ ਜ਼ੁਲਮ ਤਿੰਨਾਂ ਵਲੋਂ ਹੋਇਆ। ਪਰ ਅਸੀਂ ਇਹ ਵੀ ਦਿਖਾਉਣਾ ਚਾਹਾਂਗੇ ਕਿ ਉਸ ਸਮੇਂ ਲੋਕਾਂ ਨੇ ਇਕ-ਦੂਜੇ ਦੀ ਮਦਦ ਵੀ ਕੀਤੀ। ਅਜਿਹੇ ਉਦਾਹਰਣ ਸਾਡੇ ਮਿਊਜ਼ੀਅਮ ਵਿਚ ਮੌਜੂਦ ਹਨ ਤੇ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਕਹਾਣੀਆਂ ਨੂੰ ਵੀ ਦੱਸਿਆ ਜਾਵੇ।' ਮਿਊਜ਼ੀਅਮ ਦੇ ਵੱਡੇ ਕਮਰੇ ਵਿਚਾਲੇ ਇਕ ਖ਼ੂਹ ਬਣਾਇਆ ਗਿਆ ਹੈ, ਉਨ੍ਹਾਂ ਔਰਤਾਂ ਦੀ ਯਾਦ ਵਿਚ ਜਿਨ੍ਹਾਂ ਨੇ ਧਾਰਮਿਕ ਜਨੂੰਨੀਆਂ ਦੇ ਇਸ ਦੌਰ ਵਿਚ ਆਪਣੀ ਇੱਜ਼ਤ ਬਚਾਉਣ ਲਈ ਖ਼ੂਹ ਵਿਚ ਛਾਲ ਮਾਰ ਕੇ ਆਪਣੀ ਜਾਨ ਦੇ ਦਿੱਤੀ ਸੀ।

**ਦਿਲ ਨੂੰ ਖ਼ੁਸ਼ ਕਰਨ ਵਾਲੀਆਂ ਕਹਾਣੀਆਂ...**

ਮਲਿਕਾ ਕਹਿੰਦੀ ਹੈ, 'ਸਾਡੇ ਕੋਲ ਦਰਦ ਭਰੀਆਂ ਦਾਸਤਾਨ ਤਾਂ ਬਹੁਤ ਹਨ ਪਰ ਦਿਲ ਨੂੰ ਖ਼ੁਸ਼ ਕਰਨ ਵਾਲੀਆਂ ਕਹਾਣੀਆਂ ਵੀ ਹਨ। ਸਾਡੇ ਕੋਲ ਫੁਲਕਾਰੀ ਦੀ ਜੈਕੇਟ ਹੈ, ਜਿਸ ਨਾਲ ਪਿਆਰ ਦੀ ਇਕ ਕਹਾਣੀ ਜੁੜੀ ਹੋਈ ਹੈ। ਦੋ ਪਿਆਰ ਕਰਨ ਵਾਲੇ ਕਿਵੇਂ ਵਿਛੜੇ ਤੇ ਫਿਰ ਕਿਵੇਂ ਮਿਲੇ...ਪਰ ਇਸ ਕਹਾਣੀ ਨੂੰ ਸੁਣਨ ਲਈ ਤੁਹਾਨੂੰ ਖ਼ੁਦ ਮਿਊਜ਼ੀਅਮ ਵਿਚ ਆਉਣਾ ਪਏਗਾ।' ਇਸੇ ਹਾਲ ਦੇ ਕਿ ਖੂੰਜੇ ਵਿਚ ਆਪਣੇ ਪੁੱਤਾਂ ਦੇ ਨਾਂ ਇਕ ਪਿਤਾ ਦਾ ਖ਼ਤ ਰੱਖਿਆ ਹੈ, ਜਿਸ ਵਿਚ ਲਿਖਿਆ ਹੈ, 'ਸਥਿਤੀ ਹੁਣ ਐਸੀ ਹੋ ਗਈ ਹੈ ਕਿ ਮੈਨੂੰ ਨਹੀਂ ਪਤਾ ਕਿ ਮੈਂ ਇਥੋਂ ਨਿਕਲ ਸਕਾਂਗਾ ਜਾਂ ਨਹੀਂ ਤੇ ਤੁਹਾਨੂੰ ਫੇਰ ਤੋਂ ਦੇਖ ਸਕਾਂਗਾ ਜਾਂ ਨਹੀਂ।' ਜਿਸ ਪੀੜ੍ਹੀ ਨੇ ਵੰਡ ਦੇਖੀ ਸੀ, ਉਹ ਹੁਣ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ ਤੇ ਉਨ੍ਹਾਂ ਦੇ ਨਾਲ ਉਨ੍ਹਾਂ ਦੀਆਂ ਯਾਦਾਂ ਵੀ ਪਰ ਇਥੋਂ ਆਉਣ ਵਾਲਿਆਂ ਵਿਚ ਵੱਡੀ ਸੰਖਿਆ ਨੌਜਵਾਨਾਂ ਦੀ ਵੀ ਹੈ।

**ਮਿਊਜ਼ੀਅਮ ਵਿਚ ਇਤਿਹਾਸ ਤੇ ਸਬਕ ਦੋਵੇਂ ਹਨ...**

ਰੌਸ਼ਨ ਦੀ ਇਤਿਹਾਸ ਵਿਚ ਰੁਚੀ ਹੈ। ਉਹ ਕਹਿੰਦੇ ਹਨ, 'ਇਹ ਮਿਊਜ਼ੀਅਮ ਸਾਡੇ ਲਈ ਅਜਿਹੇ ਦਰਵਾਜ਼ੇ ਖੋਲ੍ਹਦਾ ਹੈ ਜੋ ਹੁਣ ਤਕ ਬੰਦ ਪਏ ਸਨ...ਅਸੀਂ ਆਪਣੇ ਅਧਿਆਪਕਾਂ ਅਤੇ ਵੱਡਿਆਂ ਤੋਂ ਕਹਾਣੀਆਂ ਸੁਣੀਆਂ ਸਨ ਪਰ ਇਥੇ ਆ ਕੇ ਤੁਸੀਂ ਇਹ ਮਹਿਸੂਸ ਕਰ ਸਕਦੇ ਹੋ ਕਿ ਅਜਿਹਾ ਵੀ ਹੋਇਆ ਹੈ। ਇਥੇ ਆ ਕੇ ਇਹ ਸਬਕ ਮਿਲਦਾ ਹੈ ਕਿ ਹਾਲਾਤ ਕਿੰਨੇ ਜਲਦੀ ਬੇਕਾਬੂ ਹੋ ਸਕਦੇ ਹਨ।' ਇਸ ਮਿਊਜ਼ੀਅਮ ਵਿਚ ਇਤਿਹਾਸ ਵੀ ਹੈ, ਸਬਕ ਵੀ, ਦਰਦ ਭਰੀਆਂ ਦਾਸਤਾਨ ਵੀ ਤੇ ਮੁਹੱਬਤ ਤੇ ਖ਼ੂਬਸੂਰਤ ਕਿੱਸੇ ਵੀ।

ਅੰਮ੍ਰਿਤਸਰ ਟਾਈਮਜ਼
AMRITSAR TIMES
09 ਅਗਸਤ 2017 ਤੋਂ 15 ਅਗਸਤ 2017

## ਭਾਜਪਾ ਦੇ ਮੂੰਹ ਰਾਜਸੀ ਚਪੇੜ

### ਮੋਦੀ-ਅਮਿਤ ਸ਼ਾਹ ਜੋੜੀ ਦੀ ਆਪਣੇ ਹੀ ਰਾਜ ਬੁਰੀ ਤਰ੍ਹਾਂ ਬੂਥ ਲੱਗੀ

ਭਾਰਤ ਦੀ ਪਾਰਲੀਮੈਂਟ ਦੇ ਉਪਰਲੇ ਸਦਨ ਵਜੋਂ ਜਾਣੀ ਜਾਂਦੀ ਰਾਜ ਸਭਾ ਲਈ ਗੁਜਰਾਤ ਤੋਂ ਤਿੰਨ ਮੈਂਬਰਾਂ ਦੀ ਚੋਣ ਲਈ ਮੰਗਲਵਾਰ ਨੂੰ ਪਈਆਂ ਵੋਟਾਂ ਅਤੇ ਉਸ ਤੋਂ ਬਾਅਦ ਅੱਧੀ ਰਾਤ ਤੱਕ ਚੱਲੀ ਕਸ਼ਮਕਸ਼ ਬਾਅਦ ਆਏ ਨਤੀਜਿਆਂ ਨੇ ਭਾਰਤੀ ਜਨਤਾ ਪਾਰਟੀ ਦੇ ਸ਼ਕਤੀਸ਼ਾਲੀ ਪ੍ਰਧਾਨ ਅਮਿਤ ਸ਼ਾਹ ਨੂੰ ਇੱਕ ਤਰ੍ਹਾਂ ਨਾਲ ਦਿਨੇ ਤਾਰੇ ਵਿਖਾ ਦਿੱਤੇ ਹਨ। ਮੌਜੂਦਾ ਸਮੇਂ ਵਿੱਚ ਭਾਰਤੀ ਦੀ ਰਾਜਨੀਤੀ ਦੇ ਚਾਣਕੀਯ ਵਜੋਂ ਤੇ ਹਰ ਮੈਦਾਨ ਫਤਹਿ ਕਰਦੇ ਆ ਰਹੇ ਅਮਿਤ ਸ਼ਾਹ ਵਲੋਂ ਰਾਜ ਸਭਾ ਦੀਆਂ ਤਿੰਨ ਸੀਟਾਂ ਨੂੰ ਆਪਣੀ ਜੇਬ ਵਿੱਚ ਕਰਨ ਲਈ ਹਰ ਹੀਲਾ ਵਰਤਣ ਦੇ ਬਾਵਜੂਦ ਕਾਂਗਰਸ ਪਾਰਟੀ ਦੇ ਉਮੀਦਵਾਰ ਅਹਿਮਦ ਪਟੇਲ ਦਾ ਇੱਕ ਸੀਟ ਉਤੇ ਜੇਤੂ ਰਹਿਣਾ ਭਾਜਪਾ ਪ੍ਰਧਾਨ ਹੀ ਨਹੀਂ ਬਲਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਲਈ ਨੈਤਿਕ ਪੱਖੋਂ ਵੱਡੀ ਰਾਜਸੀ ਹਾਰ ਹੈ। ਆਪਣੀ ਪਾਰਟੀ ਦੇ ਕਾਂਗਰਸ ਮੁਕਤ ਭਾਰਤ ਪ੍ਰੋਗਰਾਮ ਅਧੀਨ ਆਪਣੇ ਜੱਦੀ ਰਾਜ ਗੁਜਰਾਤ ਤੋਂ ਮੋਦੀ-ਅਮਿਤ ਸ਼ਾਹ ਜੋੜੀ ਨੇ ਬੜੀ ਕਮਜ਼ੋਰ ਅਤੇ ਮਸਾਂ ਸਾਹ ਘੜੀਸਦੀ ਆ ਰਹੀ ਮੁੱਖ ਵਿਰੋਧੀ ਪਾਰਟੀ ਦਾ ਪੂਰੀ ਤਰ੍ਹਾਂ ਲੱਕ ਤੋੜਣ ਲਈ ਹੀ ਅਹਿਮਦ ਪਟੇਲ ਦੇ ਪੰਜਵੀਂ ਵਾਰ ਰਾਜ ਸਭਾ 'ਚ ਦਾਖਲੇ ਨੂੰ ਰੋਕਣ ਲਈ ਕਾਫ਼ੀ ਸਮਾਂ ਪਹਿਲਾਂ ਤੋਂ ਹੀ ਰਣਨੀਤੀ ਘੜ ਲਈ ਸੀ। ਕਾਂਗਰਸ ਪਾਰਟੀ ਦੇ ਅਹਿਮ ਨੀਤੀਕਾਰਾਂ/ਜੋੜ-ਤੋੜ ਕਰਨ ਵਾਲੇ ਮੁੱਖ ਮਾਹਰਾਂ 'ਚੋਂ ਗਿਣੇ ਜਾਂਦੇ ਅਹਿਮਦ ਪਟੇਲ ਦੇ ਗੁਜਰਾਤ ਨਾਲ ਹੀ ਸਬੰਧ ਰੱਖਦੇ ਹੋਣ ਕਾਰਨ ਸੂਬੇ ਵਿੱਚ ਪਾਰਟੀ ਨੂੰ ਔਖੇ-ਸੌਖੇ ਮੁੜ ਪੈਰਾਂ ਸਿਰ ਕਰਨ ਵਾਲਿਆਂ 'ਚ ਵੀ ਨਜ਼ਰ ਆਉਂਦੇ ਹੋਣ ਕਾਰਨ ਅਮਿਤ ਸ਼ਾਹ ਲਈ ਉਹ ਵੱਡਾ ਰਾਜਸੀ ਸ਼ਿਕਾਰ ਸਨ। ਇਸ ਤੋਂ ਵੀ ਅਹਿਮ ਗੱਲ ਇਹ ਕਿ ਅਹਿਮਦ ਪਟੇਲ ਅਸਲ ਵਿੱਚ ਕਾਂਗਰਸ ਪਾਰਟੀ ਦੀ ਪ੍ਰਧਾਨ ਸੋਨੀਆ ਗਾਂਧੀ ਦੇ ਖ਼ਾਸਮ-ਖ਼ਾਸ ਅਤੇ ਪਾਰਟੀ ਦੇ ਮੁੱਖ ਦਫ਼ਤਰ ਦੇ ਕਰਤਾ-ਧਰਤਾ ਹਨ। ਇਸ ਲਈ ਕਾਂਗਰਸ ਪਾਰਟੀ ਨੂੰ ਮੈਦਾਨੋਂ ਹਟਾਉਣ ਲਈ ਲਈ ਭਾਜਪਾ ਵਾਲਿਆਂ ਲਈ ਪਟੇਲ ਨੂੰ ਜੜੋਂ ਵੱਢਣਾ ਲਾਜ਼ਮੀ ਸੀ।

ਖ਼ੈਰ ਅਪਣੇ ਰਾਜਸੀ ਵਿਰੋਧੀਆਂ ਨੂੰ ਹਰ ਫਰੰਟ ਉਤੇ ਹਰਾਉਣਾ ਹਰ ਰਾਜਸੀ ਪਾਰਟੀ ਤੇ ਉਸ ਦੇ ਮੋਹਰੀਆਂ ਦੀ ਰਣਨੀਤੀ ਵਿੱਚ ਸ਼ਾਮਲ ਹੁੰਦਾ ਹੈ। ਪਰ ਆਪਣੇ ਰਾਜਸੀ ਵਿਰੋਧੀਆਂ ਪ੍ਰਤੀ ਭਾਜਪਾ ਵਾਲਿਆਂ ਜਿਹੜੀ ਦੁਸ਼ਮਣੀ ਵਾਲੀ ਰਣਨੀਤੀ ਅਖ਼ਤਿਆਰ ਕੀਤੀ ਹੈ, ਉਹ ਕੇਵਲ ਹੋਰਨਾਂ ਰਾਜਸੀ ਧਿਰਾਂ ਲਈ ਹੀ ਨਹੀਂ ਬਲਕਿ ਭਾਰਤੀ ਲੋਕਰਾਜ ਲਈ ਵੀ ਬੜੀ ਮਾਰੂ ਅਤੇ ਖ਼ਤਰਨਾਕ ਹੈ। ਸਾਲ 2014 ਵਿੱਚ ਰਿਕਾਰਡਤੋੜ ਬਹੁਮਤ ਨਾਲ ਕੇਂਦਰ ਵਿੱਚ ਸੱਤਾ ਵਿੱਚ ਆਈ ਭਾਰਤੀ ਜਨਤਾ ਪਾਰਟੀ ਨੇ ਉਸ ਤੋਂ ਬਾਅਦ ਵੱਖ ਵੱਖ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਅਤੇ ਜ਼ਿਮਨੀ ਚੋਣਾਂ 'ਚ ਜਿਸ ਤਰ੍ਹਾਂ ਪ੍ਰਚਾਰ ਕੀਤਾ ਉਹ ਰਾਜਸੀ ਮਾਪਦੰਡਾਂ ਅਨੁਸਾਰ ਇਤਰਾਜ਼ਯੋਗ ਹੋਣ ਦੇ ਨਾਲ ਨਾਲ ਰਾਜਸੀ ਮਰਿਯਾਦਾ ਤੋਂ ਹੇਠਲੀ ਪੱਧਰ ਦਾ ਹੋਣ ਕਾਰਨ ਸਮਾਜਿਕ ਤੌਰ ਉਤੇ ਲੋਕਾਂ 'ਚ ਗੰਭੀਰ ਵੰਡੀਆਂ ਪਾਉਂਦਾ ਨਜ਼ਰ ਆ ਰਿਹਾ ਹੈ। ਪਿਛੇ ਜਿਹੇ ਹੋਈਆਂ ਗੋਆ ਤੇ ਅਰੁਣਾਚਲ ਦੀਆਂ ਵਿਧਾਨ ਸਭਾ ਚੋਣਾਂ 'ਚ ਲੋੜੀਂਦਾ ਬਹੁਮਤ ਨਾ ਮਿਲਣ ਦੇ ਬਾਵਜੂਦ ਭਾਜਪਾ ਵਾਲਿਆਂ ਨੇ ਜੋੜ-ਤੋੜ ਤੇ ਖਰੀਦੋ-ਫਰੋਖ਼ਤ ਨਾਲ ਜਿਸ ਤਰ੍ਹਾਂ ਅਪਣੀਆਂ ਸਰਕਾਰਾਂ ਬਾਣਾਈਆਂ, ਉਹ ਅਸਲ 'ਚ ਇਸ ਵਾਰ ਰਾਮ ਦੁਹਾਈ ਦੇਣ ਵਾਲੀ ਕਾਂਗਰਸ ਵਲੋਂ ਆਪਣੇ ਸੱਤਾਕਾਲ ਦੌਰਾਨ ਅਪਣਾਏ ਜਾਂਦੇ ਰਹੇ ਗਲਤ ਢੰਗ ਤਰੀਕਿਆਂ ਤੋਂ ਕਿਸੇ ਵੀ ਤਰ੍ਹਾਂ ਘੱਟ ਨਹੀਂ ਸਨ। ਉਸ ਤੋਂ ਬਾਅਦ ਬਿਹਾਰ ਵਿੱਚ ਲਾਲੂ ਪ੍ਰਸ਼ਾਦ ਯਾਦਵ ਦਾ ਰਾਜਸੀ ਸਫ਼ਾਇਆ ਕਰਨ ਹਿੱਤ ਨਿਤਿਸ਼ ਕੁਮਾਰ ਨਾਲ ਗਠਜੋੜ ਵੀ ਭਾਜਪਾ ਦੀਆਂ ਤਾਨਾਸ਼ਾਹੀ ਨੀਤੀਆਂ ਦੀ ਸਪਸ਼ਟ ਮਿਸਾਲ ਹੈ। ਤੇ ਗੁਜਰਾਤ ਤੋਂ ਰਾਜ ਸਭਾ ਚੋਣ ਤੋਂ ਐਨ ਪਹਿਲਾਂ ਕਾਂਗਰਸ ਦੇ ਵਿਧਾਇਕਾਂ ਦੀ ਦਲ ਬਾਦਲੀ, ਉਨ੍ਹਾਂ ਨੂੰ ਖਰੀਦਣ, ਡਰਾਉਣ-ਧਮਕਾਉਣ ਤੇ ਅਗਵਾ ਕਰਨ ਦੇ ਦੋਸ਼ ਨਿਰਆਧਾਰ ਨਹੀਂ ਕਹੇ ਜਾ ਸਕਦੇ। ਮੰਗਲਵਾਰ ਰਾਤੀਂ ਕਈ ਘੰਟੇ ਗੁਰਜਰਾਤ ਦੀ ਰਾਜਧਾਨੀ ਅਹਿਮਦਾਬਾਦ ਤੇ ਨਵੀਂ ਦਿੱਲੀ ਵਿੱਚ ਹੋਏ ਰਾਜਸੀ ਡਰਾਮੇ ਦੇ ਮੁੱਖ ਟੀਵੀ ਚੈਨਲਾਂ ਤੋਂ ਲਗਾਤਾਰ ਹੁੰਦੇ ਪ੍ਰਸਾਰਨ ਦੌਰਾਨ ਜੋ ਕੁਝ ਵੇਖਣ/ਸੁਣਨ ਨੂੰ ਮਿਲਿਆ ਉਸ ਤੋਂ ਭਾਜਪਾ ਉਤੇ ਕਾਂਗਰਸ ਤੇ ਹੋਰਨਾਂ ਵਿਰੋਧੀ ਪਾਰਟੀਆਂ ਵਲੋਂ ਲਾਏ ਜਾਂਦੇ ਦੋਸ਼ਾਂ ਦੇ ਸਹੀ ਹੋਣ ਦੀ ਪੁਸ਼ਟੀ ਹੁੰਦੀ ਹੈ। ਅਹਿਮ ਗੱਲ ਇਹ ਕਿ ਇਸ ਸਾਰੇ ਮਾਮਲੇ ਵਿੱਚ ਮੋਦੀ ਦੇ ਮੰਤਰੀਆਂ ਦੀ ਫੌਜ ਵਲੋਂ ਮੰਗਲਵਾਰ ਦੇਰ ਰਾਤੀਂ ਨਵੀਂ ਦਿੱਲੀ 'ਚ ਭਾਰਤੀ ਚੋਣ ਕਮਿਸ਼ਨ ਦੇ ਮੁੱਖ ਦਫ਼ਤਰ ਉੱਤੇ ਦੇਰ ਰਾਤੀਂ ਵਾਰ ਵਾਰ ਚੜ੍ਹਾਈ ਕਰਕੇ ਪਾਏ ਜਾਂਦੇ ਦਬਾਅ ਦੇ ਬਾਵਜੂਦ ਚੋਣ ਕਮਿਸ਼ਨ ਵਲੋਂ ਦਿੱਤਾ ਫੈਸਲਾ ਭਾਰਤੀ ਲੋਕ ਰਾਜ ਲਈ ਘੋਰ ਰਾਜਸੀ ਹਨੇਰੇ ਵਿੱਚ ਆਸ ਦੀ ਕਿਰਨ ਹੈ।

ਵੈਸੇ ਵਰ੍ਹਿਆਂ ਤੱਕ ਸੱਤਾ 'ਚ ਰਹਿਣ ਦੌਰਾਨ ਅਪਣੇ ਲੋਕ ਵਿਰੋਧੀ ਤੇ ਤਾਨਾਸ਼ਾਹੀ ਕਾਰਨਾਮਿਆਂ ਸਦਕਾ ਹੁਣ ਸਾਹਸੱਤਹੀਣ ਹੋਈ ਤੇ ਲੱਕੋਂ ਟੁੱਟੀ ਕਾਂਗਰਸ ਦੀ ਜਿਹੜੀ ਦੁਰਗਤ ਭਾਜਪਾ ਵਾਲੇ ਕਰ ਰਹੇ ਹਨ ਰਾਹੁਲ ਢਾਣੀ ਸਮੇਤ ਸਮੁਚੀ ਲੀਡਰਸ਼ਿਪ ਉਸਦੀ ਕਿਸੇ ਹੱਦ ਤੱਕ ਹੱਕਦਾਰ ਵੀ ਹੈ। ਇਸ ਹਾਲਾਤ ਦੀ ਰੋਸ਼ਨੀ ਵਿੱਚ ਪਾਰਟੀ ਦੇ ਸੀਨੀਅਰ ਆਗੂ ਜੈ ਰਾਮ ਰਮੇਸ਼ ਵਲੋਂ ਪਾਰਟੀ ਦੀ ਅੰਦਰੂਨੀ ਤੇ ਬਾਹਰੀ ਨਲਾਇਕੀ ਬਾਰੇ ਸੋਮਵਾਰ ਨੂੰ ਦਿੱਤੇ ਧੜੱਲੇਦਾਰ ਬਿਆਨ ਕਿ "ਸਲਤਨਤ ਖ਼ਤਮ ਹੋਣ ਦੇ ਬਾਵਜੂਦ ਸੁਲਤਾਨਾਂ ਵਾਲੀ ਮੌਜ ਵਿੱਚ ਰਹਿਣਾ/ਵਿਚਰਣਾ" ਪਾਰਟੀ ਦੇ ਮੋਹਰੀਆਂ ਵਿਸ਼ੇਸ਼ ਤੌਰ ਉੱਤੇ ਰਾਹੁਲ ਗਾਂਧੀ ਤੇ ਉਸਦੀ ਬਚਗਾਨਾ ਰਣਨੀਤੀ ਲਈ ਮਹਿਜ਼ ਬਿਆਨਬਾਜ਼ੀ ਕਰਦੇ ਰਹਿਣ ਦੀ ਬਜਾਏ ਅਮਲੀ ਤੌਰ ਉੱਤੇ ਕੁਝ ਕਰਨ/ਮਰਨ ਦਾ ਸੁਨੇਹਾ ਹੈ।

ਬੁੱਧਵਾਰ ਵੱਡੇ ਤੜਕੇ ਨਤੀਜੇ ਆਉਣ ਬਾਅਦ ਅਹਿਮਦ ਪਟੇਲ ਵਲੋਂ 'ਸਤਿਯਮੇਵ ਜੈਯਤੇ' ਸ਼ਬਦਾਂ ਨਾਲ ਪ੍ਰਗਟਾਇਆ ਪ੍ਰਤੀਕਰਮ ਹਿੰਦੂਤਵ ਦੇ ਝੰਡਾਬਰਦਾਰ ਨਰਿੰਦਰ ਮੋਦੀ ਤੇ ਉਸ ਦੇ ਜਰਨੈਲ ਅਮਿਤ ਸ਼ਾਹ ਨੂੰ ਉਨ੍ਹਾਂ ਦੇ ਹੀ ਧਾਰਮਿਕ ਲਹਿਜ਼ੇ 'ਚ ਜਿੱਚ ਕਰਨ ਵਾਲਾ ਬੜਾਂ ਢੁਕਵਾਂ ਤੇ ਮੂੰਹ ਤੋੜਵਾਂ ਉੱਤਰ ਹੈ।

ਨਿਰਸੰਦੇਹ ਇਹ ਨਤੀਜਾ ਦਿਨੋਂ ਦਿਨ ਖੇਰੂੰ ਖੇਰੂੰ ਹੋ ਰਹੀ ਕਾਂਗਰਸ ਪਾਰਟੀ ਲਈ ਰਾਜਸੀ ਪੱਖੋਂ ਬਹੁਤਾ ਠੁੰਮਣਾ ਦੇਣ ਵਾਲ ਨਹੀਂ। ਨਾ ਹੀ ਸਾਹ ਸੱਤ ਹੋਈ ਵਿਰੋਧੀ ਧਿਰ ਲਈ ਸਿੱਧੇ ਰੂਪ 'ਚ ਕੋਈ ਲੋਕ ਹੁੰਗਾਰਾ ਕਿਹਾ ਜਾ ਸਕਦੈ। ਪਰ ਇਹ ਅਜਿਹੀ ਨੈਤਿਕ ਜਿੱਤ ਹੈ ਜਿਹੜੀ ਭੂਤਰੇ ਹੋਏ ਹਿੰਦੂਤਵੀਆਂ ਅਨਸਰਾਂ ਦੇ ਭਾਰਤ ਦੇ ਠੀਕ ਸੋਚਣੀ ਵਾਲੇ ਅਗਾਂਹਵਧੂ ਲੋਕਾਂ ਖ਼ਾਸ ਕਰ ਮੁਸਲਮਾਨਾਂ, ਦਲਿਤਾਂ ਅਤੇ ਹੋਰਨਾਂ ਘੱਟ ਗਿਣਤੀਆਂ ਵਿਰੁਧ ਜਨੂੰਨੀ ਅਤੇ ਧੱਕੇਸ਼ਾਹੀ ਵਾਲੇ ਮਨਸੂਬਿਆਂ ਅੱਗੇ ਸਵਾਲੀਆ ਨਿਸ਼ਾਨ ਖੜ੍ਹੇ ਕਰਦੀ ਹੈ। ਇਹ ਸੁਨੇਹਾ ਵੀ ਲੁਕਿਆ ਹੋਇਆ ਹੈ ਕਿ ਅੱਤ ਦੀ ਆਦੁਰਗਤ ਹੋਇਆ ਕਰਦੀ ਹੈ... ਹੋਣੀ ਤੇ ਕਰਨੀ ਵੀ ਚਾਹੀਦੀ ਹੈ।

# ਕਿਸਾਨੀ ਦੇ ਹਿੱਤ ਵਿਸਾਰੇ ਕਾਰਪੋਰੇਟਾਂ ਦੇ ਵਾਰੇ-ਨਿਆਰੇ

**2008 ਵਿੱਚ ਤਤਕਾਲੀ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਨੂੰ ਪੁੱਛਿਆ ਗਿਆ ਕਿ ਆਤਮ-ਹੱਤਿਆ ਤੋਂ ਪ੍ਰਭਾਵਿਤ ਰਾਜਾਂ ਨੂੰ ਦਿੱਤੇ ਗਏ 4000 ਕਰੋੜ ਦੇ ਪੈਕੇਜ ਵਿੱਚ ਸਿਰਫ਼ ਦੱਖਣੀ ਰਾਜਾਂ ਨੂੰ ਹੀ ਕਿਉਂ ਲਿਆ ਗਿਆ ਹੈ ਅਤੇ ਪੰਜਾਬ ਨੂੰ ਕਿਉਂ ਬਾਹਰ ਛੱਡ ਦਿੱਤਾ ਗਿਆ ਹੈ, ਉਨ੍ਹਾਂ ਦਾ ਉੱਤਰ ਸੀ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਰਾਜ ਵਿੱਚ ਸਿਰਫ਼ ਤਿੰਨ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਜ਼ਿਕਰਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੀ ਸਹਿਯੋਗੀ ਪਾਰਟੀ ਭਾਜਪਾ ਨੇ ਪੇਂਡੂ ਖ਼ੁਦਕੁਸ਼ੀਆਂ ਅਤੇ ਪੰਜਾਬ ਦੇ ਖੇਤੀ ਸੰਕਟ ਦੇ ਮਾਮਲੇ ਨੂੰ ਹਮੇਸ਼ਾਂ ਘਟਾ ਕੇ ਪੇਸ਼ ਕੀਤਾ ਹੈ।**

**ਇੰਦਰਜੀਤ ਸਿੰਘ ਜੇਜੀ**
(ਮੋਬਾਈਲ : 98143-34314)



ਇਸ ਸਾਲ ਦੇ ਸ਼ੁਰੂ ਵਿੱਚ ਉੱਤਰ ਪ੍ਰਦੇਸ਼ ਦੀ ਚੋਣ ਮੁਹਿੰਮ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ "ਮੈਂ ਯਕੀਨੀ ਬਣਾਵਾਂਗਾ ਕਿ ਲਖਨਊ ਵਿੱਚ ਸਰਕਾਰ ਬਣਦੇ ਸਾਰ ਹੀ ਪਹਿਲੀ ਕੈਬਨਿਟ ਮੀਟਿੰਗ ਵਿੱਚ ਉੱਤਰ ਪ੍ਰਦੇਸ਼ ਵਿੱਚ ਕਿਸਾਨਾਂ ਨੂੰ ਦਿੱਤੇ ਕਰਜ਼ੇ ਮੁਆਫ਼ ਕਰ ਦਿੱਤੇ ਜਾਣ" (ਫਾਇਨੈਂਸ਼ਲ ਐਕਸਪ੍ਰੈਸ; 16 ਮਾਰਚ, 2017) ਪਰ ਇੱਕ ਮਹੀਨੇ ਦੇ ਅੰਦਰ ਅੰਦਰ ਹੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨੇ ਆਪਣੀ ਸੁਰ ਬਦਲ ਲਈ। ਇਹ ਕੇਂਦਰੀ ਵਿੱਤ ਰਾਜ ਮੰਤਰੀ ਸੰਤੋਸ਼ ਕੁਮਾਰ ਗੰਗਵਾਰ ਉੱਤੇ ਛੱਡ ਦਿੱਤਾ ਗਿਆ ਕਿ ਉਹ ਰਾਜ ਸਭਾ ਨੂੰ ਦੱਸਣ "ਦੇਸ਼ ਵਿੱਚ ਕਿਸਾਨਾਂ ਦੀ ਕਰਜ਼ਾ ਮੁਆਫ਼ੀ ਦੀ ਕੇਂਦਰ ਸਰਕਾਰ ਦੀ ਕੋਈ ਯੋਜਨਾ ਨਹੀਂ ਹੈ।" ਇੱਕ ਮਹੀਨੇ ਬਾਅਦ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਫਿਰ ਕਿਹਾ "ਮੈਂ ਪਹਿਲਾਂ ਹੀ ਆਪਣੀ ਸਥਿਤੀ ਸਪਸ਼ਟ ਕਰ ਦਿੱਤੀ ਹੈ ਕਿ ਜਿਹੜੀ ਰਾਜ ਸਰਕਾਰ ਇਨ੍ਹਾਂ ਸਕੀਮਾਂ (ਕਿਸਾਨਾਂ ਦੀ ਕਰਜ਼ਾ ਮੁਆਫ਼ੀ) ਨੂੰ ਆਪਣੇ ਰਾਜ ਵਿੱਚ ਲਾਗੂ ਕਰਨਾ ਚਾਹੁੰਦੀ ਹੈ, ਉਸ ਨੂੰ ਇਸ ਲਈ ਸਾਧਨ ਖ਼ੁਦ ਜੁਟਾਉਣੇ ਪੈਣਗੇ। ਕੇਂਦਰ ਸਰਕਾਰ ਨੇ ਇਸ ਬਾਰੇ ਹੋਰ ਕੁਝ ਨਹੀਂ ਕਹਿਣਾ।"

ਕੇਂਦਰੀ ਸਰਕਾਰ ਕਿਸਾਨਾਂ ਦੀ ਸਹਾਇਤਾ ਕਰਨ ਵਿੱਚ ਰਾਜ ਸਰਕਾਰਾਂ ਦੀ ਮਦਦ ਕਰਨ ਤੋਂ ਦੋ ਆਧਾਰਾਂ 'ਤੇ ਪਿੱਛੇ ਹਟਦੀ ਆ ਰਹੀ ਹੈ: 1. ਰਾਸ਼ਟਰੀ ਖੇਤੀਬਾੜੀ ਅਤੇ ਪੇਂਡੂ ਵਿਕਾਸ ਬੈਂਕ ਤੇ ਰਿਜ਼ਰਵ ਬੈਂਕ ਆਫ਼ ਇੰਡੀਆ ਖੇਤੀਬਾੜੀ ਕਰਜ਼ੇ ਦੀ ਮੁਆਫ਼ੀ ਦੇ ਹੱਕ ਵਿੱਚ ਨਹੀਂ ਹਨ; 2. ਖੇਤੀਬਾੜੀ ਮਹਿਕਮਾ ਰਾਜ ਸਰਕਾਰ ਦੀ ਸੂਚੀ ਵਿੱਚ ਆਉਂਦਾ ਹੈ, ਇਸ ਲਈ ਕੇਂਦਰੀ ਬੱਜਟ ਵਿੱਚ ਖੇਤੀਬਾੜੀ ਦੀ ਮੱਦ ਹੇਠ ਕੋਈ ਰਾਸ਼ੀ ਜਾਰੀ ਨਹੀਂ ਕੀਤੀ ਜਾ ਸਕਦੀ। ਕੇਂਦਰ ਸਰਕਾਰ ਕਿਸਾਨਾਂ ਨੂੰ ਇਸ ਸੰਕਟ ਵਿਚੋਂ ਕੱਢਣ ਲਈ ਰਾਜ ਸਰਕਾਰਾਂ ਨੂੰ ਕਰਜ਼ਾ ਦੇ ਸਕਦੀ ਹੈ ਬਸ਼ਰਤੇ ਰਾਜ ਦਾ ਵਿੱਤੀ ਘਾਟਾ, ਉੱਥੋਂ ਦੀ ਕੁਲ ਘਰੇਲੂ ਪੈਦਾਵਾਰ ਤੋਂ 3 ਪ੍ਰਤੀਸ਼ਤ ਤੋਂ ਵੱਧ ਨਾ ਹੋਵੇ। ਜੇਕਰ ਕੋਈ ਰਾਜ ਖੇਤੀਬਾੜੀ ਕਰਜ਼ੇ ਦੀ ਮੁਆਫ਼ੀ ਲਈ ਰਾਸ਼ੀ ਰੱਖਦਾ ਹੈ ਤਾਂ ਉਸਦਾ ਵਿੱਤੀ ਘਾਟਾ ਯਕੀਨਨ 3 ਪ੍ਰਤੀਸ਼ਤ ਤੋਂ ਉੱਪਰ ਹੋਵੇਗਾ।

ਇਹ ਦੋਵੇਂ ਦਲੀਲਾਂ ਅੰਤਰ-ਵਿਰੋਧਾਂ ਦੀਆਂ ਸ਼ਿਕਾਰ ਹਨ। ਪਹਿਲਾਂ ਖੇਤੀਬਾੜੀ ਕਰਜ਼ਾ ਵਿਰੋਧ ਦੀ ਗੱਲ ਕਰਾਂਗੇ। ਰਿਜ਼ਰਵ ਬੈਂਕ ਦੇ ਗਵਰਨਰ ਊਰਜਿਤ ਪਟੇਲ ਪੂਰੇ ਜ਼ੋਰ ਨਾਲ ਕਰਜ਼ਾ ਮੁਆਫ਼ੀ ਦਾ ਵਿਰੋਧ ਕਰਦੇ ਹਨ। ਉਨ੍ਹਾਂ ਨੂੰ ਇਹ ਪਸੰਦ ਨਹੀਂ ਕਿਉਂਕਿ ਇਸ ਨਾਲ ਸਰਕਾਰ ਦਾ ਖਰਚਾ ਵਧਦਾ ਹੈ, ਵਿੱਤੀ ਘਾਟਾ ਵਧਦਾ ਹੈ ਅਤੇ ਇਹ ਅਨੈਤਿਕ ਹੈ। ਉਹ ਪੁੱਛਦੇ ਹਨ ਕਿ ਸਰਕਾਰ ਦੇ ਵਿੱਤੀ ਵਿਹਾਰ ਦਾ ਕੀ ਬਣੇਗਾ ਜੇ ਸਰਕਾਰਾਂ ਇੰਜ ਹੀ ਕਰਜ਼ੇ ਮੁਆਫ਼ ਕਰਦੀਆਂ ਰਹੀਆਂ।

ਪਰ ਸ੍ਰੀ ਪਟੇਲ ਕੇਵਲ ਖੇਤੀਬਾੜੀ ਕਰਜ਼ੇ ਦਾ ਹੀ ਜ਼ਿਕਰ ਕਰਦੇ ਹਨ। ਕਾਰਪੋਰੇਟ ਅਦਾਰਿਆਂ ਦੇ 1.14 ਲੱਖ ਕਰੋੜ ਦੇ ਕਰਜ਼ੇ ਦੀ ਮੁਆਫ਼ੀ ਜਿਹੜੀ 2013 ਤੋਂ 2015 ਦੌਰਾਨ 29 ਸਰਕਾਰੀ ਬੈਂਕਾਂ ਨੇ ਕੀਤੀ, ਉਸ ਬਾਰੇ ਉਹ ਕੁਝ ਨਹੀਂ ਕਹਿੰਦੇ। ਸਿਰਫ਼ 2016 ਵਿੱਚ ਹੀ ਡੁੱਬੇ ਕਰਜ਼ੇ, ਜਿਹੜੇ ਵੱਟੇ-ਖਾਤੇ ਪਾਏ ਗਏ, ਉਨ੍ਹਾਂ ਵਿਚੋਂ ਕਿੰਗਫਿਸ਼ਰ ਏਅਰਲਾਈਨਜ਼ ਦੀ ਸਭ ਤੋਂ ਵੱਡੀ ਰਾਸ਼ੀ (1201 ਕਰੋੜ) ਤੇ ਇਸ ਤੋਂ ਘੱਟ ਕਰਜ਼ੇ ਵਾਲੇ ਉਪਰਲੇ ਦਸਾਂ ਦੀ ਸੂਚੀ ਜਿਨ੍ਹਾਂ ਦੇ ਔਸਤ ਕਰਜ਼ੇ ਦੀ ਰਾਸ਼ੀ 400 ਕਰੋੜ ਸੀ, ਉੱਤੇ ਲਕੀਰ ਫੇਰੀ ਗਈ।

ਜਦੋਂ ਕੁਝ ਵੱਡੇ ਡਿਫ਼ਾਲਟਰਾਂ ਦੇ ਨਾਂ ਅਖਬਾਰਾਂ ਵਿੱਚ ਆਏ ਹਨ, ਇਹ ਸਪਸ਼ਟ ਨਹੀਂ ਹੈ ਕਿ ਰਿਪੋਰਟਰਾਂ ਕੋਲ ਇਹ ਨਾਂ ਕਿਸ ਤਰ੍ਹਾਂ ਆਏ ਕਿਉਂਕਿ ਰਿਜ਼ਰਵ ਬੈਂਕ ਨੇ ਉਨ੍ਹਾਂ ਲੋਕਾਂ ਦੇ ਨਾਵਾਂ ਦੀ ਸੂਚੀ ਜਨਤਕ ਕਰਨ ਤੋਂ ਨਾਂਹ ਕਰ ਦਿੱਤੀ ਜਿਨ੍ਹਾਂ ਨੇ ਪਬਲਿਕ ਸੈਕਟਰ ਬੈਂਕਾਂ ਤੋਂ ਕਰਜ਼ੇ ਲਏ ਸਨ, ਪਰ ਉਨ੍ਹਾਂ ਨੇ ਭੁਗਤਾਨ ਅਜੇ ਤਕ ਨਹੀਂ ਕੀਤਾ। ਅਜਿਹਾ ਸੁਪਰੀਮ ਕੋਰਟਾਂ ਦੇ ਹੁਕਮਾਂ ਦੇ ਬਾਵਜੂਦ ਕੀਤਾ ਗਿਆ ਕਿ ਇਸ ਜਾਣਕਾਰੀ ਨੂੰ ਜਨਤਕ ਬਣਾਇਆ ਜਾਵੇ।

ਚਲੋ ਘੱਟੋ ਘੱਟ ਹਰ ਕੋਈ ਇੱਕ ਵੱਡੇ ਡਿਫ਼ਾਲਟਰ ਦਾ ਨਾਂ ਤਾਂ ਜਾਣਦਾ ਹੀ ਹੈ- ਉਹ ਹੈ ਪਾਰਲੀਮੈਂਟ ਮੈਂਬਰ ਵਿਜੈ ਮਾਲਿਆ ਉਰਫ਼ 'ਭਲੇ ਵੇਲਿਆਂ ਦਾ ਰਾਜਾ'। ਮਾਲਿਆ ਯੂਨਾਈਟਿਡ ਸਪਿਰਿਟਸ, ਕਿੰਗਫਿਸ਼ਰ, ਫੋਰਸ ਇੰਡੀਆ ਤੇ ਹੋਰ ਕਈ ਛੋਟੇ ਕਾਰੋਬਾਰਾਂ ਦਾ ਮਾਲਕ ਹੈ। ਉਸ ਉੱਤੇ ਬੈਂਕਾਂ, ਸਰਕਾਰ ਅਤੇ ਆਪਣੇ ਪੁਰਾਣੇ ਕਰਮਚਾਰੀਆਂ ਦਾ ਕਰਜ਼ਾ ਹੋਣ ਦਾ ਦਾਅਵਾ ਹੈ।

ਇੱਕ ਹੋਰ ਡਿਫ਼ਾਲਟਰ ਆਂਧਰਾ ਪ੍ਰਦੇਸ਼ ਦੀ ਅਰਾਕੂ ਵੈਲੀ ਦੀ ਸੰਸਦ ਮੈਂਬਰ ਕੇ. ਗੀਤਾ ਹੈ। ਉਸ ਦੇ ਅਤੇ ਉਸ ਦੇ ਪਤੀ ਉੱਤੇ ਬੈਂਕ ਦੇ 81.21 ਕਰੋੜ ਰੁਪਏ ਅਦਾ ਨਾ ਕਰਨ ਕਰਕੇ ਪੰਜਾਬ ਨੈਸ਼ਨਲ ਬੈਂਕ ਵੱਲੋਂ ਉਨ੍ਹਾਂ ਉੱਤੇ ਕੀਤੇ ਮੁੱਕਦਮੇ ਦੀ ਖ਼ਬਰ ਪ੍ਰੈੱਸ ਵਿੱਚ ਆਉਣ ਪਿੱਛੋਂ ਉਸ ਨੂੰ ਕੱਢਿਆ ਗਿਆ। ਇਹ ਕਰਜ਼ਾ ਪੀ.ਐੱਨ.ਬੀ., ਹੈਦਰਾਬਾਦ ਦੇ ਅਮੀਰ ਇਲਾਕੇ ਦੀ ਸ਼ਾਖਾ ਵਿਚੋਂ 2008 ਵਿੱਚ ਲਿਆ ਗਿਆ ਸੀ ਤੇ 31 ਦਸੰਬਰ 2009 ਨੂੰ 25 ਲੱਖ ਦਾ ਚੈੱਕ ਬਾਊਂਸ ਹੋਣ ਪਿੱਛੋਂ ਇਸ ਨੂੰ ਘਾਟੇ ਵਾਲਾ ਨਕਾਰਾ ਕਾਰੋਬਾਰ ਕਰਾਰ ਕਰ ਦਿੱਤਾ ਗਿਆ।

ਡਿਫ਼ਾਲਟਰਾਂ ਦੀ ਪਛਾਣ ਨੂੰ ਜਨਤਕ ਬਣਾਉਣ ਤੋਂ ਨਾਂਹ ਦਾ ਸਬੰਧ ਸਿਰਫ਼ ਵੱਡੇ ਕਰਜ਼ਾ ਲੈਣ ਵਾਲਿਆਂ ਨਾਲ ਹੈ। ਦੂਜੇ ਪਾਸੇ ਜਦੋਂ ਇੱਕ ਛੋਟਾ ਕਿਸਾਨ ਕਰਜ਼ਾ ਅਦਾ ਨਹੀਂ ਕਰਦਾ ਤਾਂ ਉਸ ਦੀ ਜਾਇਦਾਦ ਦੀ ਕੁਰਕੀ ਤੋਂ ਪਹਿਲਾਂ ਅਖ਼ਬਾਰਾਂ ਵਿੱਚ ਇਸ਼ਤਿਹਾਰ ਦਿੱਤਾ ਜਾਂਦਾ ਹੈ। 28 ਅਪ੍ਰੈਲ 1998 ਨੂੰ ਐੱਮ. ਏ.ਐੱਸ. ਆਰ. ਨੇ ਰਾਸ਼ਟਰਪਤੀ ਕੇ.ਆਰ. ਨਾਰਾਇਣਨ ਨੂੰ ਲਿਖਿਆ ਸੀ: "ਬਿਨਾਂ ਸ਼ੱਕ ਤੁਸੀਂ ਜਾਣਦੇ ਹੋਵੋਂਗੇ ਕਿ ਕਈ ਰਾਜਾਂ ਵਿੱਚ ਕਿਸਾਨਾਂ ਵੱਲੋਂ ਖ਼ੁਦਕੁਸ਼ੀਆਂ ਕਰਨ ਦੀਆਂ ਘਟਨਾਵਾਂ ਇਸ ਹੱਦ ਤਕ ਵਧ ਗਈਆਂ ਹਨ ਕਿ ਇਹ ਰਾਸ਼ਟਰੀ ਚਿੰਤਾ ਦਾ ਵਿਸ਼ਾ ਬਣ ਗਈਆਂ ਹਨ। ਪ੍ਰੈੱਸ ਵਿੱਚ ਆਉਂਦੀਆਂ ਖ਼ਬਰਾਂ ਇਨ੍ਹਾਂ ਮੌਤਾਂ ਦਾ ਸਬੰਧ ਘਾਟੇ ਵਾਲੀਆਂ ਕੀਮਤਾਂ, ਫ਼ਸਲਾਂ ਦੀ ਮਾਰ ਅਤੇ ਕਰਜ਼ੇ ਨਾਲ ਜੋੜਦੀਆਂ ਹਨ।" ਰਾਸ਼ਟਰਪਤੀ ਨੇ ਇਹ ਜਾਣਕਾਰੀ ਪ੍ਰਧਾਨ ਮੰਤਰੀ ਅਤੇ ਯੋਜਨਾ ਕਮਿਸ਼ਨ ਕੋਲ ਭੇਜ ਦਿੱਤੀ।

ਉਸੇ ਸਾਲ ਬਾਅਦ ਵਿੱਚ ਜਦੋਂ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅੰਮ੍ਰਿਤਸਰ ਫੇਰੀ ਵੇਲੇ ਇੱਕ ਰੈਲੀ ਵਿੱਚ ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪੁੱਛਿਆ ਕਿ ਪੰਜਾਬ ਵਿੱਚ ਕੋਈ ਪੇਂਡੂ ਆਤਮ-ਹੱਤਿਆ ਹੋਈ ਹੈ ਤਾਂ ਸ੍ਰੀ ਬਾਦਲ ਨੇ ਰਾਜ ਵਿੱਚ ਕਿਸੇ ਕਿਸਾਨ ਵੱਲੋਂ ਆਤਮ-ਹੱਤਿਆ ਦੀ ਘਟਨਾ ਨੂੰ ਨਾਕਾਰ ਦਿੱਤਾ। ਰਾਜ ਦੀ ਵਿਧਾਨ ਸਭਾ ਵਿੱਚ ਇਸ ਬਿਆਨ ਨੂੰ ਲੈ ਕੇ ਹੰਗਾਮਾ ਹੋਇਆ। ਹਰਦੇਵ ਸਿੰਘ ਅਰਸ਼ੀ ਵਰਗੇ ਵਿਧਾਇਕਾਂ ਨੇ ਦੱਸਿਆ ਕਿ ਪੰਜਾਬ ਵਿੱਚ ਇਹ ਆਤਮ-ਹੱਤਿਆਵਾਂ ਆਮ ਹਨ। ਸ੍ਰੀ ਬਾਦਲ ਨੇ ਉਨ੍ਹਾਂ ਦੇ ਪੱਖ ਨੂੰ ਸਵੀਕਾਰ ਕੀਤਾ ਤੇ ਆਤਮ-ਹੱਤਿਆ ਦੇ ਸ਼ਿਕਾਰ ਹਰ ਪਰਿਵਾਰ ਨੂੰ 2.5 ਲੱਖ ਰੁਪਏ ਦੀ ਰਾਸ਼ੀ ਦੇਣ ਦਾ ਵਾਅਦਾ ਕੀਤਾ। ਉਸ ਤੋਂ ਬਾਅਦ ਉਹ ਇੱਕ ਸਾਲ ਤਕ ਉਸ ਅਹੁਦੇ ਉੱਤੇ ਰਹੇ, ਪਰ ਉਨ੍ਹਾਂ ਨੇ ਆਪਣਾ ਇਹ ਵਾਅਦਾ ਪੂਰਾ ਨਹੀਂ ਕੀਤਾ।

2008 ਵਿੱਚ ਤਤਕਾਲੀ ਕੇਂਦਰੀ ਖੇਤੀ ਮੰਤਰੀ ਸ਼ਰਦ ਪਵਾਰ ਨੂੰ ਪੁੱਛਿਆ ਗਿਆ ਕਿ ਆਤਮ-ਹੱਤਿਆ ਤੋਂ ਪ੍ਰਭਾਵਿਤ ਰਾਜਾਂ ਨੂੰ ਦਿੱਤੇ ਗਏ 4000 ਕਰੋੜ ਦੇ ਪੈਕੇਜ ਵਿੱਚ ਸਿਰਫ਼ ਦੱਖਣੀ ਰਾਜਾਂ ਨੂੰ ਹੀ ਕਿਉਂ ਲਿਆ ਗਿਆ ਹੈ ਅਤੇ ਪੰਜਾਬ ਨੂੰ ਕਿਉਂ ਬਾਹਰ ਛੱਡ ਦਿੱਤਾ ਗਿਆ ਹੈ, ਉਨ੍ਹਾਂ ਦਾ ਉੱਤਰ ਸੀ ਕਿ ਪੰਜਾਬ ਦੇ ਮੁੱਖ

ਬਾਕੀ ਸਫ਼ਾ 33 'ਤੇ

## 'ਦ ਬਲੈਕ ਪ੍ਰਿੰਸ' ਦੇ ਹਵਾਲੇ ਨਾਲ...

# ਤੰਦਾਂ ਤੋਂ ਮੁਨਕਰ ਕਿਰਦਾਰਾਂ ਦੇ ਦਰਦਾਂ ਵਾਲਾ ਦੇਸ਼

**ਹਰਪ੍ਰੀਤ ਸਿੰਘ ਕਾਹਲੋਂ**
ਫ਼ੋਨ : 97798-88335

'ਦੀ ਬਲੈਕ ਪ੍ਰਿੰਸ' ਦੇ ਬਹਾਨੇ ਅਸੀ ਅਤੇ ਇਤਿਹਾਸ ਦਰਮਿਆਨ ਬਹੁਤ ਸਾਰੀਆਂ ਗੱਲਾਂ ਸਾਹਮਣੇ ਆ ਕੇ ਖੜ੍ਹੋ ਗਈਆਂਤਜਿਨ੍ਹਾਂ ਨੂੰ ਲੈ ਕੇ ਮੈਂ ਅਪਣਾ



ਨਜ਼ਰੀਆ ਸਾਂਝਾ ਕਰ ਰਿਹਾ ਹਾਂ...

......'ਦੀ ਬਲੈਕ ਪ੍ਰਿੰਸ' ਫਿਲਮ ਦੇ ਆਉਣ ਨਾਲ ਪੰਜਾਬ ਨੂੰ ਜਜ਼ਬਾਤੀ ਹੁੰਦੇ ਵੇਖਿਆ ਹੈ। ਇਸ ਜਜ਼ਬਾਤ 'ਚ ਅਹਿਸਾਸ, ਦਰਦ ਅਤੇ ਬੀਤੇ ਸਮੇਂ ਦਾ ਅਣਫੋਲਿਆ ਸਫਾ ਸਾਹਮਣੇ ਆਇਆ ਹੈ ਜਿਸ ਨਾਲ ਅਸੀ ਫਿਰ ਤੋਂ ਦੇਸ਼ ਪੰਜਾਬ ਦੀ ਗੱਲ ਤੋਰ ਰਹੇ ਹਾਂ। ਪਰ ਇਸ ਫ਼ਿਲਮ ਦੇ ਬਹਾਨੇ ਆਪਣਿਆਂ ਅੰਦਰ ਹੀ ਇੱਕ ਬਹਿਸ ਹੈ ਕਿ ਕੋਈ ਇਸ ਨੂੰ ਹੇਰਵਾ ਕਹਿ ਰਿਹਾ ਹੈ। ਕੋਈ ਰਜਵਾੜਾਸ਼ਾਹੀ ਦੇ ਮੁਰੀਦ ਹੋਣ ਦਾ ਦੋਸ਼ ਲਾ ਰਿਹਾ ਹੈ ਤੇ ਕੋਈ ਇਹਨੂੰ ਸਿੱਖਾਂ ਵੱਲੋਂ ਪ੍ਰਭਾਸ਼ਿਤ ਸੰਕਲਪ ਦੱਸ ਰਿਹਾ ਹੈ।

ਗੱਲ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਇਹ ਸਮਝਦਾ ਹਾਂ ਕਿ ਫਿਲਮ ਦੇ ਇੱਕ ਜ਼ਰੀਏ ਦੇ ਤੌਰ 'ਤੇ ਇਹਦੀ ਤਕਨੀਕੀ ਵਿਆਖਿਆ ਹੋ ਸਕਦੀ ਹੈ ਅਤੇ ਹੋਣੀ ਚਾਹੀਦੀ ਹੈ ਪਰ ਮੇਰਾ ਨੁਕਤਾ ਇਸ ਵਿਸ਼ੇ ਨੂੰ ਲੈ ਕੇ ਪੈਦਾ ਹੁੰਦੀ ਬਹਿਸ ਨੂੰ ਲੈ ਕੇ ਹੈ ਜੋ ਪੰਜਾਬ ਨੂੰ ਸਿੱਖ ਵਿਚਾਰਕ ਬਨਾਮ ਖੱਬੇਪੱਖੀ ਬਨਾਮ ਸੋ ਤੇ ਸੋ ਬਨਾਮ ਕਿੰਨਾ ਕੁਝ ਬਨਾਮ ਲਿਆ ਖੜ੍ਹਾ ਕਰਦੀ ਹੈ। ਇਸੇ ਬਨਾਮ 'ਚ ਸਿਰਫ ਵਿਰੋਧ ਲਈ ਬਹਿਸੀ ਜਾਣਾ ਵਿਚਾਰਧਾਰਾ ਦੀ ਬੁਨਿਆਦੀ ਮਜਬੂਰੀ ਹੋ ਜਾਂਦੀ ਹੈ ਕਿ ਵਿਚਾਰਧਾਰਾ ਤੁਹਾਨੂੰ ਆਪਣੇ ਦਾਇਰੇ ਤੋਂ ਬਾਹਰ ਜਾਣ ਦੀ ਆਗਿਆ ਨਹੀਂ ਹੁੰਦੀ। ਅਜਿਹੇ ਦਾਇਰੇ ਖਤਰਨਾਕ ਵੀ ਹੁੰਦੇ ਹਨ।

ਮੈਂ ਇਸ ਤੋਂ ਬਾਹਰ ਹੋ ਨੁਕਤਿਆਂ ਨੂੰ ਵੇਖਦਾ ਹਾਂ। ਮਹਾਰਾਜਾ ਰਣਜੀਤ ਸਿੰਘ ਨੂੰ ਸਮਝਣ ਲਈ ਕੋਈ ਉਲਝਣ ਹੋਣੀ ਹੀ ਨਹੀਂ ਚਾਹੀਦੀ ਸੀ। ਉਹ ਇੱਕ ਰਾਜਾ ਸੀ ਸੋ ਸੁਭਾਵਕ ਰਜਵਾੜਾਸ਼ਾਹੀ ਸੀ। ਰਜਵਾੜਾਸ਼ਾਹੀ ਦਾ ਸੁਭਾਅ ਲੋਕਤੰਤਰੀ ਤਾਂ ਹੁੰਦਾ ਨਹੀਂ ਸੋ ਰਾਜ ਧਰਮ ਦੀਆਂ ਆਪਣੀ ਖ਼ੂਬੀਆਂ ਅਤੇ ਘਾਟਾਂ ਹਨ ਜਿਨ੍ਹਾਂ ਨੂੰ ਰਲਗੱਡ ਕੀਤੇ ਬਗੈਰ ਮਹਾਰਾਜਾ ਦੀ ਅਤੇ ਉਹਦੇ ਰਾਜ ਦੀ ਕਿਰਦਾਰਕੁਸ਼ੀ ਕੀਤੇ ਬਗੈਰ ਗੱਲ ਹੋ ਸਕਦੀ ਹੈ। ਅਜਿਹਾ ਮੈਂ ਸਮਝਦਾ ਹਾਂ।

ਉਹਦੇ ਰਾਜ 'ਚ ਹਿੰਦੂ ਮੁਸਲਮਾਨ ਸਿੱਖ ਸਭ ਸਨ ਅਤੇ ਉਹਨੇ ਘੱਟੋ ਘੱਟ ਅਜਿਹਾ ਪ੍ਰਬੰਧ ਰੱਖਿਆ ਸੀ ਕਿ ਸਭ ਨੂੰ ਨਾਲ ਲੈ ਕੇ ਚੱਲਿਆ ਜਾਵੇ। ਇਸ ਦੇ ਬਾਵਜੂਦ ਉਹਦਾ ਇੱਕ ਆਪਣਾ ਧਰਮ ਵੀ ਸੀ। ਉਹ ਸਿੱਖ ਸੀ ਅਤੇ ਸਿੱਖ ਹੋਣ ਦੇ ਨਾਤੇ ਜੋ ਸੋਚ ਮਹਾਰਾਜਾ ਰਣਜੀਤ ਸਿੰਘ ਦੀ ਸੀ ਉਹ ਉਹਦੇ ਅੱਗੇ ਉਹਦੇ ਪੁੱਤ ਮਹਾਰਾਜਾ ਦਲੀਪ ਸਿੰਘ ਦੀ ਹੋਣੀ ਵੀ ਸੁਭਾਵਕ ਹੈ।

ਮਹਾਰਾਜਾ ਦੀ ਸਰਕਾਰ ਨੂੰ ਸਰਕਾਰ ਖ਼ਾਲਸਾ ਕਿਹਾ ਜਾਂਦਾ ਸੀ ਅਤੇ ਉਹਦੀ ਕੋਰਟ ਨੂੰ ਦਰਬਾਰ ਖ਼ਾਲਸਾ ਕਿਹਾ ਜਾਂਦਾ ਸੀ। ਉਹਨੇ ਹਿੰਦੂਆਂ ਦੇ ਬਹੁਤਾਤ ਇਲਾਕੇ 'ਚ ਗਾਵਾਂ ਦੇ ਮੀਟ ਦੀ ਮਨਾਹੀ ਕੀਤੀ ਸੀ ਪਰ ਇਹਦਾ ਅਰਥ ਇਹ ਨਹੀਂ ਸੀ ਕਿ ਉਹ ਮੁਸਲਮਾਨਾਂ ਨੂੰ ਇਸ ਤੋਂ ਵਰਜਦਾ ਸੀ। ਉਹਨੇ ਅਜਿਹਾ ਯਕੀਨੀ ਬਣਾਇਆ ਸੀ ਕਿ ਕਿਸੇ ਇੱਕ ਨੂੰ ਦਿੱਤੀ ਸਹੂਲੀਅਤ ਦੂਜੇ ਦੀ ਅਜ਼ਾਦੀ 'ਚ ਰੋੜਾ ਨਾ ਬਣੇ।

ਪੰਜਾਬ ਦੀ ਉਸ ਸਮੇਂ ਦੀ ਵਸੋਂ ਬਹੁਤਾਤ 'ਚ ਮੁਸਲਮਾਨਾਂ ਦੀ ਸੀ। ਲਗਾਤਾਰ ਨਾਦਰਸ਼ਾਹੀ ਅਤੇ ਅਬਦਾਲੀ ਹਮਲਿਆਂ ਤੋਂ ਅਤੇ ਦਿੱਲੀ ਦੇ ਤਖ਼ਤ ਦੀ ਡਾਵਾਂਡੋਲਤਾ ਤੋਂ ਬਾਅਦ ਮੁਸਲਮਾਨਾਂ ਨੇ ਮਹਾਰਾਜਾ ਦਾ ਰਾਜ ਕਬੂਲ ਕੀਤਾ ਸੀ ਕਿਉਂਕਿ ਉਹਨੇ ਇਸ ਗੱਲ ਨੂੰ ਯਕੀਨੀ ਬਣਾਇਆ ਸੀ। ਉਹਦੇ ਰਾਜ 'ਚ ਕੋਈ ਵੀ ਵੱਡੀ ਫਿਰਕੂ ਹਿੰਸਾ ਦੀ ਖ਼ਬਰ ਨਹੀਂ ਮਿਲਦੀ।

ਬਾਕੀ ਜਿਹੜਾ ਉਹਦੇ ਪਰਿਵਾਰ ਦੇ ਅੰਦਰ



ਦੀਆਂ ਸਾਜਿਸ਼ਾਂ ਅਤੇ ਕਤਲੋਗਾਰਦ ਦੀਆਂ ਖ਼ਬਰਾਂ ਹਨ ਉਹ ਉਸ ਦੌਰ ਦੀ ਰਜਵਾੜਾਸ਼ਾਹੀ ਦੀ ਸੁਭਾਵਿਕ ਨਿਸ਼ਾਨੀ ਸੀ। ਅਜਿਹਾ ਉਸ ਦੌਰ ਅੰਦਰ ਜਹਾਂਗੀਰ ਤੋਂ ਲੈ ਕੇ ਉਸ ਸਮੇਂ ਦੇ ਸੂਬੇਦਾਰਾਂ ਮੀਰ ਮੰਨੂ ਅਤੇ ਬਾਦਸ਼ਾਹ ਸ਼ਾਹ ਆਲਮ ਦੇ ਪਰਵਾਰਕ ਵਰਤਾਰੇ 'ਚ ਵੀ ਵਿਖਦਾ ਹੈ। ਮਹਰਾਜਾ ਰਣਜੀਤ ਸਿੰਘ ਦੀ ਮਹਾਨਤਾ ਸੀ ਕਿ ਉਹਨੇ ਪੇਸ਼ੇ ਵਜੋਂ ਇੱਕ ਨੱਚਣ ਵਾਲੀ ਮੋਰਾਂ ਕੰਜਰੀ ਨੂੰ ਵੀ ਇੱਜ਼ਤ ਦਿੱਤੀ ਅਤੇ ਉਹਨੂੰ ਬਕਾਇਦਾ ਵਿਆਹ ਕਰਕੇ ਲਿਆਇਆ ਸੀ। ਇਸ ਬੁਨਿਆਦ 'ਤੇ ਖਲੋਤਾ ਦੇਸ਼ ਪੰਜਾਬ ਦਾ ਸ਼ਾਸ਼ਨ ਮਹਾਰਾਜਾ ਦਲੀਪ ਸਿੰਘ ਤੱਕ ਅਤੇ ਉਹਦੇ ਜਵਾਨ ਹੋਣ ਤੱਕ ਕੀ ਭੁਗਤ ਰਿਹਾ ਹੈ, ਮੈਂ ਇਸ ਤੰਦ ਤੋਂ ਫਿਲਮ ਨੂੰ ਵੇਖ ਰਿਹਾ ਹਾਂ।

ਇਸ ਫਿਲਮ ਨੂੰ ਵੇਖਣ ਵਾਲਿਆਂ ਦੀ ਭਾਵਨਾ ਨੂੰ ਲੈ ਕੇ ਜਦੋਂ ਇਹਨੂੰ ਹੇਰਵਾ ਕਿਹਾ ਜਾਂਦਾ ਹੈ ਤਾਂ ਇਤਿਹਾਸ ਦੀ ਇੱਕ ਪਰਿਭਾਸ਼ਾ ਹੈ ਕਿ Every History is an Autobiography ਇਸ ਪਰਿਭਾਸ਼ਾ ਨਾਲ ਚੱਲਦੇ ਹੋਏ ਮੈਂ ਆਪਣੀ ਗੱਲ ਰੱਖ ਰਿਹਾ ਹਾਂ। ਮੇਰਾ ਕਿਸੇ ਨਾਲ ਬਹਿਸਣ ਦਾ ਕੋਈ ਇਰਾਦਾ ਨਹੀਂ। ਬੱਸ ਮੈਂ ਥੋੜ੍ਹਾ ਫਿਕਰ 'ਚ ਹਾਂ ਕਿ ਇਤਿਹਾਸ ਨੂੰ ਨਾ ਵੇਖਣ ਨਾਲ ਅਸੀ ਕੱਲ੍ਹ ਅੱਜ ਅਤੇ ਕੱਲ੍ਹ ਦੀ ਨਜ਼ਰ ਤੋਂ ਬਾਹਰ ਹੋ ਜਾਵਾਂਗੇ। ਅੱਗੇ ਨੂੰ ਵੇਖਣ ਲਈ ਪਿੱਛੇ ਨੂੰ ਵੇਖਣਾ ਵੀ ਜ਼ਰੂਰੀ ਹੁੰਦਾ ਹੈ।

ਮੈਂ ਕੌਣ ਹਾਂ ?

ਜੇ ਮੇਰੇ 'ਚੋਂ ਮੇਰੀ ਜ਼ੁਬਾਨ, ਮਿੱਟੀ ਦਾ ਰਿਸ਼ਤਾ, ਧਰਮ, ਪੁਰਖਿਆਂ ਦਾ ਇਤਿਹਾਸ ਅਤੇ ਉਸ ਇਤਿਹਾਸ ਨਾਲ ਮੇਰਾ ਨਾਤਾ ਕੱਢ ਦਿੱਤਾ ਜਾਵੇ ਤਾਂ ਕੁੱਲ ਜਮ੍ਹਾਂ ਬਾਕੀ ਬਕਾਇਆ ਕੀ ਬੱਚਦਾ ਹੈ ਆਖਰ ?

ਫੇਰ ਵਿਸਾਖੀ ਦਾ ਮਨਾਉਣਾ ਵੀ ਕੀ ਹੈ ਅਤੇ ਦਿਵਾਲੀ ਦੇ ਦੀਵੇ ਵੀ ਕੀ ਹਨ ?

ਪੋਹ ਦੀ ਸ਼ਾਹਦਤ ਨਾਲ ਸਾਡਾ ਰਿਸ਼ਤਾ ਕੀ ਹੈ ਅਤੇ ਉਹਨਾਂ ਫੋਟੋਆਂ ਨੂੰ ਵੇਖ ਚਾਚੇ ਬਸ਼ੀਰ, ਬਾਪੂ ਗੰਡਾ ਸਿੰਘ ਤੇ ਰਾਮਦੀਨ ਦੀ ਸਾਂਝ ਵੀ ਕੀ ਹੈ ?

ਜੇ ਇਹ ਉਦਰੇਵਾਂ (Nostalgia), ਇੱਕ ਹੇਰਵਾ ਹੈ ਤਾਂ ਸਾਡਾ ਅੱਜ ਵੀ ਕੀ ਹੈ ਅਤੇ ਭੱਵਿਖ ਨੂੰ ਵੇਖਣਾ ਜਾਂ ਉਸ ਲਈ ਆਸਵੰਦ ਹੋਣਾ ਵੀ ਕੀ ਹੈ ?

ਜੇ ਜਜ਼ਬਾਤ ਇੱਕ ਸ਼ੁਦਾ ਹੈ ਤਾਂ ਫਿਰ ਰਿਸ਼ਤਿਆਂ ਦਾ ਹੋਣਾ ਵੀ ਕੀ ਹੈ ?

47 ਦੀ ਵੰਡ ਕੀ ਹੈ ਅਤੇ ਉਸੇ 'ਚੋਂ ਸਾਡੇ ਬਾਬੇ ਲਾਹੌਰ, ਚਾਵੜੀ ਬਜ਼ਾਰ, ਰਾਵਲਪਿੰਡੀ, ਚਾਂਦਨੀ ਚੌਂਕ ਨੂੰ ਯਾਦ ਕਰਦੇ ਮਰ ਗਏ ਜਾਂ ਮਰ ਜਾਣਾ ਏ ਇੱਕ ਦਿਨ, ਆਖਰ ਇਹ ਦਰਦ ਕੀ ਹੈ ?

ਫਿਰ ਜਲ੍ਹਿਆਂ ਵਾਲੇ ਬਾਗ ਜਾਣਾ ਵੀ ਕੀ ਹੈ ਅਤੇ ਭਗਤ ਸਿੰਘ ਦੇ ਖਟਕੜ ਕਲਾਂ ਵਾਲੇ ਘਰ ਨੂੰ ਵੇਖਣਾ ਵੀ ਕੀ ਹੈ ?

ਘੱਟੋ ਘੱਟ ਭਾਵਨਾਵਹੀਨ ਮੁਨਕਰ ਆਦਮ ਮੈਂ ਤਾਂ ਨਹੀਂ ਹੋ ਸਕਦਾ। ਮੇਰੀ ਤੰਦ ਮੇਰੇ ਅਤੀਤ ਨਾਲ ਹੀ ਉਹ ਤੰਦ ਹੈ ਜੋ ਮੇਰੇ ਜਿਉਂਦੇ ਹੋਣ ਦੇ ਪੂਰਨੇ ਪਾਉਂਦਾ ਹੈ। ਸਾਡੇ ਦਾਦੇ ਨੇ ਜੋ ਕਦਰਾਂ ਕੀਮਤਾਂ ਸਿੱਖੀਆਂ ਅਤੇ ਉਹ ਜੋ ਅਸਾਂ ਤੱਕ ਪਹੁੰਚਈਆਂ ਉਹ ਸਾਡੇ ਪਰਿਵਾਰ ਦੀ ਕਦਰਾਂ ਕੀਮਤਾਂ ਦੀ ਵਿਰਾਸਤ ਦੇ ਹੇਰਵੇ 'ਚੋਂ ਹੀ ਸਿੱਖੀ ਗਈ ਹੈ।

ਅਜਿਹੇ 'ਚ ਹੁਣ ਜੇ ਮੈਂ ਫਿਲਮ ਓਸ਼ੀਅਨ ਆਫ ਪਰਲ ਦੇ ਡਾ. ਅੰਮ੍ਰਿਤ ਸਿੰਘ ਅਤੇ ਦੀ ਬਲੈਕ ਪ੍ਰਿੰਸ ਦੇ ਮਹਾਰਾਜਾ ਦਲੀਪ ਸਿੰਘ ਦੀ ਤੜਪ ਮਹਿਸੂਸ ਕਰਾਂਗਾ ਤਾਂ ਹੀ ਸਮਝ ਸਕਾਂਗਾ ਕਿ ਮਹਾਰਾਜਾ ਦਲੀਪ ਸਿੰਘ ਦਾ ਦਰਦ ਕੀ ਹੈ। ਫਿਲਮ ਓਸ਼ੀਅਨ ਆਫ ਪਰਲ ਦੀ ਸ਼ੁਰੂਆਤ ਬਹੁਤ ਹੀ ਦਾਰਸ਼ਨਿਕ ਹੈ। ਫਿਲਮ ਦਾ ਨਾਇਕ ਆਪਣੇ ਬਾਰੇ ਦੱਸਦਾ ਹੋਇਆ ਸਵਾਲ ਪਾਉਂਦਾ ਹੈ ਕਿ ਜ਼ਿੰਦਗੀ ਦੇ ਇਸ ਚੱਕਰ ਬਾਰੇ ਕੀ ਕਦੀ ਸੋਚਿਆ ਹੈ ? ਅਸੀ ਆਪਣੇ ਮਾਂ ਪਿਓ ਦੇ ਘਰ ਹੀ ਉਹਨਾਂ ਲਈ ਕਿਉਂ ਪੈਦਾ ਹੁੰਦੇ ਹਾਂ ? ਇਸ ਸੰਸਾਰ 'ਚ ਏਨੀ ਧਰਤੀ ਹੈ ਪਰ ਅਸੀ ਆਪਣੇ ਦੇਸ਼ ਆਪਣੇ ਸ਼ਹਿਰ ਹੀ ਕਿਉਂ ਪੈਦਾ ਹੋਏ ? ਇੱਥੇ ਨਾਇਕ ਕਹਿੰਦਾ ਹੈ ਕਿ ਕਿਉਂ ਕੋਈ ਨਵੀਂ ਦੁਨੀਆਂ 'ਚ ਆ ਕੇ ਪੁਰਾਣੇ ਨੂੰ ਜਿਓਂਦਾ ਰੱਖਣ ਲਈ ਸੰਘਰਸ਼ ਕਰਦਾ ਹੈ। ਬੇਸ਼ੱਕ ਸਿਆਣੇ ਕਹਿੰਦੇ ਹਨ ਕਿ ਅੱਜ ਦੀ ਗਲਤੀ ਕੱਲ੍ਹ ਦਾ ਸੱਭਿਆਚਾਰ ਅਤੇ ਪਰਸੋਂ ਦਾ ਕਾਨੂੰਨ, ਇਹ ਇੰਝ ਹੀ ਚੱਲਦਾ ਹੈ। ਇਸੇ 'ਚ ਪੁਰਾਣੇ ਤੋਂ ਨਵੇਂ ਦਾ ਸੰਘਰਸ਼ ਹੈ। ਪੀੜ੍ਹੀ ਪਾੜਾ ਹੈ, ਸੱਭਿਅਤਾਵਾਂ ਦਾ ਅੰਤਰ ਹੈ। ਇਹ ਹਰ ਉਹ ਸ਼ੈ 'ਚ ਹੈ ਜਿੱਥੇ ਪਰਵਾਸ ਹੈ। ਇਹ ਵਜੂਦ ਦਾ ਸੰਘਰਸ਼ ਹੈ।

ਓਸ਼ੀਅਨ ਆਫ ਪਰਲਜ਼ ਦਾ ਨੁਕਤਾ ਹੈ ਕਿ
ਮੈਂ ਮਰ ਜਾਵਾਂ ਇਹ ਮੌਤ ਨਹੀਂ
ਮੇਰੀ ਆਤਮਾ ਮਰ ਜਾਵੇ ਅਸਲ ਮੌਤ ਹੈ

ਇਸੇ ਵਜੂਦ ਨੂੰ ਅੰਨ੍ਹੇ ਘੋੜੇ ਦਾ ਦਾਨ ਫਿਲਮ ਦਾ ਮਜ਼ਦੂਰ ਪਾਤਰ ਇੰਝ ਕਹਿੰਦਾ ਹੈ ਕਿ
ਕਹਿੰਦੇ ਨੇ ਆਤਮਾ ਮਰਦੀ ਨਹੀਂ
ਜੇ ਆਤਮਾ ਮਰਦੀ ਨਹੀਂ
ਤਾਂ ਫਿਰ ਮੌਤ ਕੀ ਹੋਈ ?

ਜੁੰਪਾ ਲਹਿਰੀ ਆਪਣੇ ਨਾਵਲਦੀ ਨੇਮਸੇਕ' 'ਚ ਵੀ ਇਹੋ ਤਲਾਸ਼ ਕਰਦੀ ਹੈ। ਇਸ ਨਾਵਲ ਦੇ ਕਿਰਦਾਰ ਅਸ਼ੋਕ ਅਤੇ ਆਸ਼ਿਮਾ ਗਾਂਗੁਲੀ ਦਾ ਆਪਣੇ ਮੁੰਡੇ ਨਿਖਿਲ ਗੋਗੁਲ ਗਾਂਗੁਲੀ ਨਾਲ ਅਮਰੀਕਾ 'ਚ ਬੰਗਾਲ ਨੂੰ ਲੱਭਣਾ ਉਸੇ ਜੜ੍ਹਾਂ ਦਾ ਸੰਵਾਦ ਹੈ ਜਿਸ ਨਾਲ ਪੀੜ੍ਹੀ ਦਰ ਪੀੜ੍ਹੀ ਅਸੀ ਆਪਣੇ ਪੁਰਖਿਆਂ ਨਾਲ ਗੱਲਾਂ ਕਰਦੇ ਹਾਂ। ਜੁੰਪਾ ਦੇ ਨਾਵਲ ਦਾ ਪਾਤਰ ਆਪਣੇ ਮੁੰਡੇ ਦਾ ਨਾਮ ਯੁਕ੍ਰੇਣ ਦੇ ਲੇਖਕ ਨਿਕੋਲਾਈ ਗੋਗੁਲ ਦੇ ਨਾਮ ਤੋਂ ਰੱਖਦਾ ਹੈ। ਨਾਵਲ ਦਾ ਜਿਹੜਾ ਗਾਂਗੁਲੀ ਅਮਰੀਕਾ 'ਚ ਇੱਕਲਾ ਪਿਆ ਹੋਇਆ ਹੈ ਉਹੋ ਜਦੋਂ ਆਪਣੇ ਪਿਤਾ ਦੇ ਫੁੱਲ ਤਾਰਨ



ਕੋਲਕਾਤਾ ਹੁਗਲੀ ਨਦੀ 'ਤੇ ਆਉਂਦਾ ਹੈ ਤਾਂ ਉਹਨੂੰ ਪੱਛਮੀ ਬੰਗਾਲ 'ਚ ਗਾਂਗੁਲੀ ਸਰਨੇਮ ਦੇ ਕਿੰਨੇ ਲੋਕ ਵਿਖਾਈ ਦਿੰਦੇ ਹਨ।

ਸੋ ਪੂਰੀ ਦੁਨੀਆਂ ਦੇ ਜਿਉਂਦੇ ਜਾਗਦੇ ਲੋਕ ਤਾਂ ਆਪਣੀ ਸਾਂਝ ਇਸੇ ਹੇਰਵੇ ਤੋਂ ਤਰਾਸ਼ਦੇ ਹਨ ਪਤਾ ਨਹੀਂ ਫਿਲਮ ਦੀ ਬਲੈਕ ਪ੍ਰਿੰਸ' ਨੂੰ ਲੈ ਕੇ ਸਾਡੇ ਵਰਗਿਆਂ ਦੀ ਗੱਲ ਨੂੰ ਮਹਿਜ਼ ਹੇਰਵੇ ਦਾ ਸ਼ੁਦਾ ਕਿਉਂ ਕਿਹਾ ਜਾ ਰਿਹਾ ਹੈ ? ਸਾਡੀ ਇਸੇ ਤੰਦ 'ਚੋਂ ਅਸੀ ਬੰਗਾਲ ਦੇ ਬੁਟਕੇਸ਼ਵਰ ਦੱਤ ਦੀ ਹਾਲ ਹੀ 'ਚ ਛਪੀ ਸਟੋਰੀ ਨੂੰ ਪੜ੍ਹਦੇ ਹਾਂ। ਅਸੀ ਇਸ ਖ਼ਬਰ ਨੂੰ ਪੜ੍ਹ ਕੇ ਤੜਪਦੇ ਹਾਂ ਕਿ ਬੁਟਕੇਸ਼ਵਰ ਦੱਤ ਨਾਲ ਆਖਰੀ ਵੇਲੇ ਕੀ ਹੋਇਆ। ਬੁਟਕੇਸ਼ਵਰ ਦੱਤ ਮੇਰਾ ਕੀ ਲੱਗਦਾ ਹੈ ? ਉਹਦੇ ਨਾਲ ਮੇਰੀ ਅਜਿਹੀ ਸਾਂਝ ਕਿਉਂ ਹੈ ? ਇਸ ਨੂੰ ਸਮਝਣਾ ਤਾਂ ਪੈਣਾ ਹੈ।

ਇਸੇ ਤੰਦ 'ਚੋਂ ਸਾਨੂੰ ਰਸੂਲ ਹਮਜ਼ਾਤੋਵ ਆਪਣਾ ਪੰਜਾਬੀ ਭਰਾ ਲੱਗਦਾ ਹੈ। ਸਾਨੂੰ ਕੀ ਲੋੜ ਸੀ ਕਿ ਅਸੀ ਬੇਗਾਨੀ ਧਰਤੀ ਦੇ ਬੇਗਾਨੇ ਬੰਦੇ ਨੂੰ ਏਨਾਂ ਪਿਆਰ ਕੀਤਾ। ਕਿਉਂ ਕਿ ਉਹ ਮਿੱਟੀ ਦੀ ਗੱਲ ਕਰਦਾ ਹੈਤਸਿਰਫ ਇਸ ਲਈਤ

ਦੀ ਬਲੈਕ ਪ੍ਰਿੰਸ ਬਾਰੇ ਅਣਗਿਣਤ ਬੇਬੁਨਿਆਦ ਬਹਿਸਾਂ 'ਚ ਇੱਕ ਬਹਿਸ ਸੀ ਕਿ ਅਜਿਹੀਆਂ ਫਿਲਮਾਂ ਮਾਹੌਲ ਖ਼ਰਾਬ ਕਰਦੀਆਂ ਹਨ। ਕਿੰਨੀ ਬਚਕਾਣਾ ਗੱਲ ਹੈ। ਤਿੱਬਤ ਵਾਲਿਆਂ ਦੇ ਦਿਲ 'ਚ ਉਹ ਤਿੱਬਤ ਦੇਸ਼ ਹੈ ਜੀਹਦਾ ਹੁਣ ਕਿਸੇ ਵੀ ਤਰ੍ਹਾਂ ਦਾ ਅਜ਼ਾਦ ਦੇਸ਼ ਵਾਲਾ ਵਜੂਦ ਨਹੀਂ ਹੈ। ਫਿਰ ਕੀ ਅਸੀ ਤਿੱਬਤ ਵਾਲਿਆਂ ਦੇ ਦਰਦ ਨੂੰ ਮੂਰਖਾਂ ਦਾ ਦਰਦ ਮੰਨ ਲਈਏ ?

ਇਹ ਹੱਕ ਸਾਨੂੰ ਨਹੀਂ। ਇਸੇ ਦਰਦ ਦੇ ਵਿਲਕਦੇ ਸਾਡੇ ਬਾਬੇ ਦੇਸ਼ ਪੰਜਾਬ ਦੀਆਂ ਗੱਲਾਂ ਕਰਦੇ ਮਰ ਗਏ। ਉਹਨਾਂ ਦੀ ਨਜ਼ਰ 'ਚ ਲਾਹੌਰ ਮੁਲਤਾਨ ਦੀਆਂ ਗੱਲਾਂ ਬੇਬੁਨਿਆਦ ਕਿਵੇਂ ਹੋ ਸਕਦੀਆਂ ਹਨ ਜਦੋਂ ਕਿ ਸੱਚ ਹੈ ਕਿ ਭੂਗੋਲਿਕ ਪੱਧਰ 'ਤੇ ਹੁਣ ਵਜੂਦ ਭਾਰਤ ਪਾਕਿਸਤਾਨ ਦਾ ਹੈ। ਪਰ ਚੇਤਨਾ ਦੀ ਗਵਾਹੀ ਵੀ ਮਾਇਨੇ ਰੱਖਦੀ ਹੈ। ਜੋ ਸਾਡੇ ਬਾਬਿਆਂ ਨੇ ਗਵਾਇਆਂ ਅਸੀ ਉਹਨੂੰ ਸਿਰਫ ਇਸ ਕਰਕੇ ਨਾ ਸਮਝੀਏ ਕਿ ਅਸੀ ਉਹੋ ਵੇਲਾ ਵੇਖਿਆ ਹੀ ਨਹੀਂ !

ਇਹ ਉਹਨਾਂ ਦੇ ਜਜ਼ਬਾਤ ਦਾ ਘਾਣ ਹੈ।

ਅਸੀ ਹੁਣ ਦੇ ਹਿਸਾਬ ਨਾਲ ਵਰਤਾਰਾ ਕਰ ਜਾਂਦੇ ਹਾਂ ਪਰ ਕੱਲ੍ਹ ਕੀ ਹੈ ਕੌਣ ਕਹੇਗਾ ਜਾਂ ਦੱਸ ਸਕਦਾ ਹੈ। ਵੋਲਗਾ ਤੋਂ ਗੰਗਾ ਤੱਕ ਕਿਤਾਬ 'ਚ ਰਾਹੁਲ ਸਾਂਕਰਤਿਆਇਨ ਇੱਕ ਗੱਲ ਬਹੁਤ ਕਮਾਲ ਕਰਦਾ ਹੈ। ਇਹ ਗੱਲ ਉਹਦੀ ਕਿਤਾਬ ਵਿਚਲੀ ਉਹਦੀ ਆਖਰੀ ਕਹਾਣੀ ਸੁਮੇਰ'- 1942 ਈਸਵੀ 'ਚ ਹੈ।

"ਭਾਰਤ ਦਾ ਖੰਡਤ ਜਾਂ ਅਖੰਡਤ ਰਹਿਣਾ ਉਹਦੇ ਵਾਸੀਆਂ ਉੱਤੇ ਨਿਰਭਰ ਏ। ਮੌਰੀਆ ਦੇ ਸਮੇਂ ਹਿੰਦੂਕੁਸ਼ ਤੋਂ ਅਗਾਂਹ ਆਮੂ ਦਰਿਆ ਭਾਰਤ ਦੀ ਹੱਦ ਸੀ ਤੇ ਭਾਸ਼ਾ-ਰੀਤੀ-ਰਿਵਾਜ਼ ਇਤਿਹਾਸ ਦੇ ਨਜ਼ਰੀਏ ਤੋਂ ਅਫ਼ਗਾਨ ਜਾਤੀ (ਪਠਾਣ) ਭਾਰਤ ਦੇ ਅੰਦਰ ਏ। ਦੱਸਵੀਂ ਸਦੀ ਤੱਕ ਕਾਬੁਲ ਹਿੰਦੂ ਰਾਜ ਰਿਹੈ, ਇਸ ਤਰ੍ਹਾਂ ਹਿੰਦੂਸਤਾਨ ਦੀ ਹੱਦ ਹਿੰਦੂਕੁਸ਼ ਏ। ਭਲਾ ਅਖੰਡ ਹਿੰਦੂਸਤਾਨ ਵਾਲੇ ਹਿੰਦੂਕੁਸ਼ ਤੱਕ ਦਾਅਵਾ ਕਰਨ ਲਈ ਤਿਆਰ ਨੇ ? ਜੇ ਅਫ਼ਗਾਨ ਦੀ ਇੱਛਾ ਦੇ ਵਿਰੁਧ ਨਾ ਕਹੋ, ਤਾਂ ਸਿੰਧੂ ਦੇ ਪੱਛਮ ਵੱਲ ਵੱਸਣ ਵਾਲੇ ਸਰਹੱਦੀ ਅਫ਼ਗਾਨਾਂ ਨੂੰ ਵੀ ਉਹਨਾਂ ਦੀ ਇੱਛਾ ਦੇ ਵਿਰੁੱਧ ਅਖੰਡ ਹਿੰਦੂਸਤਾਨ ਵਿੱਚ ਨਹੀਂ ਰੱਖਿਆ ਜਾ ਸਕਦਾ।ਫਿਰ ਉਹੀ ਗੱਲ ਸਿੰਧੂ, ਪੰਜਾਬ, ਕਸ਼ਮੀਰ, ਪੂਰਬੀ ਬੰਗਾਲ ਵਿੱਚ ਕਿਉਂ ਨਹੀਂ ਹੋਣੀ ਚਾਹੀਦੀ।"

ਪੰਜਾਬੀ ਦੇ ਸ਼ਾਇਰ ਪ੍ਰੋ ਕੁਲਵੰਤ ਸਿੰਘ ਗਰੇਵਾਲ ਦੀ ਇੱਕ ਕਵਿਤਾ ਦੀਆਂ ਲਾਈਨਾਂ ਹਨ:
ਪੰਜਾਬ ਨਾ ਸੀਮਾ ਨਾ ਅਸੀਮ
ਪੰਜਾਬ ਤਕਸੀਮ ਦਰ ਤਕਸੀਮ ਦਰ ਤਕਸੀਮ

ਇਸ ਨੁਕਤੇ ਨੂੰ ਮੈਂ ਸਮਝ ਸਕਦਾ ਹਾਂ ਕਿਉਂਕਿ ਮੇਰੇ ਵਡੇਰੇ ਲਾਇਲਪੁਰੋਂ ਇੱਧਰ ਆਏ। ਮੇਰੇ ਬੁਜ਼ਰਗਾਂ ਦੀਆਂ ਗੱਲਾਂ 'ਚ ਨਾ ਮੁੱਕਣ ਵਾਲਾ ਰੁਦਣ ਰਿਹਾ ਹੈ ਸਾਰੀ ਉੱਮਰ...

ਉਹਨਾਂ ਕਹਿਣਾ ਸਾਡੇ ਲਾਹੌਰ 'ਚ ਆਹ ਗੱਲ, ਸਾਡੇ ਬਾਰ ਦੇ ਇਲਾਕੇ 'ਚ ਫਲਾਣੀ ਗੱਲ ਆਦਿ ਆਦਿ ਕਹਿੰਦੇ ਨੇ ਜਿਹੜੀ ਥਾਂ ਨਾਲ ਤੁਹਾਡੀ ਜੜ੍ਹਾਂ ਦਾ ਨਾਤਾ ਹੁੰਦਾ ਹੈ ਉਹ ਥਾਂ ਤੁਹਾਡੇ ਅੰਦਰ ਵੱਸ ਜਾਂਦੀ ਹੈ। ਉਹਨਾਂ ਨੂੰ ਅਸੀ ਕਿਵੇਂ ਕੱਢੀਏ ? ਬੇਸ਼ੱਕ ਦੇਸ਼ ਪੰਜਾਬ ਦਾ ਭੂਗੋਲਿਕ ਕੋਈ ਵਜੂਦ ਨਾ ਹੋਵੇ ਅਤੇ ਇਸ ਦੌਰ ਦੇ ਸਮੀਕਰਣਾਂ 'ਚ ਇਹ ਲਾਹੇਵੰਦ ਵੀ ਨਾ ਹੋਵੇ ਪਰ ਲੋਕਾਂ ਦਾ ਆਪਣੀ ਜਨਮ ਭੂੰਇ ਤੋਂ ਉਜੜਨਾ ? ਕੀ ਇਸ ਤੋਂ ਵੱਡਾ ਘਾਣ ਹੁੰਦਾ ਹੈ ਕੋਈ ?

ਸਾਡੀ ਅਰਦਾਸ 'ਚ ਨਨਕਾਣਾ ਸਾਹਿਬ ਦੇ ਖੁੱਲ੍ਹੇ ਦਰਸ਼ਨ ਦੀਦਾਰ ਦੀ ਚਾਹ ਹੈ। ਇਹ ਉਮੀਦ ਸਾਡੇ ਦਰਦ 'ਚੋਂ ਨਿਕਲੀ ਹੈ। ਇਹਨੂੰ ਕੋਈ ਰਾਸ਼ਟਰਵਾਦ ਦੇ ਦਾਇਰੇ 'ਚ ਰੱਖ ਸਾਨੂੰ ਕੋਈ ਐਂਟੀ ਨੈਸ਼ਨਲ ਕਹਿ ਦੇਵੇ ਤਾਂ ਇਹ ਉਹਦੀ ਆਪਣੀ ਅਕਲ ਹੈ। ਪਰ ਨਨਕਾਣਾ ਸਾਹਿਬ ਨੂੰ ਲੈ ਕੇ ਸਾਡਾ ਆਪਣੀ ਜ਼ਮੀਨ ਤੋਂ ਵਿਛੜਣ ਦਾ ਰੁਦਣ ਹੀ ਤਾਂ ਹੈ।

ਅਜਿਹੇ ਰੁਦਣ ਨਾਲ ਕੌਮਾਂ ਜਿੱਥੇ ਜਿੱਥੇ ਵੀ ਆਪਣੀ ਉਮੀਦ ਦੇ ਗੀਤ ਗਾਉਂਦੀਆਂ ਹਨ, ਸਾਂਝ ਉਹਨਾਂ ਨਾਲ ਸਦਾ ਰਹੇਗੀ। ਜਿਹੜੇ ਕਸ਼ਮੀਰੀ ਪੰਡਿਤ ਆਪਣੀ ਧਰਤੀ ਤੋਂ ਵਿਛੜ ਗਏ ਅਸੀ ਉਹਨਾਂ ਦੇ ਦਰਦ ਨੂੰ ਅੱਖੋ ਪਰੋਖੇ ਕਰ ਸਕਦੇ ਹਾਂ ? ਇਹ ਦੌਰ ਬਰਲਿਨ ਦੀਆਂ ਟੁੱਟਦੀਆਂ ਕੰਧਾਂ ਦੇ ਹਵਾਲੇ ਵੇਖਣ ਦਾ ਹੈ। ਉਮੀਦ ਹੈ ਤਾਂ ਪੰਛੀ ਘਰਾਂ ਨੂੰ ਪਰਤਦੇ ਜ਼ਰੂਰ ਹਨ।

ਅੰਤ ਵਿੱਚ ਮੈਂ ਇਹੋ ਕਹਿਣਾ ਹੈ ਕਿ ਮਹਾਰਾਜਾ ਦਲੀਪ ਸਿੰਘ ਦੀ ਦਾਸਤਾਨ ਜੋ ਪਰਦਾਪੇਸ਼ ਹੁੰਦੀ ਹੈ ਉਸ ਨਾਲ ਜੁੜ ਅਸੀ ਜੁੜਦੇ ਹਾਂ ਕਿਉਂ ਕ ਉਹਦਾ ਬਿਆਨ ਇਹੋ ਹੈ ਕਿ ਇਤਿਹਾਸ ਦੀ ਇੱਕ ਵੱਡੀ ਤਾਕਤ ਨੇ ਉਸ ਬੱਚੇ ਨਾਲ ਜੋ ਕੀਤਾ ਉਸ 'ਚ ਉਹਦੀ ਮਿੱਟੀ ਉਹਨੂੰ ਨਸੀਬ ਨਾ ਹੋਈ। ਉਹਦਾ ਧਰਮ, ਉਹਦੇ ਰਿਸ਼ਤੇ ਉਸ ਤੋਂ ਵੱਖ ਕਰ ਦਿੱਤੇ ਗਏ। ਬੰਦੇ ਦਾ ਜਿਊਣਾ ਸਿਰਫ ਖਾਣਾ ਪੀਣਾ ਸੌਣਾ ਤਾਂ ਨਹੀਂ ਹੁੰਦਾ। ਬੰਦੇ ਦਾ ਇੱਕ ਵਜੂਦ ਹੈ ਅਤੇ ਉਸ ਵਜੂਦ ਦਾ ਦਰਦ ਇਤਿਹਾਸ ਦੀ ਤਾਰੀਖ਼ ਦਾ ਵੱਡਾ ਮੋੜ ਹੈ। ਇਤਿਹਾਸ ਦੀ ਇੱਹ ਪਰਿਭਾਸ਼ਾ ਵਾਰ ਵਾਰ ਸਮਝਣ ਚੇਤਾ ਕਰਾਉਂਦੀ ਹੈ :- Every History is an Autobiography

ਸੋ ਜੇ ਇਸ ਤੋਂ ਵੀ ਮੁਨਕਰ ਹੋਣਾ ਹੈ ਤਾਂ ਤੁਹਾਡੀ ਕਹਾਣੀ ਵੀ ਕਦੀ ਨਹੀਂ ਕਹੀ ਜਾਵੇਗੀ।



## ਜਲ੍ਹਿਆਂਵਾਲਾ ਬਾਗ਼ ਵਿੱਚ ਟੈਗੋਰ ਦਾ ਬੁੱਤ ਲਾਉਣ ਦੀ ਰਾਜ ਸਭਾ ਵਿਚ ਉਠੀ ਮੰਗ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਨੇ ਅੰਮ੍ਰਿਤਸਰ ਦੀ ਜਲ੍ਹਿਆਂਵਾਲਾ ਬਾਗ਼ ਯਾਦਗਾਰ ਵਿੱਚ ਰਬਿੰਦਰਨਾਥ ਟੈਗੋਰ ਦਾ ਬੁੱਤ ਫ਼ੌਰੀ ਸਥਾਪਤ ਕੀਤੇ ਜਾਣ ਦੀ ਮੰਗ ਕੀਤੀ ਹੈ। ਪਾਰਟੀ



ਨੇ ਕਿਹਾ ਕਿ ਨੋਬੇਲ ਪੁਰਸਕਾਰ ਜੇਤੂ ਟੈਗੋਰ ਨੇ 1919 ਦੇ ਜਲ੍ਹਿਆਂਵਾਲਾ ਬਾਗ਼ ਕਤਲੇਆਮ ਤੋਂ ਬਾਅਦ ਅੰਗਰੇਜ਼ਾਂ ਵੱਲੋਂ ਮਿਲੀ ਨਾਈਟਹੁੱਡ ਦੀ ਉਪਾਧੀ ਨੂੰ ਮੋੜ ਦਿੱਤਾ ਸੀ, ਲਿਹਾਜ਼ਾ ਸਰਕਾਰ ਟੈਗੋਰ ਦੇ ਸਨਮਾਨ ਵਜੋਂ ਉਨ੍ਹਾਂ ਦਾ ਬੁੱਤ ਇਥੇ ਫ਼ੌਰੀ ਲਾਏ। ਰੀਟਾਬ੍ਰਤ ਬੈਨਰਜੀ ਨੇ ਰਾਜ ਸਭਾ ਵਿੱਚ ਸਿਫ਼ਰ ਕਾਲ ਦੌਰਾਨ ਕਿਹਾ, 'ਮੈਂ ਇਹ ਮੰਗ ਅਜਿਹੇ ਸਮੇਂ ਰੱਖ ਰਹੀ ਹਾਂ ਜਦੋਂ ਟੈਗੋਰ ਦੀਆਂ ਕਦੇ ਨਾ ਮਿਟਣ ਵਾਲੇ ਸਦੀਵੀ ਵਿਚਾਰਾਂ 'ਤੇ ਪਾਬੰਦੀ ਲਾਏ ਜਾਣ ਦੀਆਂ ਬੇਸਿਰ ਪੈਰ ਦੀਆਂ ਮੰਗਾਂ ਉੱਠ ਰਹੀਆਂ ਹਨ।' ਸਦਨ ਵਿੱਚ ਇਹ ਮੁੱਦਾ ਚੁੱਕਦਿਆਂ ਬੈਨਰਜੀ ਨੇ ਕਿਹਾ ਕਿ 13 ਅਪ੍ਰੈਲ 1919 ਨੂੰ ਜਲ੍ਹਿਆਂਵਾਲਾ ਬਾਗ਼ ਵਿੱਚ ਬਰਤਾਨਵੀ ਪੁਲੀਸ ਵੱਲੋਂ ਕੀਤੀ ਗੋਲੀਬਾਰੀ ਵਿਚ ਹਜ਼ਾਰਾਂ ਬੇਕਸੂਰ ਲੋਕਾਂ ਨੂੰ ਆਪਣੀਆਂ ਜਾਨਾਂ ਗੁਆਉਣੀਆਂ ਪਈਆਂ। ਸੀਪੀਆਈ ਐਮ ਮੈਂਬਰ ਨੇ ਕਿਹਾ, 'ਇਸ ਘਟਨਾ ਤੋਂ ਫੌਰੀ ਬਾਅਦ ਟੈਗੋਰ ਨੇ ਨਾਈਟਹੁੱਡ ਦੀ ਉਪਾਧੀ ਮੋੜ ਦਿੱਤੀ। ਟੈਗੋਰ ਨੂੰ ਇਹ ਸਨਮਾਨ ਬਰਤਾਨਵੀ ਹਕੂਮਤ ਵੱਲੋਂ 1915 ਵਿੱਚ ਸਿਖਰਲੇ ਵਹਿਸ਼ੀਪੁਣੇ ਖ਼ਿਲਾਫ਼ ਚੁੱਕੀ ਆਵਾਜ਼ ਲਈ ਦਿੱਤਾ ਗਿਆ ਸੀ।' ਬੈਨਰਜੀ ਨੇ ਕਿਹਾ ਜਲ੍ਹਿਆਂਵਾਲਾ ਬਾਗ਼ ਯਾਦਗਾਰ ਵਿੱਚ ਟੈਗੋਰ ਨੂੰ ਮਾਣ ਵਜੋਂ ਕੋਈ ਢੁਕਵੀਂ ਥਾਂ ਨਾ ਮਿਲਣਾ 'ਸਭ ਤੋਂ ਮੰਦਭਾਗਾ' ਹੈ। ਉਨ੍ਹਾਂ ਕਿਹਾ ਕਿ ਟੈਗੋਰ ਦਾ ਬੁੱਤ ਸਥਾਪਤ ਕਰਨ ਮਗਰੋਂ ਮਾਣ ਵਜੋਂ ਇਸ 'ਤੇ ਉਨ੍ਹਾਂ ਵੱਲੋਂ ਮੋੜੇ ਸਨਮਾਨ ਸਬੰਧੀ ਜਾਣਕਾਰੀ ਨੂੰ ਨੁਮਾਇਸ਼ ਵਜੋਂ ਦਰਸ਼ਾਇਆ ਜਾਵੇ।

## ਗ਼ੈਰ ਹਿੰਦੀ ਭਾਸ਼ਾਵਾਂ ਨੂੰ ਖੇਤਰੀ ਭਾਸ਼ਾਵਾਂ ਦੱਸਣਾ ਗ਼ਲਤ : ਗੁਲਜ਼ਾਰ

### *ਕਾਲੀਦਾਸ ਵਰਗੇ ਸਾਹਿਤਕਾਰਾਂ ਦੀਆਂ ਲਿਖਤਾਂ ਅੰਗਰੇਜ਼ੀ ਦੇ ਨਾਲ ਪੜ੍ਹਾਈਆਂ ਜਾਣ*

**ਬੰਗਲੌਰ/ਬਿਊਰੋ ਨਿਊਜ਼ :** ਉੱਘੇ ਕਵੀ ਅਤੇ ਗੀਤਕਾਰ ਗੁਲਜ਼ਾਰ ਨੇ ਕਿਹਾ ਹੈ ਕਿ ਗ਼ੈਰ ਹਿੰਦੀ ਭਾਸ਼ਾਵਾਂ ਨੂੰ ਖੇਤਰੀ ਭਾਸ਼ਾ ਦੱਸਣਾ ਗ਼ਲਤ ਹੈ ਅਤੇ ਤਾਮਿਲ, ਗੁਜਰਾਤੀ, ਮਰਾਠੀ, ਬੰਗਾਲੀ ਤੇ ਹੋਰ ਭਾਸ਼ਾਵਾਂ ਵੀ ਕੌਮੀ ਭਾਸ਼ਾਵਾਂ ਹਨ। ਇੱਥੋਂ ਦੇ ਬੁੱਕ ਸਟੋਰ 'ਅੱਟਾ



ਗਲਾਟਾ' ਵਿਚ ਸਮਾਗਮ ਤੋਂ ਬਾਅਦ ਉਨ੍ਹਾਂ ਕਿਹਾ, "ਗ਼ੈਰ ਹਿੰਦੀ ਭਾਸ਼ਾਵਾਂ ਮੁਲਕ ਦੀਆਂ ਪ੍ਰਮੁੱਖ ਭਾਸ਼ਾਵਾਂ ਹਨ। ਤਾਮਿਲ ਉੱਤਮ ਅਤੇ ਅਹਿਮ ਭਾਸ਼ਾ ਹੈ। ਇਸੇ ਤਰ੍ਹਾਂ ਗੁਜਰਾਤੀ, ਮਰਾਠੀ, ਬੰਗਾਲੀ ਅਤੇ ਹੋਰ ਭਾਸ਼ਾਵਾਂ ਵੀ ਮਹੱਤਵਪੂਰਨ ਹਨ।" ਪਦਮ ਭੂਸ਼ਣ ਗੁਲਜ਼ਾਰ ਨੇ ਕਾਲੀਦਾਸ ਸਮੇਤ ਹੋਰ ਸਾਹਿਤਕਾਰਾਂ ਦੀਆਂ ਲਿਖਤਾਂ ਨੂੰ ਅੰਗਰੇਜ਼ੀ ਦੇ ਨਾਲ ਨਾਲ ਭਾਰਤੀ ਕਾਲਜਾਂ ਦੇ ਪਾਠਕ੍ਰਮ ਵਿਚ ਸ਼ਾਮਲ ਕਰਨ ਦੀ ਵਕਾਲਤ ਕੀਤੀ। ਉਨ੍ਹਾਂ ਕਿਹਾ, "ਜੇਕਰ ਕਾਲਜਾਂ ਵਿਚ 'ਪੈਰਾਡਾਈਜ਼ ਲੌਸਟ' ਵਰਗੀਆਂ ਲਿਖਤਾਂ ਪੜ੍ਹਾਈਆਂ ਜਾ ਸਕਦੀਆਂ ਹਨ ਤਾਂ ਕਾਲੀਦਾਸ, ਯੁਧਿਸ਼ਟਰ ਅਤੇ ਦਰੋਪਦੀ ਨੂੰ ਕਿਉਂ ਨਹੀਂ ਪੜ੍ਹਾਇਆ ਜਾ ਸਕਦਾ। ਇਹ ਲਿਖਤਾਂ ਸਾਡੇ ਸਭਿਆਚਾਰ ਦੇ ਨੇੜੇ ਹਨ, ਜਿਨ੍ਹਾਂ ਨੂੰ ਭਾਰਤ ਵਿਚ ਹਰ ਕੋਈ ਸਮਝ ਸਕਦਾ ਹੈ।" ਉਂਜ ਗੁਲਜ਼ਾਰ ਨੇ ਕਿਹਾ ਕਿ ਉਹ ਸ਼ੇਕਸਪੀਅਰ ਨੂੰ ਕਾਲਜਾਂ ਵਿਚ ਪੜ੍ਹਾਉਣ ਦੇ ਖ਼ਿਲਾਫ਼ ਨਹੀਂ ਹਨ। 'ਮੈਂ ਵੀ ਸ਼ੇਕਸਪੀਅਰ ਪੜ੍ਹਿਆ ਹੈ ਅਤੇ ਸਾਨੂੰ ਇਹ ਪੜ੍ਹਨਾ ਚਾਹੀਦਾ ਹੈ।' ਇਸ ਦੇ ਨਾਲ ਉਨ੍ਹਾਂ ਕਿਹਾ ਕਿ ਸਾਅਦਤ ਹਸਨ ਮੰਟੋ ਵਰਗੇ ਆਧੁਨਿਕ ਲੇਖਕਾਂ ਨੂੰ ਵੀ ਕਾਲਜਾਂ ਵਿਚ ਪੜ੍ਹਾਇਆ ਜਾਣਾ ਚਾਹੀਦਾ ਹੈ। ਗੁਲਜ਼ਾਰ ਨੇ ਕਿਹਾ ਕਿ ਭਾਰਤ ਨੇ ਸਿਆਸੀ ਪੱਧਰ 'ਤੇ ਆਜ਼ਾਦੀ ਹਾਸਲ ਕਰ ਲਈ ਹੈ ਪਰ ਸਭਿਆਚਾਰਕ ਪੱਧਰ 'ਤੇ ਉਹ ਅਜੇ ਵੀ ਆਜ਼ਾਦ ਨਹੀਂ ਹੋਇਆ ਹੈ ਅਤੇ ਸਾਨੂੰ ਬਸਤੀਵਾਦੀ ਰਵੱਈਏ ਤੋਂ ਛੁਟਕਾਰਾ ਨਹੀਂ ਮਿਲਿਆ ਹੈ। ਉਨ੍ਹਾਂ ਕਵੀਆਂ ਵੱਲੋਂ ਕੁਝ ਘਟਨਾਵਾਂ ਨੂੰ ਅਣਗੌਲਿਆਂ ਕਰਨ 'ਤੇ ਆਪਣੀ ਚਿੰਤਾ ਜ਼ਾਹਰ ਕੀਤੀ। ਉਨ੍ਹਾਂ ਕਿਹਾ, "ਮੈਨੂੰ ਨੀਲ ਆਰਮਸਟਰੌਂਗ ਦੀ ਮੌਤ 'ਤੇ ਦੁਖ ਹੋਇਆ ਅਤੇ ਭਾਰਤ ਵਿਚ ਉਸ ਬਾਰੇ ਕਿਸੇ ਨੇ ਵੀ ਕੁਝ ਨਹੀਂ ਲਿਖਿਆ। ਮੇਰੇ ਲਈ ਉਹ ਮਨੁੱਖਤਾ ਦਾ ਪ੍ਰਤੀਕ ਸੀ। ਮੈਂ ਉਸ 'ਤੇ ਕਵਿਤਾ ਲਿਖੀ। ਇਹ ਨਿਰਾਸ਼ਾ ਦੀ ਗੱਲ ਹੈ ਕਿ ਅਸੀਂ ਹਿੱਸਿਆਂ ਵਿਚ ਜ਼ਿੰਦਗੀ ਜਿਊਣ ਦੀ ਗਲਤੀ ਕੀਤੀ ਹੈ ਕਿਉਂਕਿ ਸਾਨੂੰ ਇਹ ਸੌਖਾ ਲਗਦਾ ਹੈ।" ਗੁਲਜ਼ਾਰ ਨੇ ਕਿਹਾ ਕਿ ਵੱਖ ਵੱਖ ਇਲਾਕਿਆਂ ਅਤੇ ਵੱਖ ਵੱਖ ਭਾਸ਼ਾਵਾਂ ਵਿਚ ਲਿਖਣ ਦੇ ਬਾਵਜੂਦ ਉਨ੍ਹਾਂ ਡਾਕਟਰ ਕਲਬੁਰਗੀ, ਜਿਨ੍ਹਾਂ ਦਾ ਧਾਰਵਾੜ ਵਿਚ ਗੋਲੀ ਮਾਰ ਕੇ ਕਤਲ ਕੀਤਾ ਗਿਆ ਸੀ, ਬਾਰੇ ਵੀ ਲਿਖਿਆ। ਉਨ੍ਹਾਂ ਕਿਹਾ ਕਿ ਘਟਨਾ ਪ੍ਰਤੀ ਤੁਰੰਤ ਉਨ੍ਹਾਂ ਪ੍ਰਤੀਕਰਮ ਦਿੰਦਿਆਂ ਕਵਿਤਾ ਰਾਹੀਂ ਆਪਣਾ ਬਿਆਨ ਦਿੱਤਾ। ਗੁਲਜ਼ਾਰ ਮੁਤਾਬਕ ਅਸਲ ਵਿਚ ਕਵਿਤਾ ਕਵੀ ਦਾ ਬਿਆਨ ਹੀ ਹੁੰਦਾ ਹੈ।

# ਸ਼੍ਰੋਮਣੀ ਕਮੇਟੀ ਵੱਲੋਂ ਮਾਝਾ ਖੇਤਰ ਵਿੱਚ ਧਰਮ ਪ੍ਰਚਾਰ ਲਹਿਰ ਆਰੰਭ

### *ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ 'ਚ ਹੋਵੇਗੀ ਸਥਾਪਤ*



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ 1965 ਦੀ ਭਾਰਤ-ਪਾਕਿ ਜੰਗ ਦੇ ਨਾਇਕ ਲੈਫਟੀਨੈਂਟ ਜਨਰਲ ਹਰਬਖ਼ਸ਼ ਸਿੰਘ ਅਤੇ ਅਬਦੁਲ ਹਮੀਦ ਦੀ ਯਾਦ ਵਿੱਚ ਅੱਠ ਸਤੰਬਰ ਨੂੰ ਵਿਸ਼ੇਸ਼ ਸਮਾਗਮ ਕਰਨ ਦਾ ਫ਼ੈਸਲਾ ਕੀਤਾ ਹੈ। ਇਸ ਸਿੱਖ ਨਾਇਕ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਸਥਾਪਤ ਕੀਤੀ ਜਾਵੇਗੀ। ਇਹ ਖ਼ੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੀਤਾ। ਉਨ੍ਹਾਂ ਇੱਥੇ ਮਾਲਵਾ ਅਤੇ ਦੋਆਬਾ ਤੋਂ ਬਾਅਦ ਮਾਝਾ ਖੇਤਰ ਵਿੱਚ ਧਰਮ ਪ੍ਰਚਾਰ ਲਹਿਰ ਦਾ ਆਗਾਜ਼ ਕੀਤਾ ਹੈ।

ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਧਰਮ ਪ੍ਰਚਾਰ ਲਹਿਰ ਨੂੰ ਸਮਰਪਿਤ ਗੁਰਮਤਿ ਸਮਾਗਮ ਵਿੱਚ ਹਿੱਸਾ ਲੈਣ ਮਗਰੋਂ ਪ੍ਰੋ. ਬਡੂੰਗਰ ਨੇ ਆਖਿਆ ਕਿ 1965 ਦੀ ਭਾਰਤ-ਪਾਕਿ ਜੰਗ ਵਿੱਚ ਆਸਲ ਉਤਾੜ ਵਿੱਚ ਭਾਰਤੀ ਫ਼ੌਜਾਂ ਨੇ ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ ਦੀ ਅਗਵਾਈ ਹੇਠ ਦੁਸ਼ਮਣ ਨੂੰ ਕਰਾਰਾ ਜਵਾਬ ਦਿੱਤਾ ਸੀ। ਇਸ ਜੰਗ ਵਿੱਚ ਪਾਕਿਸਤਾਨੀ ਫ਼ੌਜ ਨੇ ਖੇਮਕਰਨ ਇਲਾਕੇ 'ਤੇ ਕਬਜ਼ਾ ਕਰ ਲਿਆ ਸੀ ਅਤੇ ਪੰਜ ਕਿਲੋਮੀਟਰ ਅੰਦਰ ਭਾਰਤੀ ਖੇਤਰ ਵਿੱਚ ਦਾਖ਼ਲ ਹੋ ਗਈਆਂ ਸਨ। ਭਾਰਤੀ ਫ਼ੌਜ ਨੂੰ ਪਿੱਛੇ ਹਟਣ ਲਈ ਆਖਿਆ ਗਿਆ ਸੀ ਪਰ ਫ਼ੌਜੀ ਮੁਖੀ ਹਰਬਖ਼ਸ਼ ਸਿੰਘ ਨੇ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ ਅਤੇ ਭਾਰਤੀ ਇਲਾਕੇ ਨੂੰ ਛੁਡਵਾਇਆ ਸੀ। ਉਨ੍ਹਾਂ ਆਖਿਆ ਕਿ ਇਸ ਫ਼ੌਜੀ ਨਾਇਕ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸਥਾਪਤ ਹੋਵੇਗੀ। ਗੁਰੂ ਰਾਮਦਾਸ ਯੂਨੀਵਰਸਿਟੀ ਦੇ ਵਿਹੜੇ ਵਿੱਚ ਬਣੇ ਰੇਸਤਰਾਂ ਵਿੱਚ ਮਾਸਾਹਾਰੀ ਭੋਜਨ ਪਰੋਸਣ ਦੇ ਮਾਮਲੇ 'ਤੇ ਉਨ੍ਹਾਂ ਕਿਹਾ ਕਿ ਉਹ ਖ਼ੁਦ ਮੌਕੇ ਦਾ ਜਾਇਜ਼ਾ ਲੈਣਗੇ ਤੇ ਇਸ ਮਗਰੋਂ ਹੀ ਟਿੱਪਣੀ ਕਰਨਗੇ। ਪਾਠੀ ਸਿੰਘਾਂ ਵੱਲੋਂ ਹਰਿਮੰਦਰ ਸਾਹਿਬ ਸਮੂਹ ਵਿੱਚ ਕੀਤੇ ਰੋਸ ਵਿਖਾਵੇ ਨੂੰ ਮੰਦਭਾਗਾ ਆਖਦਿਆਂ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਪਾਠੀ ਸਿੰਘਾਂ ਦੀਆਂ ਮੰਗਾਂ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਵਿਚਾਰੀਆਂ ਜਾਣਗੀਆਂ। ਉਨ੍ਹਾਂ ਦੱਸਿਆ ਸ਼੍ਰੋਮਣੀ ਕਮੇਟੀ ਵੱਲੋਂ ਸਾਰਾਗੜ੍ਹੀ ਸ਼ਹੀਦਾਂ ਦੀ ਯਾਦ ਵਿੱਚ ਫਿਰੋਜ਼ਪੁਰ ਦੇ ਗੁਰਦੁਆਰਾ ਵਜੀਦਪੁਰ ਵਿਖੇ ਸਮਾਗਮ ਕੀਤਾ ਜਾਵੇਗਾ। ਆਲ ਇੰਡੀਆ ਸਿੱਖ ਗੁਰਦੁਆਰਾ ਐਕਟ ਬਾਰੇ ਪ੍ਰੋ. ਬਡੂੰਗਰ ਨੇ ਆਖਿਆ ਕਿ ਪਹਿਲਾਂ ਵੀ ਉਨ੍ਹਾਂ ਦੇ ਕਾਰਜਕਾਲ ਸਮੇਂ ਇਹ ਮਾਮਲਾ ਵਿਚਾਰਿਆ ਸੀ ਤੇ ਹੁਣ ਮੁੜ ਵਿਚਾਰਿਆ ਜਾਵੇਗਾ। ਬੰਗਲੌਰ ਵਿੱਚ ਸਿੱਖ ਪਰਿਵਾਰ ਦੀ ਕੁੱਟਮਾਰ ਬਾਰੇ ਉਨ੍ਹਾਂ ਆਖਿਆ ਕਿ ਇਸ ਸਬੰਧੀ ਜਾਂਚ ਕਮੇਟੀ ਭੇਜੀ ਜਾਵੇਗੀ। ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਪ੍ਰੋ. ਬਡੂੰਗਰ ਨੇ ਆਖਿਆ ਕਿ ਮਾਝੇ ਵਿੱਚ ਧਰਮ ਪ੍ਰਚਾਰ ਲਹਿਰ ਦੀ ਅਗਵਾਈ ਸਿੰਘ ਸਾਹਿਬ ਗਿਆਨੀ ਜਸਵੰਤ ਸਿੰਘ ਕਰਨਗੇ। ਸਮਾਗਮ ਬਾਬਾ ਨਿਧਾਨ ਸਿੰਘ ਹਜ਼ੂਰ ਸਾਹਿਬ ਵਾਲਿਆਂ ਨੂੰ ਸਮਰਪਿਤ ਕੀਤਾ ਗਿਆ। ਇਸ ਮੌਕੇ ਭਗਤ ਪੂਰਨ ਸਿੰਘ ਨੂੰ ਵੀ ਸਤਿਕਾਰ ਭੇਟ ਕੀਤਾ ਗਿਆ। ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖ ਧਰਮ ਵਿੱਚ ਵਹਿਮਾਂ-ਭਰਮਾਂ ਅਤੇ ਪਾਖੰਡਵਾਦ ਲਈ ਕੋਈ ਥਾਂ ਨਹੀਂ ਹੈ ਪਰ ਦੁੱਖ ਦੀ ਗੱਲ ਹੈ ਕਿ ਅੱਜ ਸਮਾਜ ਵਿੱਚ ਪਾਖੰਡਵਾਦ ਭਾਰੂ ਹੋ ਰਿਹਾ ਹੈ, ਜਿਸ ਤੋਂ ਮੁਕਤੀ ਪਾਉਣ ਦੀ ਲੋੜ ਹੈ। ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਹਰਿਮੰਦਰ ਸਾਹਿਬ ਦੇ ਸਾਬਕਾ ਗ੍ਰੰਥੀ ਗਿਆਨੀ ਜਸਵੰਤ ਸਿੰਘ ਨੇ ਵੀ ਸੰਬੋਧਨ ਕੀਤਾ।

## ਘੱਟ ਗਿਣਤੀ ਕਮਿਸ਼ਨ ਵਿੱਚ ਸਿੱਖ ਮੈਂਬਰ ਨਿਯੁਕਤ ਨਾ ਮੰਦਭਾਗਾ : ਬਡੂੰਗਰ

**ਪਟਿਆਲਾ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਦੇਸ਼ ਅੰਦਰ ਘੱਟ ਗਿਣਤੀ ਕਮਿਸ਼ਨ ਵਿੱਚ ਸਿੱਖ ਮੈਂਬਰ ਦੀ ਨੁਮਾਇੰਦਗੀ ਅਤੇ ਚੰਡੀਗੜ੍ਹ ਵਿੱਚ ਪੰਜਾਬੀ ਭਾਸ਼ਾ ਨਾਲ ਵਿਤਕਰੇ ਸਬੰਧੀ ਬੋਲਦਿਆਂ ਸਿੱਖਾਂ ਦੇ ਸੰਵਿਧਾਨਕ ਹੱਕ ਲਈ ਕੇਂਦਰ ਸਰਕਾਰ ਨੂੰ ਤੁਰੰਤ ਕਦਮ ਚੁੱਕੇ ਜਾਣ ਦੀ ਅਪੀਲ ਕੀਤੀ ਹੈ।



ਪ੍ਰੋ. ਬਡੂੰਗਰ ਨੇ ਗਿਲਾ ਕੀਤਾ ਕਿ ਮੁਲਕ ਵਿੱਚ ਛੇ ਘੱਟ ਗਿਣਤੀ ਕੌਮਾਂ ਹਨ, ਜਿਨ੍ਹਾਂ ਵਿਚੋਂ ਪੰਜ ਘੱਟ ਗਿਣਤੀ ਕੌਮਾਂ ਦੇ ਤਾਂ ਕਮਿਸ਼ਨ ਵਿੱਚ ਮੈਂਬਰ ਨਿਯੁਕਤ ਕੀਤੇ ਗਏ ਹਨ ਪਰ ਸਿੱਖ ਮੈਂਬਰ ਨੂੰ ਸ਼ਾਮਲ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦਾ ਇਤਿਹਾਸ ਗੌਰਵਮਈ ਹੈ। ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਲਈ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅਜਿਹੇ ਵਿੱਚ ਮੋਦੀ ਸਰਕਾਰ ਨੂੰ ਘੱਟ ਗਿਣਤੀ ਕਮਿਸ਼ਨ ਵਿਚ ਸਿੱਖ ਮੈਂਬਰ ਦੀ ਨਿਯੁਕਤੀ ਬਾਰੇ ਭੁੱਲਣਾ ਨਹੀਂ ਚਾਹੀਦਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਜੰਮੂ ਕਸ਼ਮੀਰ ਬਾਰੇ ਗੱਲ ਕਰਦਿਆਂ ਕਿਹਾ ਕਿ ਜੰਮੂ ਕਸ਼ਮੀਰ ਵਿੱਚ ਸਿੱਖਾਂ ਦੀ ਗਿਣਤੀ ਬਹੁਤ ਘੱਟ ਹੈ, ਜਿਸ ਕਾਰਨ ਸਿੱਖਾਂ ਨੂੰ ਜੰਮੂ ਕਸ਼ਮੀਰ ਵਿੱਚ ਘੱਟ ਗਿਣਤੀ ਦਾ ਦਰਜਾ ਦੇਣ ਸਬੰਧੀ ਸ਼੍ਰੋਮਣੀ ਕਮੇਟੀ, ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੂੰ ਪੱਤਰ ਭੇਜ ਚੁੱਕੀ ਹੈ. ਉਨ੍ਹਾਂ ਕਿਹਾ ਕਿ ਜੰਮੂ ਕਸ਼ਮੀਰ ਦੇ ਸਿੱਖਾਂ ਨੂੰ ਘੱਟ ਗਿਣਤੀ ਦਾ ਦਰਜਾ ਛੇਤੀ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਜੰਮੂ-ਕਸ਼ਮੀਰ ਵਿੱਚ ਪਿਛਲੇ ਦਿਨੀਂ ਪੰਜਾਬੀ ਭਾਸ਼ਾ ਨੂੰ ਵੀ ਖ਼ਤਮ ਕਰ ਦਿੱਤਾ ਸੀ। ਸ਼੍ਰੋਮਣੀ ਕਮੇਟੀ ਨੇ ਇਸ ਵਿਰੁੱਧ ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਨੂੰ ਬੇਨਤੀ ਪੱਤਰ ਲਿਖਿਆ ਹੈ।

ਪ੍ਰੋ. ਬਡੂੰਗਰ ਨੇ ਚੰਡੀਗੜ੍ਹ ਵਿੱਚ ਅੰਗਰੇਜ਼ੀ ਅਤੇ ਹਿੰਦੀ ਭਾਸ਼ਾ ਨੂੰ ਅਧਿਕਾਰਤ ਭਾਸ਼ਾ ਦਾ ਦਰਜਾ ਮਿਲਣ ਸਬੰਧੀ ਪ੍ਰਤੀਕਰਮ ਦਿੰਦਿਆ ਕਿਹਾ ਕਿ ਇਸ ਨਾਲ ਪੰਜਾਬੀ ਭਾਸ਼ਾ ਦੇ ਪ੍ਰੇਮੀਆਂ ਨਾਲ ਬੇਇਨਸਾਫ਼ੀ ਹੋਵੇਗੀ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਰਨੈਲ ਸਿੰਘ ਕਰਤਾਰਪੁਰ, ਭਗਵੰਤ ਸਿੰਘ ਧੰਗੇੜਾ, ਮੈਨੇਜਰ ਗੁਰਪ੍ਰੀਤ ਸਿੰਘ ਤੇ ਹੈੱਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ ਵੀ ਹਾਜ਼ਰ ਸਨ।

## ਭਾਈ ਹਰਿਸਿਮਰਨ ਸਿੰਘ ਦੀ 'ਜਾਪ ਸਾਹਿਬ' ਬਾਰੇ ਲਿਖੀ ਪੁਸਤਕ ਰਿਲੀਜ਼

**ਸ੍ਰੀ ਆਨੰਦਪੁਰ ਸਾਹਿਬ/ਬਿਊਰੋ ਨਿਊਜ਼ :** ਭਾਈ ਗੁਰਦਾਸ ਇੰਸਟੀਚਿਊਟ ਆਫ਼ ਐਡਵਾਂਸ ਸਿੱਖ ਸਟੱਡੀਜ਼ ਦੇ ਡਾਇਰੈਕਟਰ ਅਤੇ 'ਸਿੱਖ ਨਵਚੇਤਨਾ ਮਿਸ਼ਨ' ਦੇ ਕਨਵੀਨਰ ਭਾਈ ਹਰਿਸਿਮਰਨ ਸਿੰਘ ਨੇ ਆਪਣੀ ਨਵੀਂ ਪੁਸਤਕ 'ਜਾਪੁ ਸਾਹਿਬ' (ਸਿਰਜਕ ਅਤੇ ਸਿਰਜਣਾ ਦੇ ਰਿਸ਼ਤਿਆਂ ਦਾ ਦਰਸ਼ਨ ਸ਼ਾਸਤਰ- ਅਨੁਭਵ ਅਤੇ ਪ੍ਰਗਟਾਉ) ਨੂੰ ਪੰਥ ਲਈ ਅਰਪਣ ਕੀਤਾ। ਇਸ ਮੌਕੇ ਉਨ੍ਹਾਂ ਦੱਸਿਆ ਕਿ ਜਾਪੁ ਸਾਹਿਬ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਵਾਹਿਗੁਰੂ ਦੀ ਸ਼ਕਤੀ, ਉਸ ਦੇ ਵਿਹਾਰਾਂ ਅਤੇ ਪ੍ਰਭੁਸੱਤਾ ਨੂੰ ਵੱਖ-ਵੱਖ ਛੰਦਾਂ ਵਿਚ ਬਿਆਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਸ੍ਰੀ ਦਸਮ ਗ੍ਰੰਥ ਬਾਰੇ ਪਿਛਲੀਆਂ ਸਦੀਆਂ ਤੋਂ ਚਲਦੇ ਆ ਰਹੇ ਵਿਵਾਦ ਨੂੰ ਹੱਲ ਕਰਨ ਲਈ ਇਨ੍ਹਾਂ ਰਚਨਾਵਾਂ ਦਾ ਦਾਰਸ਼ਨਿਕ ਅਧਿਐਨ ਕਰਨ ਦਾ ਯਤਨ 2015 ਤੋਂ ਆਰੰਭਿਆ ਹੋਇਆ ਹੈ ਅਤੇ ਜਾਪੁ ਸਾਹਿਬ ਦਾ ਦਾਰਸ਼ਨਿਕ ਅਧਿਐਨ ਇਸੇ ਲੜੀ ਵਿੱਚ ਪਹਿਲੀ ਪੁਸਤਕ ਹੈ। ਇਸ ਮੌਕੇ 'ਸਿੱਖ ਨਵਚੇਤਨਾ ਮਿਸ਼ਨ' ਦੇ ਜਨਰਲ



ਸਕੱਤਰ ਡਾ. ਭਗਵਾਨ ਸਿੰਘ ਨੇ ਕਿਹਾ ਕਿ ਜਾਪੁ ਸਾਹਿਬ ਬਾਣੀ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਮਾਨਵਤਾ ਦੇ ਉਧਾਰ ਲਈ ਜੋ ਵੱਡਾ ਖਿਆਲ ਦਰਜ ਕੀਤਾ ਹੈ, ਭਾਈ ਸਾਹਿਬ ਨੇ ਉਸ ਨੂੰ ਸਾਹਮਣੇ ਲਿਆਂਦਾ ਹੈ। ਇਸ ਮੌਕੇ ਬੀਰਦਵਿੰਦਰ ਸਿੰਘ, ਅਵਤਾਰ ਸਿੰਘ ਘਰਿਆਲਾ, ਹਰਸ਼ਰਨ ਕੌਰ ਅਤੇ ਰਾਮ ਸਿੰਘ ਸ਼ਾਮਲ ਸਨ।

# ਸ਼੍ਰੋਮਣੀ ਕਮੇਟੀ ਨੇ ਪੀਲੀਭੀਤ ਕਾਂਡ ਦੇ ਪੀੜਤਾਂ ਨੂੰ 50-50 ਹਜ਼ਾਰ ਦੇ ਚੈੱਕ ਭੇਟ ਕੀਤੇ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪੀਲੀਭੀਤ ਜੇਲ੍ਹ ਵਿੱਚ 1994 ਵਿੱਚ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਬਣਾਏ ਸਿੱਖਾਂ ਵਿਚੋਂ ਅਪਾਹਜ ਹੋ ਗਏ ਚਾਰ ਸਿੱਖਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 50-50 ਹਜ਼ਾਰ ਰੁਪਏ ਦੀ ਮਾਲੀ ਮੱਦਦ ਦੇ ਚੈੱਕ ਦਿੱਤੇ ਗਏ ਹਨ। ਸ਼੍ਰੋਮਣੀ ਕਮੇਟੀ ਵੱਲੋਂ ਇਸ ਘਟਨਾ ਵਿੱਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨੂੰ ਇੱਕ-ਇੱਕ ਲੱਖ ਰੁਪਏ ਅਤੇ ਜ਼ਖ਼ਮੀਆਂ ਨੂੰ 50-50 ਹਜ਼ਾਰ ਰੁਪਏ ਦੇਣ ਦਾ ਫੈਸਲਾ ਕੀਤਾ ਗਿਆ ਸੀ। ਦੱਸਣਯੋਗ ਹੈ ਕਿ 8 ਅਤੇ 9 ਨਵੰਬਰ 1994 ਦੀ ਦਰਮਿਆਨੀ ਰਾਤ ਨੂੰ ਪੀਲੀਭੀਤ ਜੇਲ੍ਹ ਵਿੱਚ ਬੰਦ ਸਿੱਖ ਕੈਦੀਆਂ 'ਤੇ ਅਣਮਨੁੱਖੀ ਤਸ਼ੱਦਦ ਕੀਤਾ ਗਿਆ ਸੀ, ਜਿਸ ਕਾਰਨ ਸੱਤ ਸਿੱਖ ਵਿਅਕਤੀਆਂ ਦੀ ਮੌਤ ਹੋ ਗਈ ਸੀ ਅਤੇ 21 ਗੰਭੀਰ ਜ਼ਖਮੀ ਹੋਏ ਸਨ। ਇਨ੍ਹਾਂ ਵਿੱਚੋਂ ਕਈ ਅਪਾਹਜ ਹੋ ਗਏ ਹਨ। ਮਾਲੀ ਮੱਦਦ ਦੇ ਚੈੱਕ ਪ੍ਰਾਪਤ ਕਰਨ ਵਾਲਿਆਂ ਵਿੱਚ ਤਰਲੋਕ ਸਿੰਘ, ਮਨਜੀਤ ਸਿੰਘ, ਗੁਰਨਾਮ ਸਿੰਘ ਜੌਹਲ ਅਤੇ ਪ੍ਰਗਟ ਸਿੰਘ ਸ਼ਾਮਲ ਹਨ। ਕੁਝ ਪਰਿਵਾਰਾਂ ਨੂੰ ਬਾਅਦ ਵਿੱਚ ਚੈੱਕ ਭੇਟ ਕੀਤੇ ਜਾਣਗੇ। ਚੈੱਕ ਲੈਣ ਮਗਰੋਂ ਗੱਲਬਾਤ ਕਰਦਿਆਂ ਤਰਲੋਕ ਸਿੰਘ ਵਾਸੀ ਰਸੂਲਪੁਰ ਨੇ ਦੱਸਿਆ ਕਿ ਇਲਾਹਾਬਾਦ ਹਾਈ ਕੋਰਟ ਵਿੱਚ ਪੀੜਤ ਪਰਿਵਾਰਾਂ ਵੱਲੋਂ ਪਟੀਸ਼ਨ ਦਾਇਰ ਕਰਕੇ ਨਿਆਂ ਅਤੇ ਹਰਜਾਨੇ ਦੀ ਮੰਗ ਕੀਤੀ ਗਈ ਹੈ। ਇਸ ਮਾਮਲੇ ਵਿੱਚ ਅਦਾਲਤ ਵੱਲੋਂ 42 ਪੁਲੀਸ ਅਧਿਕਾਰੀ ਤੇ ਕਰਮਚਾਰੀ ਸ਼ਾਮਲ ਕੀਤੇ ਗਏ ਹਨ।



ਮੁਆਵਜ਼ਾ ਲੈਣ ਲਈ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਪੁੱਜੇ ਪੀਲੀਭੀਤ ਕਾਂਡ ਦੇ ਪੀੜਤ।

# ਕਾਨਪੁਰ ਸਿੱਖ ਕਤਲੇਆਮ ਕੇਸ 'ਚ ਕੇਂਦਰ ਤੇ ਯੂ.ਪੀ. ਸਰਕਾਰ ਨੂੰ ਨੋਟਿਸ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸੁਪਰੀਮ ਕੋਰਟ ਨੇ 1984 ਸਿੱਖ ਕਤਲੇਆਮ ਦੌਰਾਨ ਕਾਨਪੁਰ ਵਿੱਚ ਮਾਰੇ ਗਏ 127 ਸਿੱਖਾਂ ਦੇ ਮਾਮਲੇ ਵਿਚ ਕੇਂਦਰ ਅਤੇ ਯੂਪੀ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਹੈ। 'ਦਿੱਲੀ ਸਿੱਖ ਅਖਿਲ ਭਾਰਤੀ ਦੰਗਾ ਪੀੜਤ ਰਾਹਤ ਕਮੇਟੀ' ਵੱਲੋਂ ਦਾਇਰ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਅਦਾਲਤ ਦੇ ਤਿੰਨ ਮੈਂਬਰੀ ਬੈਂਚ ਨੇ ਇਹ ਆਦੇਸ਼ ਜਾਰੀ ਕੀਤਾ। ਸਿੱਖ ਕਤਲੇਆਮ ਨਾਲ ਸਬੰਧਤ ਤਿੰਨ ਮਾਮਲਿਆਂ 'ਤੇ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਆਖਿਆ ਕਿ ਨਿਗਰਾਨੀ ਲਈ ਕਮੇਟੀ ਬਣਾਉਣੀ ਜ਼ਰੂਰੀ ਹੈ ਤੇ ਸਰਕਾਰੀ ਵਕੀਲ ਨੂੰ ਹਦਾਇਤ ਕੀਤੀ ਕਿ ਉਹ ਮੁਆਵਜ਼ੇ ਸਬੰਧੀ 16 ਅਗਸਤ ਨੂੰ ਅਦਾਲਤ ਵਿੱਚ ਸੁਝਾਅ ਪੇਸ਼ ਕਰਨ।



### ਬੰਦ ਕੀਤੇ ਮਾਮਲੇ ਮੁੜ ਵਿਚਾਰੇ ਜਾਣ :

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਵਧੀਕ ਸਾਲਿਸਟਰ ਜਨਰਲ ਨੂੰ ਕਿਹਾ ਹੈ ਕਿ ਉਹ ਕੇਂਦਰ ਸਰਕਾਰ ਤੋਂ 1984 ਦੇ ਦੰਗੇ ਮਾਮਲਿਆਂ ਨਾਲ ਸਬੰਧਤ ਉਨ੍ਹਾਂ ਕੇਸਾਂ ਨੂੰ ਮੁੜ ਵਿਚਾਰਨ ਲਈ ਕਮੇਟੀ ਗਠਿਤ ਕਰਨ ਬਾਰੇ ਨਿਰਦੇਸ਼ ਪ੍ਰਾਪਤ ਕਰਨ, ਜਿਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ ਹੈ। ਜਸਟਿਸ ਦੀਪਕ ਮਿਸਰਾ, ਜਸਟਿਸ ਅਮਿਤਵਾ ਰਾਉ ਤੇ ਏ.ਐਮ. ਖਾਨਵਿਲਕਰ ਦੀ ਅਗਵਾਈ ਵਾਲੀ ਬੈਂਚ ਵੱਲੋਂ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਤੇ ਹੋਰਾਂ ਵੱਲੋਂ ਪਾਈਆਂ ਅਰਜ਼ੀਆਂ 'ਤੇ ਸੁਣਵਾਈ ਕੀਤੀ ਗਈ। ਵਕੀਲ ਫੂਲਕਾ ਨੇ ਅਦਾਲਤ ਦੀ 3 ਮੈਂਬਰੀਂ ਬੈਂਚ ਨੂੰ ਦੱਸਿਆ ਕਿ 1984 ਦੇ ਦੰਗੇ ਮਾਮਲਿਆਂ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ 199 ਮਾਮਲਿਆਂ ਦੀ ਜਾਂਚ ਬੰਦ ਕਰ ਦਿੱਤੀ ਗਈ ਹੈ ਤੇ ਕੇਵਲ 9 ਦੀ ਜਾਂਚ ਜਾਰੀ ਹੈ। 20 ਫਰਵਰੀ ਨੂੰ ਕੇਂਦਰ ਸਰਕਾਰ ਨੇ ਦੰਗਿਆਂ ਦੇ ਮਾਮਲਿਆਂ ਦੀ ਐਸ.ਆਈ.ਟੀ. ਵੱਲੋਂ ਕੀਤੀ ਜਾ ਰਹੀ ਜਾਂਚ ਬਾਰੇ ਸਥਿਤੀ ਰਿਪੋਰਟ ਪੇਸ਼ ਕੀਤੀ ਸੀ।

## ਸੁਬਰਾਮਨੀਅਮ ਸਵਾਮੀ ਨੇ ਰਿਕਾਰਡ ਜਨਤਕ ਕਰਨ ਲਈ ਕਿਹਾ

**ਨਵੀਂ ਦਿੱਲੀ :** ਰਾਜ ਸਭਾ ਸੰਸਦ ਮੈਂਬਰ ਸੁਬਰਾਮਨੀਅਮ ਸਵਾਮੀ ਨੇ ਇਕ ਵਾਰ ਫਿਰ ਆਪ੍ਰੇਸ਼ਨ ਬਲਿਊ ਸਟਾਰ ਨੂੰ ਅਫ਼ਸੋਸਨਾਕ ਕਰਾਰ ਦਿੰਦਿਆਂ ਕੇਂਦਰ ਅਤੇ ਪੰਜਾਬ ਸਰਕਾਰ ਨੂੰ 1984 ਵਿਚ ਹੋਈਆਂ ਦੋ ਮੁੱਖ ਘਟਨਾਵਾ-ਆਪ੍ਰੇਸ਼ਨ ਬਲਿਊ ਸਟਾਰ ਅਤੇ ਸਿੱਖ ਦੰਗਿਆਂ ਦੇ ਰਿਕਾਰਡ ਜਨਤਕ ਕਰਨ ਨੂੰ ਕਿਹਾ। ਪਹਿਲਾਂ ਵੀ ਆਪ੍ਰੇਸ਼ਨ ਬਲਿਊ ਸਟਾਰ ਦੀ ਸਰਬਜਨਕ ਤੌਰ 'ਤੇ ਨਿਖੇਧੀ ਕਰ ਚੁੱਕੇ ਸਵਾਮੀ ਨੇ ਇਸ ਸਬੰਧ ਵਿਚ ਇਕ ਮਤਾ ਵੀ ਪੇਸ਼ ਕੀਤਾ, ਜਿਸ ਵਿਚ ਉਨ੍ਹਾਂ ਨੇ ਸਿੱਖ ਦੰਗਿਆਂ ਦੇ ਦੋਸ਼ੀਆਂ ਖਿਲਾਫ ਕਾਰਵਾਈ ਤੇਜ਼ ਕਰਨ ਨੂੰ ਕਿਹਾ। ਇਸ ਦੇ ਨਾਲ ਹੀ ਰਾਜ ਸਭਾ ਸੰਸਦ ਮੈਂਬਰ ਨੇ 1984 'ਚ ਦਰਬਾਰ ਸਾਹਿਬ ਵਿਚ ਫੌਜ ਵੱਲੋਂ ਕੀਤੀਆਂ ਕਾਰਵਾਈਆਂ ਵਿਚ ਟਾਡਾ ਤਹਿਤ ਜੇਲ੍ਹ ਵਿਚ ਬੰਦ ਸਿੱਖਾਂ ਦੀ ਛੇਤੀ ਰਿਹਾਈ ਦੀ ਵੀ ਅਪੀਲ ਕੀਤੀ। ਰਾਜ ਸਭਾ ਵਿਚ ਪੇਸ਼ ਕੀਤੇ ਇਸ ਨਿੱਜੀ ਮਤੇ ਵਿਚ ਸਵਾਮੀ ਨੇ 6 ਜੂਨ, 1984 ਵਿਚ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਵਿਚ ਹੋਏ ਫ਼ੌਜੀ ਹਮਲੇ ਤੇ ਸਤੰਬਰ 1984 ਵਿਚ ਹੋਏ ਸਿੱਖ ਦੰਗਿਆਂ ਸਬੰਧੀ ਕੇਂਦਰ ਅਤੇ ਰਾਜ ਸਰਕਾਰ ਨੂੰ ਇਨ੍ਹਾਂ ਦੋਵੇਂ ਘਟਨਾਵਾਂ ਦੇ ਰਿਕਾਰਡ ਜਨਤਕ ਕਰਨ ਨੂੰ ਕਿਹਾ ਅਤੇ ਦੋਸ਼ੀਆਂ ਨੂੰ ਛੇਤੀ ਸਜ਼ਾ ਦਿਵਾਉਣ ਨੂੰ ਕਿਹਾ। ਸਵਾਮੀ ਨੇ ਇਸ ਸਬੰਧੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੂੰ ਵੀ ਚਿੱਠੀ ਲਿਖੀ, ਜਿਸ ਦੇ ਜਵਾਬ 'ਚ ਰਾਜਨਾਥ ਸਿੰਘ ਨੇ ਛੇਤੀ ਹੀ ਢੁਕਵੀਂ ਕਾਰਵਾਈ ਦਾ ਭਰੋਸਾ ਦਿੱਤਾ।

## ਬੰਗਲੌਰ ਦੇ ਸਿੱਖ ਪਰਿਵਾਰ 'ਤੇ ਹਮਲਾ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਦੀ ਮੰਗ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਬੰਗਲੌਰ ਦੇ ਪ੍ਰਸ਼ਾਸਨ ਨੂੰ ਆਖਿਆ ਹੈ ਕਿ ਸੇਵਾਮੁਕਤ ਕਰਨਲ ਆਰ.ਐਸ. ਉਪਲ ਦੇ ਪਰਿਵਾਰ ਦੀ ਕੁੱਟਮਾਰ ਤੇ ਕੇਸਾਂ ਦੀ ਬੇਅਦਬੀ ਕਰਨ ਵਾਲਿਆਂ ਖ਼ਿਲਾਫ਼ ਆਈਪੀਸੀ ਦੀ ਧਾਰਾ 307 ਅਤੇ ਕੇਸਾਂ ਦੀ ਬੇਅਦਬੀ ਖ਼ਿਲਾਫ਼ ਧਾਰਾ 295 (ਏ) ਤਹਿਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕ੍ਰਿਪਾਲ ਸਿੰਘ ਬਡੂੰਗਰ ਅਤੇ ਬੰਗਲੌਰ ਦੀਆਂ ਸਿੱਖ ਜਥੇਬੰਦੀਆਂ ਨੂੰ ਆਖਿਆ ਕਿ ਪੀੜਤ ਸਿੱਖ ਪਰਿਵਾਰ ਨੂੰ ਇਨਸਾਫ਼ ਦਿਵਾਉਣ ਲਈ ਢੁਕਵੀਂ ਕਾਰਵਾਈ ਕਰਨ।
ਇਸ ਪਰਿਵਾਰ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨੂੰ ਇੱਕ ਚਿੱਠੀ ਭੇਜ ਕੇ ਨਿਆਂ ਦਿਵਾਉਣ ਦੀ ਅਪੀਲ ਕੀਤੀ ਗਈ ਹੈ। ਕਰਨਲ ਉਪਲ ਨੇ ਕੁਝ ਸਥਾਨਕ ਲੋਕਾਂ 'ਤੇ ਦੋਸ਼ ਲਾਏ ਹਨ ਕਿ ਕੁਝ ਲੋਕ ਧੱਕੇ ਨਾਲ ਉਨ੍ਹਾਂ ਦੀ ਜਾਇਦਾਦ ਖ਼ਰੀਦਣਾ ਚਾਹੁੰਦੇ ਹਨ। ਇਸੇ ਕਾਰਨ ਉਨ੍ਹਾਂ ਦੇ ਪਰਿਵਾਰ 'ਤੇ ਜਾਨਲੇਵਾ ਹਮਲਾ ਕੀਤਾ ਗਿਆ। ਕਰਨਲ ਉਪਲ ਸਮੇਤ ਉਸ ਦੇ ਪੁੱਤਰ ਹਰਮੀਤ ਸਿੰਘ ਅਤੇ ਹਰਪ੍ਰੀਤ ਸਿੰਘ ਦੀ ਵੀ ਕੁੱਟਮਾਰ ਕੀਤੀ ਗਈ ਤੇ ਉਨ੍ਹਾਂ ਦੇ ਕੇਸਾਂ ਦੀ ਵੀ ਬੇਅਦਬੀ ਕੀਤੀ ਗਈ ਹੈ।



ਜਥੇਦਾਰ ਗੁਰਬਚਨ ਸਿੰਘ ਨੇ ਆਖਿਆ ਕਿ ਉਥੋਂ ਦੇ ਪ੍ਰਸ਼ਾਸਨ ਨੇ ਇਸ ਮਾਮਲੇ ਵਿੱਚ ਮੁਲਜ਼ਮਾਂ ਖ਼ਿਲਾਫ਼ ਤਸੱਲੀਬਖ਼ਸ਼ ਕਾਰਵਾਈ ਨਹੀਂ ਕੀਤੀ ਹੈ। ਮਾਮੂਲੀ ਧਾਰਾਵਾਂ ਹੇਠ ਕੇਸ ਦਰਜ ਕੀਤਾ ਗਿਆ ਹੈ ਤੇ ਮੁਲਜ਼ਮਾਂ ਦੀ ਜ਼ਮਾਨਤ ਵੀ ਹੋ ਗਈ ਹੈ। ਉਨ੍ਹਾਂ ਕਿਹਾ ਕਿ ਮੁਲਜ਼ਮਾਂ ਖ਼ਿਲਾਫ਼ ਜਾਨ ਲੇਵਾ ਹਮਲਾ ਕਰਨ ਦੇ ਦੋਸ਼ ਹੇਠ ਆਈਪੀਸੀ ਦੀ ਧਾਰਾ 307 ਅਤੇ 295 (ਏ) ਤਹਿਤ ਕੇਸ ਦਰਜ ਕੀਤਾ ਜਾਵੇ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਆਖਿਆ ਕਿ ਉਹ ਪੀੜਤ ਪਰਿਵਾਰ ਨੂੰ ਨਿਆਂ ਦਿਵਾਉਣ ਲਈ ਯੋਗ ਕਾਰਵਾਈ ਕਰਨ।

### *ਕੈਪਟਨ ਨੇ ਕਰਨਾਟਕ ਦੇ ਮੁੱਖ ਮੰਤਰੀ ਕੋਲ ਚੁੱਕਿਆ ਮੁੱਦਾ*

*ਚੰਡੀਗੜ੍ਹ : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਨਾਟਕ ਦੇ ਮੁੱਖ ਮੰਤਰੀ ਸਿਧਰਮੱਈਆ ਨਾਲ ਫੋਨ 'ਤੇ ਗੱਲਬਾਤ ਕਰਕੇ ਬੰਗਲੌਰ ਵਿੱਚ ਸ਼ਰਾਰਤੀਆਂ ਵੱਲੋਂ ਸਿੱਖ ਪਰਿਵਾਰ 'ਤੇ ਕੀਤੇ ਗਏ ਹਮਲੇ ਦੇ ਸਬੰਧ 'ਚ ਨਿਆਂ ਯਕੀਨੀ ਬਣਾਉਣ ਲਈ ਦਖ਼ਲ ਦੇਣ ਦੀ ਮੰਗ ਕੀਤੀ ਹੈ। ਕੈਪਟਨ ਨੇ ਕਰਨਾਟਕ ਦੇ ਆਪਣੇ ਹਮਰੁਤਬਾ ਨਾਲ ਫੋਨ 'ਤੇ ਸਾਬਕਾ ਫੌਜੀ ਅਫਸਰ ਕਰਨਲ ਆਰ.ਐਸ. ਉੱਪਲ ਦੇ ਪਰਿਵਾਰਕ ਮੈਂਬਰਾਂ 'ਤੇ ਹੋਏ ਹਮਲੇ 'ਤੇ ਚਿੰਤਾ ਪ੍ਰਗਟ ਕੀਤੀ। ਉਨ੍ਹਾਂ ਨੇ ਪਰਿਵਾਰ ਨੂੰ ਸੁਰੱਖਿਆ ਦੇਣ ਵਾਸਤੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਅਤੇ ਅਪਰਾਧੀਆਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਲਈ ਪੁਲੀਸ ਨੂੰ ਨਿਰਦੇਸ਼ ਦੇਣ ਵਾਸਤੇ ਆਖਿਆ। ਕਰਨਾਟਕ ਦੇ ਮੁੱਖ ਮੰਤਰੀ ਨੇ ਕੈਪਟਨ ਨੂੰ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਸਰਕਾਰ ਉਪਲ ਪਰਿਵਾਰ ਦੀ ਹਰ ਸਹਾਇਤਾ ਦੇਵੇਗੀ।*

## ਧਰਮ ਯੁੱਧ ਮੋਰਚੇ ਦੀ 35ਵੀਂ ਵਰ੍ਹੇਗੰਢ ਮੌਕੇ ਯੂਨਾਈਟਿਡ ਅਕਾਲੀ ਦਲ ਵੱਲੋਂ ਚਿਤਾਵਨੀ ਮਾਰਚ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਯੂਨਾਈਟਿਡ ਅਕਾਲੀ ਦਲ ਨੇ ਧਰਮ ਯੁੱਧ ਮੋਰਚੇ ਦੀ 35ਵੀਂ ਵਰ੍ਹੇਗੰਢ ਮੌਕੇ ਆਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਾਉਣ ਲਈ ਅਕਾਲ ਤਖ਼ਤ ਵਿਖੇ ਅਰਦਾਸ ਕਰਕੇ ਚਿਤਾਵਨੀ ਮਾਰਚ ਕੱਢਿਆ। ਉਨ੍ਹਾਂ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਮੰਗ ਪੱਤਰ ਭੇਜ ਕੇ 1973 ਵਿੱਚ ਪਾਸ ਕੀਤੇ ਆਨੰਦਪੁਰ ਸਾਹਿਬ ਮਤੇ ਨੂੰ ਲਾਗੂ ਕਰਨ ਦੀ ਮੰਗ ਕੀਤੀ। ਮਾਰਚ ਦੀ ਸ਼ੁਰੂਆਤ ਜਥੇਬੰਦੀ ਦੇ ਮੁਖੀ ਭਾਈ ਮੋਹਕਮ ਸਿੰਘ, ਜਨਰਲ ਸਕੱਤਰ ਗੁਰਦੀਪ ਸਿੰਘ ਬਠਿੰਡਾ, ਸਤਨਾਮ ਸਿੰਘ ਮਨਾਵਾ ਤੇ ਵੱਸਣ ਸਿੰਘ ਜਫਰਵਾਲ ਦੀ ਅਗਵਾਈ ਵਿੱਚ ਅਕਾਲ ਤਖ਼ਤ ਵਿਖੇ ਅਰਦਾਸ ਨਾਲ ਕੀਤੀ ਗਈ। ਇਸ ਮੌਕੇ ਭਾਈ ਮੋਹਕਮ ਸਿੰਘ ਨੇ ਆਖਿਆ ਕਿ ਦੇਸ਼ ਵੰਡ ਵੇਲੇ ਸਿੱਖਾਂ ਨਾਲ ਕਈ ਵਾਅਦੇ ਕੀਤੇ ਗਏ ਸਨ, ਪਰ ਕੋਈ ਪੂਰਾ ਨਹੀਂ ਹੋਇਆ। ਇਸੇ ਲਈ 35 ਸਾਲ ਪਹਿਲਾਂ 1973 ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਦਮਦਮੀ ਟਕਸਾਲ ਨੇ ਪੰਜਾਬ ਦੀਆਂ ਮੰਗਾਂ ਸਬੰਧੀ ਇੱਕ ਦਸਤਾਵੇਜ਼ ਤਿਆਰ ਕੀਤਾ ਸੀ, ਜਿਸ ਨੂੰ ਆਨੰਦਪੁਰ ਸਾਹਿਬ ਮਤੇ ਦਾ ਨਾਂ ਦਿੱਤਾ ਗਿਆ ਸੀ। ਉਨ੍ਹਾਂ ਆਖਿਆ ਕਿ ਇਸ ਦੀ ਪ੍ਰਾਪਤੀ ਲਈ ਸ਼ਾਂਤਮਈ ਢੰਗ ਨਾਲ ਸੰਘਰਸ਼ ਜਾਰੀ ਰੱਖਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਅਤੇ ਪੰਜਾਬ ਦੇ ਮੁੱਖ ਮੰਤਰੀ ਨੂੰ ਭੇਜੇ ਪੱਤਰ ਵਿੱਚ ਮੰਗ ਕੀਤੀ ਗਈ ਹੈ ਕਿ ਆਨੰਦਪੁਰ ਮਤੇ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ, ਸਿੱਖ ਬੰਦੀਆਂ ਨੂੰ ਰਿਹਾਅ ਕੀਤਾ ਜਾਵੇ ਤੇ ਬੇਅਦਬੀ ਦੇ ਦੋਸ਼ੀਆਂ ਨੂੰ ਛੇਤੀ ਗ੍ਰਿਫ਼ਤਾਰ ਕੀਤਾ ਜਾਵੇ। ਇਸ ਮੌਕੇ ਜਨਰਲ ਸਕੱਤਰ ਭਾਈ ਗੁਰਦੀਪ ਸਿੰਘ ਬਠਿੰਡਾ ਆਖਿਆ ਕਿ 14 ਅਗਸਤ ਨੂੰ ਬਹਿਬਲ ਕਲਾਂ ਕਾਂਡ ਦੇ ਸਬੰਧ ਵਿੱਚ ਕੋਟਕਪੂਰਾ ਵਿੱਚ ਧਰਨਾ ਦਿੱਤਾ ਜਾਵੇਗਾ ਅਤੇ 15 ਅਗਸਤ ਨੂੰ ਕਾਲੇ ਦਿਵਸ ਵਜੋਂ ਮਨਾਇਆ ਜਾਵੇਗਾ।



## ਸ਼੍ਰੋਮਣੀ ਕਮੇਟੀ ਵਲੋਂ ਮੁੱਖ ਸਕੱਤਰ ਦਾ ਅਹੁਦਾ ਖ਼ਤਮ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੁੱਖ ਸਕੱਤਰ ਦਾ ਅਹੁਦਾ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਖ਼ੁਲਾਸਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕੀਤਾ। ਪ੍ਰੋ. ਬਡੂੰਗਰ ਨੇ ਦੱਸਿਆ ਕਿ ਸਿੱਖ ਗੁਰਦੁਆਰਾ ਐਕਟ 1925 ਵਿੱਚ ਸ਼੍ਰੋਮਣੀ ਕਮੇਟੀ ਦੇ ਦਰਜ ਸੇਵਾ ਨਿਯਮਾਂ ਵਿੱਚ ਮੁੱਖ ਸਕੱਤਰ ਨਾਂ ਦਾ ਕੋਈ ਅਹੁਦਾ ਨਹੀਂ ਹੈ। ਸੰਵਿਧਾਨਕ ਤੌਰ 'ਤੇ ਇਸ ਅਹੁਦੇ ਨੂੰ ਕੋਈ ਮਾਨਤਾ ਨਹੀਂ ਹੈ ਅਤੇ ਸਿੱਖ ਸੰਸਥਾ ਕਾਨੂੰਨ ਨੂੰ ਮੰਨਣ ਲਈ ਪਾਬੰਦ ਹੈ। ਇਸ ਲਈ ਸ਼੍ਰੋਮਣੀ ਕਮੇਟੀ ਵੱਲੋਂ ਕਾਨੂੰਨ ਦੀ ਉਲੰਘਣਾ ਕਰਕੇ ਕੋਈ ਨਵਾਂ ਅਹੁਦਾ ਨਹੀਂ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਮਰਹੂਮ ਗੁਰਚਰਨ ਸਿੰਘ ਟੌਹੜਾ ਦੇ ਵੇਲੇ ਮਨਜੀਤ ਸਿੰਘ ਕਲਕੱਤਾ ਨੂੰ ਮੁੱਖ ਸਕੱਤਰ ਬਣਾਇਆ ਗਿਆ ਸੀ ਅਤੇ ਹੁਣ 2015 ਵਿੱਚ ਹਰਚਰਨ ਸਿੰਘ ਨੂੰ ਮੁੱਖ ਸਕੱਤਰ ਬਣਾਇਆ ਗਿਆ ਸੀ। ਉਨ੍ਹਾਂ ਸਪਸ਼ਟ ਕੀਤਾ ਕਿ ਹਰਚਰਨ ਸਿੰਘ ਦੇ ਅਸਤੀਫੇ ਤੋਂ ਬਾਅਦ ਇਸ ਅਹੁਦੇ ਨੂੰ ਵੀ ਖ਼ਤਮ ਕਰਨ ਦਾ ਫ਼ੈਸਲਾ ਕੀਤਾ ਹੈ। ਸੰਵਿਧਾਨਕ ਤੌਰ 'ਤੇ ਸੰਸਥਾ ਦਾ ਸਕੱਤਰ ਹੀ ਪ੍ਰਸ਼ਾਸਨਿਕ ਮੁਖੀ ਹੁੰਦਾ ਹੈ। ਇਸ ਵੇਲੇ ਸ਼੍ਰੋਮਣੀ ਕਮੇਟੀ ਕੋਲ ਉੱਚ ਯੋਗਤਾ ਪ੍ਰਾਪਤ ਸਕੱਤਰ ਹਨ, ਜੋ ਸਿੱਖ ਸੰਸਥਾ ਦੇ ਕੰਮਕਾਜ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਸਮਰੱਥ ਹਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਹਰਚਰਨ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕਤਰ ਦੇ ਅੁਹਦੇ ਤੋਂ ਅਸਤੀਫਾ ਦੇ ਦਿੱਤਾ ਸੀ।

## ਮੁਤਵਾਜ਼ੀ ਜਥੇਦਾਰਾਂ ਨੇ ਪਾਠੀਆਂ ਦੇ ਹੱਕਾਂ ਦੀ ਕੀਤੀ ਹਮਾਇਤ

**ਬਠਿੰਡਾ/ਤਲਵੰਡੀ ਸਾਬੋ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਪਾਠੀਆਂ ਵੱਲੋਂ ਘੱਟ ਤਨਖਾਹਾਂ ਦੇ ਮੁੱਦੇ 'ਤੇ ਕੀਤੇ ਜਾ ਰਹੇ ਸੰਘਰਸ਼ ਦੀ ਮੁਤਵਾਜ਼ੀ ਜਥੇਦਾਰਾਂ ਨੇ ਹਮਾਇਤ ਕੀਤੀ ਹੈ। ਮੁਤਵਾਜ਼ੀ ਜਥੇਦਾਰਾਂ ਭਾਈ ਧਿਆਨ ਸਿੰਘ ਮੰਡ, ਭਾਈ ਬਲਜੀਤ ਸਿੰਘ ਦਾਦੂਵਾਲ ਅਤੇ ਭਾਈ ਅਮਰੀਕ ਸਿੰਘ ਅਜਨਾਲਾ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕਦੇ ਵੀ ਪਾਠੀਆਂ ਬਾਰੇ ਨਹੀਂ ਸੋਚਿਆ ਕਿ ਉਹ ਕਿਸ ਤਰ੍ਹਾਂ ਬਹੁਤ ਘੱਟ ਤਨਖਾਹ ਨਾਲ ਆਪਣਾ ਜੀਵਨ ਨਿਰਬਾਹ ਕਰਦੇ ਹਨ। ਉਨ੍ਹਾਂ ਕਿਹਾ ਕਿ ਉਹ ਪਾਠੀਆਂ ਦੀ ਤਨਖਾਹ ਵਿੱਚ ਵਾਧੇ ਦੇ ਨਾਲ-ਨਾਲ ਉਨ੍ਹਾਂ ਲਈ ਬਿਹਤਰ ਸਿਹਤ ਸੇਵਾਵਾਂ, ਉਨ੍ਹਾਂ ਦੇ ਬੱਚਿਆਂ ਲਈ ਮੁਫ਼ਤ ਮਿਆਰੀ ਸਿੱਖਿਆ ਅਤੇ ਹੋਰ ਸਹੂਲਤਾਂ ਦੀ ਵੀ ਮੰਗ ਕਰਦੇ ਹਨ।

## ਦਿੱਲੀ 'ਚ ਪੰਜਾਬੀ ਭਾਸ਼ਾ ਦੀ ਅਣਦੇਖੀ ਖ਼ਿਲਾਫ਼ ਹਾਈ ਕੋਰਟ ਪੁੱਜੀ ਦਿੱਲੀ ਕਮੇਟੀ

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਪੰਜਾਬੀ ਭਾਸ਼ਾ ਦੀ ਬਦਹਾਲੀ ਖ਼ਿਲਾਫ਼ ਦਿੱਲੀ ਹਾਈ ਕੋਰਟ ਵਿਚ ਦਾਇਰ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਕਾਰਜਕਾਰੀ ਚੀਫ਼ ਜਸਟਿਸ ਗੀਤਾ ਮਿੱਤਲ ਅਤੇ ਜਸਟਿਸ ਹਰਿਸ਼ੰਕਰ ਦੇ ਬੈਂਚ ਨੇ ਦਿੱਲੀ ਸਰਕਾਰ, ਪੰਜਾਬੀ ਅਕਾਦਮੀ, ਉਰਦੂ ਅਕਾਦਮੀ, ਕੇਂਦਰੀ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਅਤੇ ਸੀ.ਬੀ.ਐਸ.ਈ. ਨੂੰ ਨੋਟਿਸ ਜਾਰੀ ਕੀਤਾ ਹੈ। ਜੀ.ਕੇ. ਨੇ ਦੋਸ਼ ਲਗਾਇਆ ਕਿ ਦਿੱਲੀ ਸਰਕਾਰ ਲਗਾਤਾਰ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਖ਼ੱਜਲ਼-ਖ਼ੁਆਰ ਕਰਨ 'ਤੇ ਲੱਗੀ ਹੋਈ ਹੈ। ਦਿੱਲੀ ਵਿਚ ਪੰਜਾਬੀ ਭਾਸ਼ਾ ਪੜ੍ਹਾਉਣਾ ਲਾਜ਼ਮੀ ਹੋਣ ਦੇ ਬਾਵਜੂਦ ਸਕੂਲਾਂ ਵਿਚੋਂ ਪੰਜਾਬੀ ਨੂੰ ਬਾਹਰ ਕੱਢਣ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਦਿੱਲੀ ਵਿਚ ਪੰਜਾਬੀ ਭਾਸ਼ਾ ਨੂੰ ਦੂਜੀ ਰਾਜ ਭਾਸ਼ਾ ਦਾ ਦਰਜਾ ਪ੍ਰਾਪਤ ਹੈ, ਜਿਸ ਕਰ ਕੇ ਦਿੱਲੀ ਸਕੂਲ ਸਿੱਖਿਆ ਨਿਯਮ 1973 ਦੀ ਧਾਰਾ 9 ਦੇ ਮੁਤਾਬਕ ਤਿੰਨ ਭਾਸ਼ਾ ਫ਼ਾਰਮੂਲੇ ਤਹਿਤ ਸਰਕਾਰੀ ਸਕੂਲਾਂ ਵਿਚ ਪੰਜਾਬੀ ਭਾਸ਼ਾ ਨੂੰ ਪੜ੍ਹਾਉਣਾ ਲਾਜ਼ਮੀ ਹੈ। ਪਰ ਦਿੱਲੀ ਸਰਕਾਰ ਵੱਲੋਂ ਕੁੱਝ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਥਾਂ ਕਿੱਤਾ ਮੁਖੀ ਕੋਰਸਾਂ ਨੂੰ ਲਾਗੂ ਕਰਨ ਅਤੇ ਪੰਜਾਬੀ ਅਧਿਆਪਕਾਂ ਦੀ ਪੱਕੀ ਭਰਤੀ ਤੋਂ ਪਾਸਾ ਵਟਣ ਨੂੰ ਤਿੰਨ ਭਾਸ਼ਾ ਫ਼ਾਰਮੂਲੇ ਦੀ ਉਲੰਘਣਾ ਕਰਾਰ ਦਿੰਦੇ ਹੋਏ ਦਿੱਲੀ ਕਮੇਟੀ ਨੇ ਹਾਈ ਕੋਰਟ ਦਾ ਰੁਖ ਕੀਤਾ ਹੈ। ਸੁਣਵਾਈ ਦੌਰਾਨ ਹਾਈ ਕੋਰਟ ਨੇ ਇਸ ਤੋਂ ਪਹਿਲਾਂ ਅਦਾਲਤ ਵਿਚ ਚੱਲ ਰਹੇ ਸੰਸਕ੍ਰਿਤ ਅਧਿਆਪਕਾਂ ਦੇ ਕੇਸ ਨਾਲ ਇਸ ਕੇਸ ਨੂੰ ਨੱਥੀ ਕਰਦੇ ਹੋਏ ਅਗਲੀ ਸੁਣਵਾਈ 14 ਸਤੰਬਰ 2017 ਨੂੰ ਕਰਨ ਦੇ ਆਦੇਸ਼ ਦਿੱਤੇ ਹਨ। ਜੀ.ਕੇ. ਨੇ ਜਾਣਕਾਰੀ ਦਿੱਤੀ ਕਿ ਦਿੱਲੀ ਕਮੇਟੀ ਇਸ ਲੜਾਈ ਨੂੰ ਕਾਨੂੰਨੀ ਵਿਭਾਗ ਦੇ ਮੁਖੀ ਜਸਵਿੰਦਰ ਸਿੰਘ ਜੌਲੀ ਦੀ ਮਾਰਫ਼ਤ ਕੌਮੀ ਘੱਟ ਗਿਣਤੀ ਵਿੱਦਿਅਕ ਅਦਾਰਾ ਕਮਿਸ਼ਨ ਵਿਚ ਲੰਬੇ ਸਮੇਂ ਤੋਂ ਲੜ ਰਹੀ ਹੈ। ਏ.ਐਸ. ਬਰਾੜ ਵੱਲੋਂ ਦਰਜ ਕੀਤੇ ਗਏ ਉਕਤ ਕੇਸ ਵਿਚ ਕਮਿਸ਼ਨ ਦੇ ਆਦੇਸ਼ 'ਤੇ ਦਿੱਲੀ ਕਮੇਟੀ ਨੇ ਦਿੱਲੀ ਦੇ ਸਰਕਾਰੀ ਸਕੂਲਾਂ ਵਿਚ ਪੰਜਾਬੀ ਅਤੇ ਉਰਦੂ ਟੀਚਰਾਂ ਦੀ ਲੋੜ ਦਾ ਪਤਾ ਲਗਾਉਣ ਲਈ ਸਰਵੇਖਣ ਵੀ ਕੀਤਾ ਸੀ।

# SINGH TRANSPORT INC



- ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
- ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
- ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
- ਅਸੀਂ ਬੋਨਸ ਵੀ ਦਿੰਦੇ ਹਾਂ।
- ਰੋਜ਼ਾਨਾ ਸ਼ਾਮ ਨੂੰ ਘਰ ਜਾਓ।

ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।

ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578



# Website Design & Development

➡ ਛੋਟੇ/ਵੱਡੇ ਬਜ਼ਿਨਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।

Basic web packages are availables on comparatively economical rates
We work as per your requirement and charge only according to work

## SERVICES

- ✔ WEB DEVELOPMENT
- ✔ WEB DESIGNING
- ✔ WEB RE-DESIGN
- ✔ LOGO DESIGN
- ✔ SEO SERVICES
- ✔ TECHNICAL SUPPORT

Web Media Art

ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।

+91-94640-83029
+91-95699-98747

info@webmediaart.com
www.webmediaart.com





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.


$20 Off For Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

Call Now for the
Lowest Health Insurance
Premiums available
Some Households
qualify for
FREE HEALTHCARE

408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com

PANNU'S
LEGAL SERVICES
G.S. Pannu (Immigration Consultant, LDA)
ivisapass@gmail.com • FAX 510.279.7624
510.677.5200
IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT
STUDENT VISA (EDUCATE YOUR CHILDREN IN USA)
DIVORCE
★ CHILD SUPPORT ★ CHILD VISITATION ★ CHILD CUSTODY ★ MODIFICATION
PANNU'S
PASSPORT & VISA SERVICES
indiavisa123@gmail.com • FAX 510.279.7624
M.K. Pannu (Owner)
VISA IN ONE DAY
Indian Passport | India Visa in 1 Day | OCI | US Passport
Power of Attorney & Other Services
510.677.8440
40757, Grimmer Blvd. FREMONT CA-94538
3810 Eau Claire Ave, Ceres, MODESTO/CERES CA-95307
220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.
Special fares to :
SFO TO DEL
LAX TO DEL
SERVICE TRUST
SKYWAY TRAVEL
DOMESTIC and INTERNATIONAL
Special fares to
Amritsar
& Delhi
ਦੋ ਜਾਂ
ਦੋ ਤੋਂ ਵੱਧ
ਟਿਕਟਾਂ ਖਰੀਦਣ
'ਤੇ ਇਕ ਭਾਰ ਤੋਲਣ
ਵਾਲੀ ਮਸ਼ੀਨ ਮੁਫ਼ਤ
ਦਿੱਤੀ ਜਾਵੇਗੀ।
Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345



Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ASIANA AIRLINES
A STAR ALLIANCE MEMBER
Asiana Airlines Daily Flight To New Delhi
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889


SAVE $2500
ON DIESEL PER TRUCK WITH
ONE CALL!
10¢
TRANS-ALLIANCE
KHALSA FUEL CARD
1243 6756 7698 3421
TRANS EXPRESS
DISCOUNT PER GALLON
✓ No more Pre-Paid Cards
✓ Get Rid of Bank Wires
✓ Low Transaction Fee
MORE: SAVINGS.
SAVE $40
OIL CHANGE AND ANY SYNTHETIC BOX CHANGE SERVICE.
We Proudly Feature: Mobil Delvac
TA TRUCK SERVICE
MORE: BAYS. EXPERTISE. SOLUTIONS.
MORE: EXPERTISE.
To Get You Rolling.
Highly-trained ASE and TIA-certified technicians.
All major tire brands serviced roadside.
TA TRUCK SERVICE
ROADSQUAD
YOU BREAK DOWN. WE SHOW UP.
844-698-1923
NEW PHONE NUMBER JUST FOR TRANS-ALLIANCE MEMBERS!
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਡਾ. ਰੂਪ ਸਿੰਘ ਸੰਭਾਲਣਗੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਵਾਲੀਆਂ ਜ਼ਿੰਮੇਵਾਰੀਆਂ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਵੱਲੋਂ ਕੁਝ ਦਿਨ ਪਹਿਲਾਂ ਅਸਤੀਫ਼ਾ ਦੇ ਦਿੱਤੇ ਜਾਣ ਤੋਂ ਬਾਅਦ ਛੁੱਟੀ 'ਤੇ ਚੱਲ ਰਹੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਡਾ. ਰੂਪ ਸਿੰਘ ਨੂੰ ਵਾਪਸ ਬੁਲਾ ਕੇ ਸ਼੍ਰੋਮਣੀ ਕਮੇਟੀ ਵੱਲੋਂ ਮੁੱਖ ਸਕੱਤਰ ਦੁਆਰਾ ਕੀਤੇ ਜਾਣ ਵਾਲੇ ਕੰਮਾਂ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਡਾ. ਰੂਪ ਸਿੰਘ ਨੂੰ ਸਿਰੋਪਾਓ ਭੇਟ ਕਰਕੇ ਨਵੀਆਂ ਜ਼ਿੰਮੇਵਾਰੀਆਂ ਸੌਂਪਦਿਆਂ ਉਨ੍ਹਾਂ ਨੂੰ ਮੁੱਖ ਸਕੱਤਰ ਵਾਲੇ ਦਫ਼ਤਰ ਵਿਚ ਤਬਦੀਲ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਪ੍ਰੋ. ਬਡੂੰਗਰ ਵੱਲੋਂ ਡਾ. ਰੂਪ ਸਿੰਘ ਨੂੰ ਉਨ੍ਹਾਂ ਦੀ ਵਿਦਵਤਾ ਤੇ ਕੰਮਕਾਜ ਦੇ ਤਜ਼ਰਬੇ ਨੂੰ ਮੁੱਖ ਰੱਖਦਿਆਂ ਇਹ ਜ਼ਿੰਮੇਵਾਰੀ ਸੌਂਪੀ ਗਈ ਹੈ। ਮੁੱਖ ਸਕੱਤਰ ਦੀ ਨਿਯੁਕਤੀ ਤੋਂ ਪਹਿਲਾਂ ਵੀ ਡਾ. ਰੂਪ ਸਿੰਘ ਹੀ ਸ਼੍ਰੋਮਣੀ ਕਮੇਟੀ ਦਾ ਮੁੱਖ ਤੌਰ 'ਤੇ ਕੰਮ ਕਾਜ ਦੇਖਦੇ ਸਨ। ਡਾ. ਰੂਪ ਸਿੰਘ ਨੂੰ ਮੁੱਖ ਸਕੱਤਰ ਵਾਲੀ ਕੁਰਸੀ ਅਤੇ ਦਫ਼ਤਰ ਵਿਚ ਬਿਰਾਜਮਾਨ ਕੀਤੇ ਜਾਣ ਬਾਅਦ ਹੁਣ ਇਸ ਕੁਰਸੀ ਲਈ ਕਿਸੇ ਹੋਰ ਮੁੱਖ ਸਕੱਤਰ ਦੀ ਨਿਯੁਕਤੀ ਦੀਆਂ ਚੱਲ ਰਹੀਆਂ ਕਿਆਸ-ਅਰਾਈਆਂ ਨੂੰ ਫ਼ਿਲਹਾਲ ਵਿਰਾਮ ਲੱਗ ਗਿਆ ਹੈ। ਇਥੇ ਜ਼ਿਕਰਯੋਗ ਹੈ ਕਿ ਡਾ. ਰੂਪ ਸਿੰਘ ਸੰਨ 1989 ਵਿਚ ਸ਼੍ਰੋਮਣੀ ਕਮੇਟੀ ਵਿਚ ਸੰਪਾਦਕ ਵਜੋਂ ਭਰਤੀ ਹੋਏ ਸਨ ਤੇ ਹੁਣ ਤੱਕ ਸ਼੍ਰੋਮਣੀ ਕਮੇਟੀ ਵਿਚ ਵੱਖ-ਵੱਖ ਜ਼ਿੰਮੇਵਾਰ ਪ੍ਰਬੰਧਕੀ ਅਹੁਦਿਆਂ 'ਤੇ ਸੇਵਾਵਾਂ ਨਿਭਾਉਂਦਿਆਂ ਅੱਜ ਕੱਲ੍ਹ ਸਕੱਤਰ ਵਜੋਂ ਸੇਵਾਵਾਂ ਨਿਭਾਅ ਰਹੇ ਹਨ। ਇਸ ਮੌਕੇ ਪ੍ਰਧਾਨ ਪ੍ਰੋ. ਬਡੂੰਗਰ ਦਾ ਧੰਨਵਾਦ ਕਰਦਿਆਂ ਡਾ. ਰੂਪ ਸਿੰਘ ਨੇ ਕਿਹਾ ਕਿ ਉਨ੍ਹਾਂ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਿੱਖ ਵਿਦਵਾਨ ਪ੍ਰੋ. ਬਡੂੰਗਰ ਦੀ ਅਗਵਾਈ ਵਿਚ ਉਨ੍ਹਾਂ ਨੂੰ ਕੰਮ ਕਰਨ ਦਾ ਮੌਕਾ ਮਿਲਿਆ ਹੈ ਤੇ ਉਹ ਇਸ ਅਹਿਮ ਜ਼ਿੰਮੇਵਾਰੀ ਨੂੰ ਵੀ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਡੇਢ ਕੁ ਸਾਲ ਪਹਿਲਾਂ ਮੁੱਖ ਸਕੱਤਰ ਦੀ ਕੀਤੀ ਗਈ ਨਿਯੁਕਤੀ ਉਪਰੰਤ ਸ਼੍ਰੋਮਣੀ ਕਮੇਟੀ ਦੇ ਤਿੰਨ ਸਕੱਤਰਾਂ ਦੇ ਕੰਮਕਾਜੀ ਅਧਿਕਾਰ ਘਟਾ ਕੇ ਮੁੱਖ ਸਕੱਤਰ ਨੂੰ ਸੌਂਪ ਦਿੱਤੇ ਸਨ, ਜਿਸ ਕਾਰਨ ਸਕੱਤਰਾਂ ਵਿਚ ਅੰਦਰੋਂ ਅੰਦਰ ਰੋਸ ਪਾਇਆ ਜਾ ਰਿਹਾ ਸੀ।

## ਅਖੰਡ ਪਾਠੀ ਸਿੰਘਾਂ ਦੀਆਂ ਮੰਗਾਂ ਕੀਤੀਆਂ ਪ੍ਰਵਾਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਵੱਲੋਂ ਆਪਣੇ ਸੇਵਾ ਭੇਟਾ ਵਿਚ ਵਾਧੇ ਸਮੇਤ ਹੋਰ ਮੰਗਾਂ ਦੀ ਪੂਰਤੀ ਲਈ ਬੀਤੀ 31 ਜੁਲਾਈ ਨੂੰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਅਚਾਨਕ ਰੋਸ ਹੜਤਾਲ ਕਰਨ ਵਾਲੇ ਅਖੰਡ ਪਾਠੀ ਸਿੰਘਾਂ ਦੀਆਂ ਮੰਗਾਂ ਮੰਨੇ ਜਾਣ ਦਾ ਐਲਾਨ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਵੱਲੋਂ ਅੰਤ੍ਰਿੰਗ ਮੈਂਬਰਾਂ ਤੇ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਨਾਲ ਗੱਲਬਾਤ ਕਰਨ ਉਪਰੰਤ ਅਖੰਡ ਪਾਠੀ ਸਿੰਘਾਂ ਵੱਲੋਂ ਰੱਖੀਆਂ ਗਈਆਂ ਮੰਗਾਂ ਨੂੰ ਪ੍ਰਵਾਨ ਕਰਨ ਦੀ ਹਾਮੀ ਭਰੀ ਗਈ। ਪ੍ਰੋ. ਬਡੂੰਗਰ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਅਖੰਡ ਪਾਠੀ ਸਿੰਘ ਸਿੱਖ ਕੌਮ ਦੀ ਜ਼ਿੰਮੇਵਾਰ ਤੇ ਸਤਿਕਾਰਤ ਸ਼੍ਰੇਣੀ ਹੈ, ਜਿਸ ਕਾਰਨ ਉਨ੍ਹਾਂ ਵੱਲੋਂ ਰੱਖੀਆਂ ਮੰਗਾਂ ਨੂੰ ਵਿਚਾਰ ਕਰਨ ਉਪਰੰਤ ਇਸ ਸਬੰਧੀ ਦਫ਼ਤਰੀ ਆਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਇਕ ਸਬ-ਕਮੇਟੀ ਵੀ ਗਠਿਤ ਕੀਤੀ ਗਈ ਸੀ, ਜਿਸ ਦੀ ਰਿਪੋਰਟ ਅਨੁਸਾਰ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਗਿਆ ਹੈ।

## ਲਾਹੌਰ ਦੇ ਪੱਤਰਕਾਰ ਤਾਰਿਕ ਜਾਵੇਦ ਵਲੋਂ ਗੁਰੂ ਨਾਨਕ ਦੇਵ ਜੀ ਦੇ ਜੀਵਨ 'ਤੇ ਆਧਾਰਤ ਪੁਸਤਕ 'ਸੱਚਾ ਸੌਦਾ' ਪ੍ਰਕਾਸ਼ਤ



ਪੱਤਰਕਾਰ ਤਾਰਿਕ ਜਾਵੇਦ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਸਬੰਧਤ ਲਿਖੀ ਪੁਸਤਕ 'ਸੱਚਾ ਸੌਦਾ' ਬਾਰੇ ਜਾਣਕਾਰੀ ਦਿੰਦੇ ਹੋਏ।

**ਲਾਹੌਰ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਪ੍ਰਸਿੱਧ ਉਰਦੂ ਅਖ਼ਬਾਰ 'ਰੋਜ਼ਾਨਾ ਨਵ੍ਹਾਏ ਵਕਤ' ਦੇ ਸੀਨੀਅਰ ਪੱਤਰਕਾਰ ਤਾਰਿਕ ਜਾਵੇਦ ਨੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਸਬੰਧਤ ਪੁਸਤਕ 'ਸੱਚਾ ਸੌਦਾ' ਤਿਆਰ ਕੀਤੀ ਹੈ ਜੋ ਉਰਦੂ ਤੇ ਗੁਰਮੁਖੀ ਵਿਚ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਾਰਿਕ (65) ਨੇ ਦੱਸਿਆ ਕਿ ਕੁਝ ਵਰ੍ਹੇ ਪਹਿਲਾਂ ਅਖ਼ਬਾਰ ਦੇ ਸੰਪਾਦਕ ਵੱਲੋਂ ਉਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ 'ਤੇ ਵਿਸ਼ੇਸ਼ ਰੰਗਦਾਰ ਅੰਕ ਪ੍ਰਕਾਸ਼ਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਸੀ। ਜਦੋਂ ਉਸ ਨੇ ਲਾਹੌਰ ਦੀਆਂ ਲਾਇਬ੍ਰੇਰੀਆਂ ਵਿਚ ਮੌਜੂਦ ਉਰਦੂ ਵਿਚ ਗੁਰੂ ਸਾਹਿਬ ਨਾਲ ਸਬੰਧਤ ਪ੍ਰਕਾਸ਼ਤ ਪੁਸਤਕਾਂ ਦਾ ਅਧਿਐਨ ਕੀਤਾ ਤਾਂ ਉਹ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਅਤੇ ਜੀਵਨੀ ਤੋਂ ਬਹੁਤ ਪ੍ਰਭਾਵਤ ਹੋਇਆ। ਉਸ ਨੇ ਦੱਸਿਆ ਕਿ ਅਖ਼ਬਾਰ ਵਿਚ ਉਪਰੋਕਤ ਅੰਕ ਦੇ ਪ੍ਰਕਾਸ਼ਤ ਹੋਣ ਤੋਂ ਬਾਅਦ ਉਸ ਨੂੰ ਪਾਠਕਾਂ ਦੇ ਕਈ ਫ਼ੋਨ ਤੇ ਈ-ਮੇਲ ਪ੍ਰਾਪਤ ਹੋਏ, ਜਿਨ੍ਹਾਂ ਵਿਚ ਉਸ ਨੂੰ ਗੁਰੂ ਸਾਹਿਬ ਬਾਰੇ ਵਿਚ ਹੋਰ ਵਧੇਰੇ ਜਾਣਕਾਰੀ ਹਾਸਲ ਕਰਨ ਤੇ ਉਨ੍ਹਾਂ ਜਾਣਕਾਰੀਆਂ ਨੂੰ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਤ ਕਰਨ ਲਈ ਪ੍ਰੇਰਿਤ ਕੀਤਾ। ਤਾਰਿਕ ਅਨੁਸਾਰ ਉਸ ਨੇ ਬਹੁਤ ਸਾਰੇ ਭਾਰਤੀ ਸਿੱਖ ਵਿਦਵਾਨਾਂ, ਲੇਖਕਾਂ ਤੇ ਇਤਿਹਾਸਕਾਰਾਂ ਦੀਆਂ ਗੁਰੂ ਨਾਨਕ ਦੇਵ ਜੀ 'ਤੇ ਲਿਖੀਆਂ ਪੁਸਤਕਾਂ ਤੇ ਲੇਖਾਂ ਨੂੰ ਪੜ੍ਹਿਆ ਤੇ ਵੱਡੀ ਖੋਜ ਤੋਂ ਬਾਅਦ ਉਰਦੂ (ਸ਼ਾਹਮੁਖੀ) ਵਿਚ ਪੁਸਤਕ 'ਸੱਚਾ ਸੌਦਾ' ਪ੍ਰਕਾਸ਼ਤ ਕੀਤੀ। ਤਾਰਿਕ ਜਾਵੇਦ ਵੱਲੋਂ ਪ੍ਰਕਾਸ਼ਤ ਉਪਰੋਕਤ ਪੁਸਤਕ ਦੇ ਸਰਵਰਕ 'ਤੇ ਉੱਪਰ ਸਿੱਖ ਧਰਮ ਦੇ ਬਾਨੀ ਬਾਬਾ ਗੁਰੂ ਨਾਨਕ ਦੇਵ ਜੀ ਦੇ ਹਾਲਾਤ-ਏ-ਜ਼ਿੰਦਗੀ ਅਤੇ ਹੇਠਾਂ 'ਸੱਚਾ ਸੌਦਾ' ਲਿਖਿਆ ਹੋਇਆ ਹੈ। ਉਸ ਦੀ ਇਸ ਪੁਸਤਕ ਦੀ ਪਹਿਲੀ ਐਡੀਸ਼ਨ ਸਾਲ 2013 ਵਿਚ ਪ੍ਰਕਾਸ਼ਤ ਹੋਈ ਅਤੇ ਸਾਲ 2016 ਵਿਚ ਦੂਸਰੀ ਐਡੀਸ਼ਨ ਪ੍ਰਕਾਸ਼ਤ ਕੀਤੀ ਗਈ। ਹੁਣ ਉਸ ਨੇ ਲਾਹੌਰ ਦੇ ਬਾਬਰ ਜਲੰਧਰੀ ਦੀ ਸਹਾਇਤਾ ਨਾਲ ਉਪਰੋਕਤ ਪੁਸਤਕ ਦਾ ਪੰਜਾਬੀ (ਗੁਰਮੁਖੀ) ਵਿਚ ਅਨੁਵਾਦ ਕਰਕੇ 'ਸੱਚਾ ਸੌਦਾ' ਨਾਂਅ ਹੇਠ ਹੀ ਇਸ ਦੀ ਤੀਸਰੀ ਐਡੀਸ਼ਨ ਪ੍ਰਕਾਸ਼ਤ ਕੀਤੀ ਹੈ।

## ਸਿੱਖ ਗੁਰਦੁਆਰਾ ਜੂਡੀਸ਼ਲ ਕਮਿਸ਼ਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਝਟਕਾ

### ਤਖ਼ਤ ਸ੍ਰੀ ਕੇਸਗੜ੍ਹ ਸਾਹਿਬ 'ਚ ਜ਼ਮੀਨ ਘੁਟਾਲੇ ਸਬੰਧੀ 10 ਜਣਿਆਂ ਨੂੰ ਸੰਮਨ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸਿੱਖ ਗੁਰਦੁਆਰਾ ਜੂਡੀਸ਼ਲ ਕਮਿਸ਼ਨ ਨੇ ਸ਼੍ਰੋਮਣੀ ਕਮੇਟੀ ਦੇ ਕੁਝ ਤੱਤਕਾਲੀ ਅਹੁਦੇਦਾਰਾਂ ਤੇ ਮੁਲਾਜ਼ਮਾਂ ਦੇ ਖ਼ਿਲਾਫ਼ ਗੁਰਦੁਆਰਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ 13 ਮਰਲੇ ਜਗ੍ਹਾ ਸਸਤੇ ਭਾਅ ਵੇਚ ਦਿੱਤੇ ਜਾਣ ਦੇ ਮਾਮਲੇ ਵਿਚ ਸੰਮਨ ਜਾਰੀ ਕਰਦਿਆਂ ਜਿਥੇ 19 ਅਗਸਤ ਨੂੰ ਅਦਾਲਤ ਵਿਚ ਪੇਸ਼ ਹੋਣ ਦੇ ਆਦੇਸ਼ ਦਿੱਤੇ ਹਨ, ਉਥੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੂੰ ਵੀ ਹਦਾਇਤ ਕੀਤੀ ਗਈ ਹੈ ਕਿ ਇਸ ਕੇਸ ਨਾਲ ਸਬੰਧਤ ਮਾਮਲੇ ਦਾ ਸੱਚ ਉਜਾਗਰ ਕਰਨ ਲਈ ਆਪਣੀ ਦੇਖ-ਰੇਖ ਹੇਠ ਕਮੇਟੀ ਬਣਾ ਕੇ ਉਸ ਦੀ ਰਿਪੋਰਟ ਦੋ ਮਹੀਨਿਆਂ ਦੇ ਅੰਦਰ ਅਦਾਲਤ ਨੂੰ ਸੀਲਬੰਦ ਲਿਫ਼ਾਫੇ ਵਿਚ ਭੇਜਣ। ਪਟੀਸ਼ਨਕਰਤਾ ਬਲਦੇਵ ਸਿੰਘ ਸਿਰਸਾ ਨੇ ਖ਼ੁਲਾਸਾ ਕੀਤਾ ਕਿ ਉਨ੍ਹਾਂ ਵੱਲੋਂ ਸ੍ਰੀ ਕੇਸਗੜ੍ਹ ਸਾਹਿਬ ਦੇ ਅਹੁਦੇਦਾਰਾਂ ਤੇ ਮੁਲਾਜ਼ਮਾਂ ਦੇ ਰਿਸ਼ਤੇਦਾਰਾਂ ਵੱਲੋਂ ਮਿਲ ਕੇ 13 ਮਰਲੇ ਜਗ੍ਹਾ 70 ਲੱਖ ਰੁਪਏ ਵਿਚ ਖਰੀਦ ਕੇ ਇਕ ਸਾਲ ਬਾਅਦ ਇਹੋ ਜ਼ਮੀਨ ਦੋ ਕਰੋੜ 70 ਲੱਖ ਰੁਪਏ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਾਂਅ 'ਤੇ ਰਜਿਸਟਰੀ ਕਰਕੇ ਗੁਰੂ ਕੀ ਗੋਲਕ ਵਿਚੋਂ 2 ਕਰੋੜ ਰੁਪਏ ਦਾ ਕਥਿਤ ਤੌਰ 'ਤੇ ਵੱਡਾ ਘਪਲਾ ਕੀਤਾ ਗਿਆ ਹੈ। ਇਨ੍ਹਾਂ ਦੋਸ਼ਾਂ ਸਬੰਧੀ ਉਨ੍ਹਾਂ ਵੱਲੋਂ ਸਿੱਖ ਗੁਰਦੁਆਰਾ ਜੂਡੀਸ਼ੀਅਲ ਕਮਿਸ਼ਨ ਵਿਚ ਅਰਜ਼ੀ ਦਾਇਰ ਕਰਕੇ ਉਕਤ ਵਿਅਕਤੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਉਨ੍ਹਾਂ ਅਦਾਲਤ ਵੱਲੋਂ ਕੀਤੀ ਤਾਜ਼ਾ ਕਾਰਵਾਈ ਬਾਰੇ ਦੱਸਦਿਆਂ ਕਿਹਾ ਕਿ ਅਦਾਲਤ ਵੱਲੋਂ ਹੁਣ ਆਦੇਸ਼ ਜਾਰੀ ਕਰਕੇ ਇਸ ਮਾਮਲੇ ਨਾਲ ਸਬੰਧਤ 10 ਵਿਅਕਤੀਆਂ ਨੂੰ ਸੰਮਨ ਭੇਜ ਕੇ 19 ਅਗਸਤ ਨੂੰ ਅਦਾਲਤ ਵਿਚ ਹਾਜ਼ਰ ਹੋਣ ਲਈ ਕਿਹਾ ਗਿਆ ਹੈ ਅਤੇ ਇਨ੍ਹਾਂ ਵਿਚੋਂ 4 ਵਿਅਕਤੀਆਂ ਦੇ ਕੰਮ-ਕਾਜ ਕਰਨ 'ਤੇ ਰੋਕ ਲਗਾਈ ਗਈ ਹੈ। ਸੰਮਨ ਕੀਤੇ ਗਏ ਵਿਅਕਤੀਆਂ ਵਿਚ ਸੁਖਦੇਵ ਸਿੰਘ ਭੌਰ, ਰਘੁਜੀਤ ਸਿੰਘ ਵਿਰਕ, ਕੇਵਲ ਸਿੰਘ ਬਾਦਲ, ਰਜਿੰਦਰ ਸਿੰਘ ਮਹਿਤਾ, ਨਿਰਮਲ ਸਿੰਘ, ਕਰਮਜੀਤ ਸਿੰਘ ਨੂੰ ਸੰਮਨ ਕਰਨ ਤੋਂ ਇਲਾਵਾ ਸੁਖਵਿੰਦਰ ਸਿੰਘ ਮੈਨੇਜਰ, ਹਰਜਿੰਦਰ ਸਿੰਘ ਪੱਟੀ ਸਾਬਕਾ ਸਹਾਇਕ ਮੈਨੇਜਰ, ਰਾਮ ਸਿੰਘ ਇੰਚਾਰਜ ਲੰਗਰ, ਮੇਜਰ ਸਿੰਘ ਦੇ ਕੰਮਕਾਜ 'ਤੇ ਵੀ ਰੋਕ ਲਗਾਈ ਗਈ ਹੈ।

## ਜੇ ਧਾਰਾ-35 ਏ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਤਾਂ ਝਲਣਾ ਪਏਗਾ ਤਿੱਖਾ ਵਿਰੋਧ : ਫ਼ਾਰੂਕ

**ਸ੍ਰੀਨਗਰ/ਬਿਊਰੋ ਨਿਊਜ਼ :** ਨੈਸ਼ਨਲ ਕਾਨਫਰੰਸ ਦੇ ਪ੍ਰਧਾਨ ਫਾਰੂਕ ਅਬਦੁੱਲਾ ਨੇ ਕਿਹਾ ਹੈ ਕਿ ਜੇਕਰ ਸੰਵਿਧਾਨ ਦੀ ਧਾਰਾ 35 ਏ ਨੂੰ ਖ਼ਤਮ ਕਰਨ ਸਬੰਧੀ ਕੋਈ ਕਦਮ ਚੁੱਕਿਆ ਗਿਆ ਤਾਂ ਵਿਰੋਧੀ ਪਾਰਟੀਆਂ ਅਤੇ ਸੂਬੇ ਦੇ ਲੋਕਾਂ ਵੱਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਜਾਵੇਗਾ।

ਕਾਂਗਰਸ, ਸੀਪੀਐਮ ਅਤੇ ਆਜ਼ਾਦ ਵਿਧਾਇਕਾਂ ਸਮੇਤ ਵੱਖ ਵੱਖ ਪਾਰਟੀਆਂ ਦੇ ਕਈ ਆਗੂਆਂ ਨਾਲ ਬੈਠਕ ਦੀ ਪ੍ਰਧਾਨਗੀ ਕਰਨ ਤੋਂ ਬਾਅਦ ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਧਾਰਾ 35 ਏ ਨੂੰ ਖ਼ਤਮ ਕਰਨ ਦਾ ਕੋਈ ਫ਼ੈਸਲਾ ਲਿਆ ਤਾਂ ਵਿਰੋਧ ਵਜੋਂ ਲੋਕ ਉੱਠ ਖੜ੍ਹਨਗੇ। ਸ੍ਰੀਨਗਰ ਤੋਂ ਸੰਸਦ ਮੈਂਬਰ ਅਬਦੁੱਲਾ ਨੇ ਕਿਹਾ ਕਿ ਵਿਰੋਧੀ ਪਾਰਟੀਆਂ ਇਸ ਮੁੱਦੇ 'ਤੇ ਇਕਜੁੱਟ ਹਨ ਅਤੇ ਜੇਕਰ ਧਾਰਾ ਨੂੰ ਖ਼ਤਮ ਕੀਤਾ ਗਿਆ ਤਾਂ ਉਹ ਲੋਕਾਂ ਨੂੰ ਇਸ ਦੇ ਨੁਕਸਾਨ ਤੋਂ ਜਾਣੂ ਕਰਾਉਣਗੇ। ਉਨ੍ਹਾਂ ਕਿਹਾ ਕਿ ਜੰਮੂ, ਕਸ਼ਮੀਰ ਅਤੇ ਲੱਦਾਖ਼ 'ਤੇ ਇਸ ਦਾ ਅਸਰ ਪਏਗਾ ਅਤੇ ਲੋਕਾਂ ਨੂੰ ਸਮਝਣਾ ਚਾਹੀਦਾ ਹੈ ਕਿ ਸਰਕਾਰ ਉਨ੍ਹਾਂ ਦੇ ਮੂਲ ਨੂੰ ਹੀ ਖ਼ਤਮ ਕਰਨ 'ਤੇ ਤੁੱਲੀ ਹੋਈ ਹੈ। ਧਾਰਾ 35 ਏ ਨਾਲ ਜੰਮੂ-ਕਸ਼ਮੀਰ ਦੇ ਲੋਕਾਂ ਨੂੰ ਪੱਕੇ ਬਾਸ਼ਿੰਦੇ ਹੋਣ ਦਾ ਹੱਕ ਮਿਲਦਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅਤੇ ਆਰਐਸਐਸ ਦਾ ਸੂਬੇ ਦੇ ਖ਼ੁਦਮੁਖਤਿਆਰ ਢਾਂਚੇ ਨੂੰ ਖੋਰਾ ਲਾਉਣ ਦਾ ਏਜੰਡਾ ਹੈ ਪਰ ਅਸੀਂ ਸਾਂਝਾ ਮੁਹਾਜ਼ ਬਣਾ ਕੇ ਲੋਕਾਂ ਨੂੰ ਜਾਗਰੂਕ ਕਰਾਂਗੇ।



ਸ੍ਰੀਨਗਰ ਵਿਚ ਧਾਰਾ 35 (ਏ) ਉਤੇ ਸਰਬਪਾਰਟੀ ਮੀਟਿੰਗ ਬਾਅਦ ਪ੍ਰੈੱਸ ਕਾਨਫਰੰਸ ਦੌਰਾਨ ਨੈਸ਼ਨਲ ਕਾਨਫਰੰਸ ਪ੍ਰਧਾਨ ਫ਼ਾਰੂਕ ਅਬਦੁੱਲਾ।

## ਸਿੱਖ ਕਤਲੇਆਮ :ਉਮਰ ਕੈਦ ਕੱਟ ਰਹੇ ਕਾਂਗਰਸੀ ਆਗੂ ਦੀ ਅੰਤਰਿਮ ਜ਼ਮਾਨਤ ਵਧਾਈ

**ਨਵੀਂ ਦਿੱਲੀ/ਬਿਊਰ ਨਿਊਜ਼ :** ਦਿੱਲੀ ਹਾਈ ਕੋਰਟ ਨੇ 1984 ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ 'ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਸਾਬਕਾ ਕਾਂਗਰਸੀ ਕੌਂਸਲਰ ਨੂੰ ਮਿਲੀ ਅੰਤਰਿਮ ਜ਼ਮਾਨਤ 18 ਅਗਸਤ ਤਕ ਵਧਾ ਦਿੱਤੀ ਹੈ। ਉਂਜ ਇਸ ਵਾਧੇ ਦੀ ਮੁੱਖ ਵਜ੍ਹਾ ਮੁਜਰਮ ਵੱਲੋਂ ਆਪਣੇ ਵਕੀਲ ਨੂੰ ਅਦਾਇਗੀ ਲਈ ਫੰਡਾਂ ਦਾ ਜੁਗਾੜ ਕਰਨ ਲਈ ਹੋਰ ਸਮਾਂ ਮੰਗਣਾ ਹੈ। ਮੁਜਰਮ ਬਲਵਾਨ ਖੋਖਰ ਨੇ ਅਦਾਲਤ ਕੋਲੋਂ ਉਸ ਦੀ ਅੰਤਰਿਮ ਜ਼ਮਾਨਤ ਅਕਤੂਬਰ ਤਕ ਵਧਾਉਣ ਦੀ ਮੰਗ ਕੀਤੀ ਸੀ ਤਾਂ ਕਿ ਉਹ ਆਪਣੀ ਜਾਇਦਾਦਾਂ ਦੀ ਵਿਕਰੀ ਸਬੰਧੀ ਕਰਾਰ ਨੂੰ ਪੂਰਾ ਕਰ ਸਕੇ। ਕਾਰਜਕਾਰੀ ਚੀਫ਼ ਜਸਟਿਸ ਗੀਤਾ ਮਿੱਤਲ ਤੇ ਜਸਟਿਸ ਅਨੂ ਮਲਹੋਤਰਾ ਦੇ ਬੈਂਚ ਨੇ ਜ਼ਮਾਨਤ 18 ਅਗਸਤ ਤਕ ਵਧਾਉਂਦਿਆਂ ਸੀਬੀਆਈ ਨੂੰ ਖੋਖਰ ਦੇ ਦਾਅਵਿਆਂ ਦੀ ਤਸਦੀਕ ਕਰਨ ਲਈ ਕਿਹਾ ਹੈ। ਖੋਖਰ ਨੂੰ 20 ਜੁਲਾਈ ਨੂੰ ਦੋ ਹਫ਼ਤਿਆਂ ਦੀ ਜ਼ਮਾਨਤ ਦਿੱਤੀ ਗਈ ਸੀ।

## ਖੜਗਪੁਰ ਦੇ ਗਿਆਨ ਸਿੰਘ ਸੋਹਨਪਾਲ ਦਾ ਦਿਹਾਂਤ

### *ਪੱਛਮੀ ਬੰਗਾਲ 'ਚ 10 ਵਾਰ ਬਣੇ ਸਨ ਵਿਧਾਇਕ*

**ਕੋਲਕਾਤਾ/ਬਿਊਰੋ ਨਿਊਜ਼ :** ਪੱਛਮੀ ਬੰਗਾਲ ਵਿਧਾਨ ਸਭਾ ਦੇ 10 ਵਾਰ ਵਿਧਾਇਕ ਰਹੇ ਸੀਨੀਅਰ ਕਾਂਗਰਸੀ ਆਗੂ ਗਿਆਨ ਸਿੰਘ ਸੋਹਨਪਾਲ (92) ਦਾ ਕੋਲਕਾਤਾ ਦੇ ਐੱਸ.ਐੱਸ.ਕੇ.ਐੱਮ. ਹਸਪਤਾਲ ਵਿਚ ਦਿਹਾਂਤ ਹੋ ਗਿਆ। ਰਾਜਨੀਤੀ ਵਿਚ ਆ ਕੇ ਲੋਕਾਂ ਦੀ ਸੇਵਾ ਕਰਨ ਲਈ ਉਨ੍ਹਾਂ ਸਾਰੀ ਜ਼ਿੰਦਗੀ ਵਿਆਹ ਨਹੀਂ ਕਰਵਾਇਆ ਸੀ। ਖੜਗਪੁਰ ਹੀ ਨਹੀਂ ਸਾਰੇ ਬੰਗਾਲ ਵਿਚ ਉਹ ਚਾਚਾ ਜੀ ਦੇ ਨਾਮ ਨਾਲ ਮਸ਼ਹੂਰ ਸਨ। ਕਾਂਗਰਸ ਦੇ ਰਾਜ ਵਿਚ ਬੰਗਾਲ ਦੇ ਮੰਤਰੀ ਰਹੇ ਸੋਹਨਪਾਲ ਪਹਿਲੀ ਵਾਰ ਮਿੰਨੀ ਬਸ ਸੇਵਾ ਚਾਲੂ ਕਰਨ ਅਤੇ ਫੇਰੀ ਸਰਵਿਸ ਚਾਲੂ ਕਰਨ ਲਈ ਵੀ ਯਾਦ ਕੀਤੇ ਜਾਣਗੇ। ਇਹੋ ਜਿਹੇ ਸਮੇਂ ਜਦੋਂ ਬੰਗਾਲ ਦੇ ਜ਼ਿਆਦਾਤਰ ਵੱਡੇ ਕਾਂਗਰਸੀ ਆਗੂ ਸੁਬਰਤਾ ਮੁਖਰਜੀ, ਮਾਨਸ ਭੁਈਆਂ, ਅਜੀਤ ਪਾਂਜਾ ਪਾਰਟੀ ਛੱਡ ਕੇ ਤ੍ਰਿਣਮੂਲ ਵਿਚ ਸ਼ਾਮਲ ਹੋ ਗਏ ਸਨ, ਉਹ ਆਖਰੀ ਸਾਹ ਤੱਕ ਕਾਂਗਰਸ ਨਾਲ ਹੀ ਰਹੇ। 2016 ਵਿਧਾਨ ਸਭਾ ਵਿਚ ਵੀ ਉਨ੍ਹਾਂ ਮੁਕਾਬਲਾ ਕੀਤਾ ਸੀ ਪਰ ਚੋਣ ਹਾਰ ਗਏ ਸਨ। ਮੁੱਖ ਮੰਤਰੀ ਮਮਤਾ ਬੈਨਰਜੀ ਨੇ ਉਨ੍ਹਾਂ ਦੇ ਦਿਹਾਂਤ 'ਤੇ ਭਾਰੀ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਅਚਾਨਕ ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਭਾਰੀ ਸਦਮਾ ਪੁੱਜਾ ਹੈ। ਉਨ੍ਹਾਂ ਦੇ ਪਰਿਵਾਰ ਅਤੇ ਮਿਤਰਾਂ ਨੂੰ ਦਿਲੀ ਹਮਦਰਦੀ ਪ੍ਰਗਟ ਕਰਦੀ ਹਾਂ। ਉਹ ਰਾਜ ਵਿਧਾਨ ਸਭਾ ਦੇ ਬਹੁਤ ਸੀਨੀਅਰ ਮੈਂਬਰ ਸਨ।

# ਖ਼ੁਦਕੁਸ਼ੀਆਂ ਦੀ ਫ਼ਸਲ : ਇਸ ਹਫ਼ਤੇ 9 ਕਿਸਾਨਾਂ ਨੇ ਦਿੱਤੀ ਜਾਨ

## ਆੜਤੀਏ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪੁੱਤਰ ਨੇ ਵੀ ਕੀਤੀ ਖ਼ੁਦਕੁਸ਼ੀ

**ਫ਼ਤਹਿਗੜ੍ਹ ਸਾਹਿਬ :** ਪਿੰਡ ਚਨਾਰਥਲ ਖ਼ੁਰਦ ਵਿੱਚ ਆੜਤੀਏ ਤੋਂ ਦੁਖੀ ਕਿਸਾਨ ਦਵਿੰਦਰ ਸਿੰਘ (35) ਪੁੱਤਰ ਮਰਹੂਮ ਗੁਰਲਾਭ ਸਿੰਘ ਵੱਲੋਂ ਘਰ ਵਿੱਚ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ ਗਈ ਹੈ। ਆੜਤੀਏ ਉੱਤੇ ਕਿਸਾਨ ਦੀ ਜ਼ਮੀਨ ਧੋਖੇ ਨਾਲ ਵਿਕਾਉਣ ਅਤੇ ਪੈਸੇ ਹੜੱਪਣ ਦਾ ਦੋਸ਼ ਹੈ। ਆੜਤੀਏ ਤੋਂ ਮਿਲੇ ਧੋਖੇ ਦਾ ਇਨਸਾਫ਼ ਲੈਣ ਲਈ ਕਿਸਾਨ ਦੇ ਪਿਤਾ ਵੱਲੋਂ ਵੀ ਬੀਤੇ ਸਾਲ ਪਟਿਆਲਾ ਵਿੱਚ ਧਰਨੇ ਦੌਰਾਨ ਖ਼ੁਦਕੁਸ਼ੀ ਕਰ ਲਈ ਗਈ ਸੀ। ਪਰਿਵਾਰ ਵਿੱਚ ਕੇਵਲ ਬਿਰਧ ਮਾਤਾ ਜਸਪਾਲ ਕੌਰ, ਪਤਨੀ ਰਾਜਬੀਰ ਕੌਰ ਅਤੇ ਮ੍ਰਿਤਕ ਦੀ ਸੱਤ ਸਾਲਾਂ ਦੀ ਧੀ ਹੀ ਰਹਿ ਗਏ ਹਨ। ਡੀਐੱਸਪੀ ਵਰਿੰਦਰਜੀਤ ਸਿੰਘ ਥਿੰਦ ਨੇ ਕਿਹਾ ਕਿ ਕਿਸਾਨ ਪਰਿਵਾਰ ਦਾ ਮਾਮਲਾ ਜ਼ਿਲਾ ਪਟਿਆਲਾ ਨਾਲ ਸਬੰਧਤ ਹੈ ਅਤੇ ਉੱਥੇ ਹੀ ਕੇਸ ਦਰਜ ਹੈ। ਕਿਸਾਨ ਵੱਲੋਂ ਕੀਤੀ ਖ਼ੁਦਕੁਸ਼ੀ ਸਬੰਧੀ ਪਰਿਵਾਰ ਜੋ ਬਿਆਨ ਦਰਜ ਕਰਵਾਏਗਾ, ਉਸ ਮੁਤਾਬਕ ਕਾਰਵਾਈ ਕੀਤੀ ਜਾਵੇਗੀ।

ਆੜਤੀ ਹਰਜੀਤ ਸਿੰਘ ਅਤੇ ਸੁਪਿੰਦਰ ਸਿੰਘ ਨੇ ਦੱਸਿਆ ਕਿ ਉਨਾਂ ਨੂੰ ਆੜਤ ਦੀ ਦੁਕਾਨ ਬੰਦ ਕੀਤਿਆਂ ਕਾਫ਼ੀ ਸਾਲ ਹੋ ਗਏ ਹਨ। ਗੁਰਲਾਭ ਸਿੰਘ ਸਿੰਘ ਨੇ ਉਨਾਂ ਤੋਂ ਕਰਜ਼ਾ ਲਿਆ ਹੋਇਆ ਸੀ। ਕਰਜ਼ਾ ਉਤਾਰਨ ਲਈ ਉਸ ਦੇ ਕਹਿਣ 'ਤੇ ਉਨਾਂ ਉਸ ਦੀ ਚਾਰ ਕਿਲੇ ਜ਼ਮੀਨ ਵਿਕਵਾਈ ਸੀ। ਉਨਾਂ ਆਪਣੇ ਪੈਸੇ ਕੱਟ ਲਏ ਸਨ ਜਦਕਿ ਇੱਕ ਕਿਲੇ ਦੇ ਪੈਸੇ ਪਾਰਟੀ ਤੋਂ ਲੈਣੇ ਬਾਕੀ ਸਨ। ਉਨਾਂ ਦੋਸ਼ ਲਾਇਆ ਕਿ ਕਿਸਾਨ ਦੀ ਮੌਤ ਦਾ ਕਾਰਨ ਕਰਜ਼ਾ ਨਹੀਂ ਬਲਕਿ ਪਤਨੀ ਨਾਲ ਰਹਿੰਦਾ ਕਥਿਤ ਘਰੇਲੂ ਕਲੇਸ਼ ਹੈ।

### ਪਿੰਡ ਕੰਧਵਾਲਾ ਦੇ ਕਿਸਾਨ ਦਲੇਰ ਸਿੰਘ ਵੱਲੋਂ ਖ਼ੁਦਕੁਸ਼ੀ :

ਮੰਡੀ ਅਰਨੀਵਾਲਾ : ਪਿੰਡ ਕੰਧਵਾਲਾ ਹਾਜਰ ਖਾਂ ਦੇ ਨੌਜਵਾਨ ਕਿਸਾਨ ਵੱਲੋਂ ਕੀਟਨਾਸ਼ਕ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਦਲੇਰ ਸਿੰਘ ਪੁੱਤਰ ਨਿਸ਼ਾਨ ਸਿੰਘ ਕੋਲ ਆਪਣੇ ਹਿੱਸੇ ਦੀ 2 ਏਕੜ ਜ਼ਮੀਨ ਸੀ ਤੇ ਉਹ ਆਪਣੇ ਪਿਤਾ ਨਿਸ਼ਾਨ ਸਿੰਘ ਤੇ ਦੋ ਭਰਾਵਾਂ ਨਾਲ ਸਾਂਝੇ ਤੌਰ 'ਤੇ ਜਮੀਨ ਠੇਕੇ ਲੈ ਕੇ ਵਾਹੀ ਕਰਦਾ ਸੀ। ਇਸ ਪਰਿਵਾਰ ਵਿਚੋਂ ਉਹ ਹੀ ਪੜਿਆ ਲਿਖਿਆ ਹੋਣ ਕਰਕੇ ਘਰ ਦੇ ਮੋਢੀ ਮੈਂਬਰ ਵਜੋਂ ਵਿਚਰ ਰਿਹਾ ਸੀ। ਪਿਛਲੇ ਦੋ ਸਾਲ ਤੋਂ ਨਹਿਰ ਵਿਚ ਪਾਣੀ ਨਾ ਆਉਣ ਤੇ ਨਰਮੇ ਦੀ ਫਸਲ ਚੰਗੀ ਤਰਾਂ ਨਾ ਹੋਣ ਕਰਕੇ ਉਹ ਤੇ ਉਸ ਦਾ ਪਿਤਾ ਆੜਤੀਏ ਤੇ ਹੋਰਾਂ ਦਾ 15 ਲੱਖ ਤੋਂ ਵੱਧ ਰਕਮ ਦੇ ਕਰਜ਼ਦਾਰ ਹੋ ਗਏ ਸਨ, ਜਿਸ ਦੇ ਚੱਲਦਿਆਂ ਦਲੇਰ ਸਿੰਘ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਸੀ ਤੇ ਉਸ ਨੇ ਕੀਟਨਾਸ਼ਕ ਦਵਾਈ ਪੀ ਲਈ ਤੇ ਇਸ ਦੀ ਸੂਚਨਾ ਆਪਣੀ ਪਤਨੀ ਨੂੰ ਦੇ ਦਿੱਤੀ। ਪਤਨੀ ਵੱਲੋਂ ਰੌਲਾ ਪਾਉਣ 'ਤੇ ਬਾਕੀ ਪਰਿਵਾਰ ਨੇ ਉਸ ਨੂੰ ਫਾਜ਼ਿਲਕਾ ਦੇ ਨਿੱਜੀ ਹਸਪਤਾਲ ਵਿਚ ਦਾਖਿਲ ਕਰਵਾਇਆ, ਜਿੱਥੇ ਉਸ ਦੀ ਮੌਤ ਹੋ ਗਈ। ਮ੍ਰਿਤਕ ਆਪਣੇ ਪਿੱਛੇ ਪਤਨੀ ਤੇ ਇਕ ਸਾਲ ਦੀ ਬੇਟੀ ਨੂੰ ਛੱਡ ਗਿਆ ਹੈ।

### ਪਿੰਡ ਮਾਣੀਕੇ ਦੇ ਕਿਸਾਨ ਜਗੀਰ ਸਿੰਘ ਨੇ ਦਿੱਤੀ ਜਾਨ :

ਖੇਮਕਰਨ : ਨਜ਼ਦੀਕੀ ਪਿੰਡ ਮਾਣੀਕੇ ਵਾਸੀ ਇਕ ਕਿਸਾਨ ਜਗੀਰ ਸਿੰਘ (55) ਪੁੱਤਰ ਤਰਲੋਕ ਸਿੰਘ, ਜਿਸ ਨੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਬੀਤੇ ਦਿਨ ਜ਼ਹਿਰੀਲੀ ਦਵਾਈ ਪੀ ਲਈ ਸੀ, ਦੀ ਇਲਾਜ ਅਧੀਨ ਮੌਤ ਹੋ ਗਈ। ਮਿਲੀ ਜਾਣਕਾਰੀ ਮੁਤਾਬਕ ਉਕਤ ਕਿਸਾਨ ਪਾਸ ਮਾਲਕੀ ਜ਼ਮੀਨ ਇਕ ਕਿੱਲਾ ਸੀ ਤੇ ਪੰਜਾਬ ਨੈਸ਼ਨਲ ਬੈਂਕ ਖੇਮਕਰਨ ਦਾ ਕਰਜ਼ਾ ਕਰੀਬ ਇਕ ਲੱਖ ਬਕਾਇਆ ਸੀ। ਬੈਂਕ ਵਾਲੇ ਕਰਜ਼ਾ ਵਾਪਸ ਕਰਨ ਵਾਸਤੇ ਦਬਾਅ ਪਾ ਰਹੇ ਸਨ, ਜਿਸ ਕਾਰਨ ਕਿਸਾਨ ਨੇ ਬੀਤੀ 30 ਜੁਲਾਈ ਨੂੰ ਘਰ ਅੰਦਰ ਜ਼ਹਿਰੀਲੀ ਦਵਾਈ ਪੀ ਲਈ ਸੀ। ਉਸ ਨੂੰ ਇਲਾਜ ਵਾਸਤੇ ਨਿੱਜੀ ਹਸਪਤਾਲ ਤਰਨ ਤਾਰਨ ਦਾਖ਼ਲ ਕਰਵਾਇਆ ਗਿਆ ਸੀ, ਜਿਥੇ ਉਸ ਦੀ ਕੁਝ ਦਿਨਾਂ ਬਾਅਦ ਮੌਤ ਹੋ ਗਈ ਹੈ।

### ਪਿੰਡ ਮੱਲੂ ਵਲੀਏ ਵਾਲਾ ਦੇ ਬਲਦੇਵ ਸਿੰਘ ਨੇ ਕੀਤੀ ਖ਼ੁਦਕੁਸ਼ੀ :

ਮੱਲਾਂਵਾਲਾ : ਪਿੰਡ ਮੱਲੂ ਵਲੀਏ ਵਾਲਾ ਦਾ ਕਿਸਾਨ ਬਲਦੇਵ ਸਿੰਘ ਪੁੱਤਰ ਸੰਤਾ ਸਿੰਘ ਦੇ ਸਿਰ ਤਕਰੀਬਨ 6.50 ਲੱਖ ਰੁਪਏ ਦਾ ਕਰਜ਼ਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਕਿਸਾਨ ਬਲਦੇਵ ਸਿੰਘ ਘਰੋਂ ਖੇਤਾਂ ਵਿਚ ਗੇੜਾ ਮਾਰਨ ਗਿਆ, ਜਿਥੇ ਉਸ ਨੇ ਜ਼ਹਿਰੀਲੀ ਦਵਾਈ ਪੀ ਲਈ। ਪਰਿਵਾਰ ਵੱਲੋਂ ਉਸ ਨੂੰ ਹਸਪਤਾਲ ਵਿਚ ਦਾਖ਼ਲ ਕਰਵਾਇਆ, ਜਿਥੇ ਉਸ ਦੀ ਮੌਤ ਹੋ ਗਈ। ਥਾਣਾ ਮੱਲਾਂਵਾਲਾ ਦੀ ਪੁਲੀਸ ਵੱਲੋਂ ਮ੍ਰਿਤਕ ਬਲਦੇਵ ਸਿੰਘ ਦੀ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।



### ਪਿੰਡ ਮਾਛੀਕੇ ਦੇ ਜਾਗੀਰ ਸਿੰਘ ਵਲੋਂ ਖ਼ੁਦਕੁਸ਼ੀ :

ਤਰਨ ਤਾਰਨ : ਪਿੰਡ ਮਛੀਕੇ ਦੇ ਜਾਗੀਰ ਸਿੰਘ ਨੇ ਜ਼ਹਿਰੀਲੀ ਵਸਤੂ ਖਾ ਕੇ ਆਪਣੀ ਜਾਨ ਦੇ ਦਿੱਤੀ। ਜਾਗੀਰ ਸਿੰਘ ਦੇ ਲੜਕੇ ਅੰਮ੍ਰਿਤਪਾਲ ਸਿੰਘ ਨੇ ਦੱਸਿਆ ਕਿ ਉਸ ਦੇ ਪਿਤਾ ਸਿਰ ਪੰਜਾਬ ਨੈਸ਼ਨਲ ਬੈਂਕ ਦਾ 90,000 ਰੁਪਏ ਦਾ ਕਰਜ਼ਾ ਸੀ ਅਤੇ ਉਸ ਨੇ ਕੋਈ ਇਕ ਲੱਖ ਰੁਪਇਆ ਰਿਸ਼ੇਤਦਾਰਾਂ ਕੋਲੋਂ ਵੀ ਉਧਾਰ ਫੜਿਆ ਹੋਇਆ ਸੀ। ਇਸ ਦੇ ਨਾਲ ਉਸ ਨੇ ਆਪਣੀ ਲੜਕੀ ਦੀ ਸ਼ਾਦੀ ਵੀ ਨਵੰਬਰ ਵਿਚ ਰੱਖੀ ਹੋਈ ਸੀ। ਕੇਵਲ ਇੱਕ ਏਕੜ ਜ਼ਮੀਨ ਦੇ ਮਾਲਕ ਜਾਗੀਰ ਸਿੰਘ ਨੇ 30 ਜੁਲਾਈ ਨੂੰ ਕੋਈ ਜ਼ਹਿਰੀਲੀ ਵਸਤੂ ਨਿਗਲ ਲਈ ਸੀ। ਉਸ ਨੂੰ ਗੰਭੀਰ ਹਾਲਤ ਵਿੱਚ ਗੁਰੂ ਨਾਨਕ ਦੇਵ ਸੁਪਰ ਸਪੈਸ਼ਿਲਟੀ ਹਸਪਤਾਲ ਦਾਖ਼ਲ ਕਰਾਇਆ ਗਿਆ ਸੀ ਜਿਥੇ ਉਸ ਨੇ ਦਮ ਤੋੜ ਦਿੱਤਾ।

### ਪਿੰਡ ਅੜਕਵਾਸ ਦੇ ਸੁੱਖ ਸਿੰਘ ਨੇ ਦਿੱਤੀ ਜਾਨ

ਲਹਿਰਾਗਾਗਾ : ਪਿੰਡ ਅੜਕਵਾਸ ਵਿੱਚ ਬੇਜ਼ਮੀਨੇ ਕਿਸਾਨ ਸੁੱਖਾ ਸਿੰਘ ਭੋਲਾ (45) ਨੇ ਆਰਥਿਕ ਤੰਗੀ ਤੋਂ ਪ੍ਰੇਸ਼ਾਨ ਹੋ ਕੇ ਜ਼ਹਿਰ ਖਾ ਲਿਆ। ਜ਼ਮੀਨ ਨਾ ਹੋਣ ਕਾਰਨ ਉਹ ਮਜ਼ਦੂਰੀ ਕਰਦਾ ਸੀ। ਉਹ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿਣ ਲੱਗ ਪਿਆ ਸੀ। ਜ਼ਹਿਰ ਖਾਣ ਕਾਰਨ ਉਸ ਨੂੰ ਲਹਿਰਾਗਾਗਾ ਦੇ ਨਿੱਜੀ ਹਸਪਤਾਲ ਵਿਚ ਲਿਆਂਦਾ ਗਿਆ ਜਿਥੇ ਉਸ ਨੇ ਦਮ ਤੋੜ ਦਿੱਤਾ।

### ਪਿੰਡ ਰਾਏਪੁਰਾ ਦਾ ਛਿੰਦਰਪਾਲ ਜ਼ਿੰਦਗੀ ਹੱਥੋਂ ਹਾਰਿਆ :

ਅਬੋਹਰ : ਉਪ ਮੰਡਲ ਦੇ ਪਿੰਡ ਰਾਏਪੁਰਾ ਵਾਸੀ ਕਿਸਾਨ ਛਿੰਦਰਪਾਲ ਪੁੱਤਰ ਰਾਜਾ ਰਾਮ ਨੇ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਲਈ। ਛਿੰਦਰਪਾਲ ਦੇ ਚਚੇਰੇ ਭਰਾ ਸੰਦੀਪ ਕੁਮਾਰ ਨੇ ਦੱਸਿਆ ਕਿ ਛਿੰਦਰਪਾਲ ਕੋਲ ਸਿਰਫ਼ ਢਾਈ ਏਕੜ ਜ਼ਮੀਨ ਸੀ ਜੋ ਸੇਮ ਕਾਰਨ ਬੰਜਰ ਹੋ ਗਈ ਹੈ। ਛਿੰਦਰਪਾਲ ਦੇ ਸਿਰ ਕਰੀਬ ਢਾਈ ਲੱਖ ਦਾ ਕਰਜ਼ਾ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ। ਇਸੇ ਪ੍ਰੇਸ਼ਾਨੀ ਦੇ ਚਲਦਿਆਂ ਉਹ 4 ਅਗਸਤ ਨੂੰ ਘਰੋਂ ਅਚਾਨਕ ਲਾਪਤਾ ਹੋ ਗਿਆ ਅਤੇ ਅਗਲੇ ਦਿਨ ਉਸ ਦੀ ਲਾਸ਼ ਪਿੰਡ ਕੰਧਵਾਲਾ ਅਮਰਕੋਟ ਦੀ ਢਾਣੀ ਚੇਤੂ ਵਾਲੀ ਕੋਲੋਂ ਲੰਘਦੀ ਨਹਿਰ ਵਿਚੋਂ ਬਰਾਮਦ ਹੋਈ।

### ਪਿੰਡ ਰੰਘੜਿਆਲ ਦੇ ਕਿਸਾਨ ਨੇ ਕੀਤੀ ਖ਼ੁਦਕੁਸ਼ੀ :

ਬਰੇਟਾ : ਪਿੰਡ ਰੰਘੜਿਆਲ ਵਿਖੇ ਕਿਸਾਨ ਹਰਪ੍ਰੀਤ ਸਿੰਘ ਨੇ ਕਰਜ਼ੇ ਕਾਰਨ ਮਾਨਸਿਕ ਤੌਰ 'ਤੇ ਪ੍ਰੇਸ਼ਾਨੀ ਦੇ ਚਲਦਿਆਂ ਜ਼ਹਿਰੀਲੀ ਦਵਾਈ ਪੀ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਹਰਪ੍ਰੀਤ ਸਿੰਘ (30) ਪੁੱਤਰ ਤੇਜਾ ਸਿੰਘ ਕੋਲ 3 ਏਕੜ ਜ਼ਮੀਨ ਸੀ। ਉਸ ਵਿਚੋਂ ਇਕ ਏਕੜ ਜ਼ਮੀਨ 2 ਲੱਖ ਰੁਪਏ ਵਿਚ ਗਹਿਣੇ ਪਈ ਹੈ। ਜ਼ਮੀਨ ਵਿਚ ਪਾਣੀ ਦਾ ਕੋਈ ਪ੍ਰਬੰਧ ਨਾ ਹੋਣ ਕਾਰਨ ਉਹ ਫ਼ਸਲ ਬੀਜਣ ਤੋਂ ਅਸਮਰਥ ਸੀ ਅਤੇ ਪਰਿਵਾਰ ਸਿਰ ਹੋਰ ਵੀ ਕਰਜ਼ਾ ਦੱਸਿਆ ਗਿਆ ਹੈ।

### ਪਿੰਡ ਦਿਆਲਪੁਰਾ ਦੇ ਜੱਜ ਸਿੰਘ ਨੇ ਕੀਤੀ ਖ਼ੁਦਕੁਸ਼ੀ :

ਅਜਨਾਲਾ : ਤਹਿਸੀਲ ਅਜਨਾਲਾ ਦੇ ਪਿੰਡ ਦਿਆਲਪੁਰਾ ਦੇ ਵਾਸੀ ਇਕ ਕਿਸਾਨ ਨੇ ਕਰਜ਼ੇ ਤੇ ਗਰੀਬੀ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਕਿਸਾਨ ਜੱਜ ਸਿੰਘ (50) ਪੁੱਤਰ ਜੋਗਿੰਦਰ ਸਿੰਘ ਵਾਸੀ ਦਿਆਲਪੁਰਾ ਦੇ ਭਰਾ ਕਰਨੈਲ ਸਿੰਘ, ਨੰਬਰਦਾਰ ਜਸਬੀਰ ਸਿੰਘ ਦਿਆਲਪੁਰਾ, ਸਰਪੰਚ ਧਰਮਿੰਦਰ ਸਿੰਘ ਲਾਡਾ ਨਾਸਰ ਨੇ ਦੱਸਿਆ ਕਿ ਜੱਜ ਸਿੰਘ ਦੀ ਆਰਥਿਕ ਹਾਲਤ ਬਹੁਤ ਹੀ ਮਾੜੀ ਸੀ। ਉਨਾਂ ਦੱਸਿਆ ਕਿ ਜੱਜ ਸਿੰਘ ਉੱਪਰ ਢਾਈ ਲੱਖ ਦੇ ਕਰੀਬ ਕਰਜ਼ਾ ਸੀ, ਜ਼ਮੀਨ ਘੱਟ ਹੋਣ ਕਾਰਨ ਕਰਜ਼ਾ ਮੋੜਨ ਤੋਂ ਅਸਮਰਥ ਸੀ, ਜਿਸ ਕਾਰਨ ਉਹ ਪ੍ਰੇਸ਼ਾਨ ਰਹਿੰਦਾ ਸੀ।

## ਖੇਤੀ ਕਰਜ਼ੇ ਨਾਲ ਬਲਦੇ ਨੇ ਕਿਸਾਨਾਂ ਦੇ ਚੁੱਲੇ

**ਜਲੰਧਰ/ਬਿਊਰੋ ਨਿਊਜ਼ :**

ਪੰਜਾਬ ਦੇ ਕਿਸਾਨਾਂ ਸਿਰ ਕਰਜ਼ੇ ਦੀ ਭਾਰੀ ਹੋ ਰਹੀ ਪੰਡ ਦਾ ਇੱਕ ਪੱਖ ਇਹ ਵੀ ਸਾਹਮਣੇ ਆਇਆ ਹੈ ਕਿ ਕਿਸਾਨ ਖੇਤੀ ਕਰਜ਼ਿਆਂ ਦਾ 30 ਫ਼ੀਸਦ ਹਿੱਸਾ ਆਪਣੀਆਂ ਘਰੇਲੂ ਲੋੜਾਂ 'ਤੇ ਖਰਚ ਕਰਨ ਵਾਸਤੇ ਮਜਬੂਰ ਹਨ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਅਰਥ ਸ਼ਾਸਤਰੀਆਂ ਵੱਲੋਂ ਕੀਤੇ ਤਾਜ਼ਾ ਸਰਵੇਖਣ ਮੁਤਾਬਕ ਕਿਸਾਨਾਂ ਦੀ ਲਗਾਤਾਰ ਘੱਟ ਰਹੀ ਆਮਦਨ ਤੇ ਦਿਨੋਂ ਦਿਨ ਵੱਧ ਰਹੇ ਖਰਚਿਆਂ ਨੇ ਉਨਾਂ ਨੂੰ ਖ਼ੁਦਕੁਸ਼ੀਆਂ ਦੇ ਰਾਹ ਪਾਇਆ ਹੋਇਆ ਹੈ।

ਖੇਤੀ ਲਈ ਲਏ ਕਰਜ਼ੇ ਵਿੱਚੋਂ ਹੀ ਉਹ ਆਪਣੇ ਪਰਿਵਾਰਾਂ ਦੀਆਂ ਲੋੜਾਂ, ਸਿਹਤ, ਬੱਚਿਆਂ ਦੀ ਪੜਾਈ, ਘਰਾਂ ਦੀ ਮੁਰੰਮਤ ਤੇ ਹੋਰ ਸਮਾਜਕ ਕੰਮਾਂ 'ਤੇ ਪੈਸੇ ਖਰਚਦੇ ਹਨ। ਇਹ ਖਰਚੇ ਕਰਜ਼ੇ ਦਾ 30 ਫ਼ੀਸਦ ਹਿੱਸਾ ਬਣ ਜਾਂਦਾ ਹੈ। ਪੰਜਾਬ ਦੀ ਕੈਪਟਨ ਸਰਕਾਰ ਵੱਲੋਂ 'ਕਰਜ਼ਾ ਮੁਆਫ਼ੀ' ਦੇ ਐਲਾਨ ਮਗਰੋਂ ਵੀ ਖ਼ੁਦਕੁਸ਼ੀਆਂ ਨੂੰ ਠੱਲ ਨਹੀਂ ਪੈ ਰਹੀ। ਪੰਜਾਬੀ ਯੂਨੀਵਰਸਿਟੀ ਨੇ ਇਹ ਸਰਵੇਖਣ ਇੰਡੀਅਨ ਕੌਂਸਲ ਆਫ਼ ਸੋਸ਼ਲ ਸਾਇੰਸ ਰਿਸਰਚ, ਨਵੀਂ ਦਿੱਲੀ ਦੇ ਸਹਿਯੋਗ ਨਾਲ ਕੀਤਾ ਹੈ। 'ਇੱਕ ਫੀਲਡ ਸਰਵੇਖਣ: ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਾ ਕਰਜ਼ਾ' ਦੇ ਸਿਰਲੇਖ ਹੇਠ ਤਿਆਰ ਕੀਤੀ ਰਿਪੋਰਟ ਅਨੁਸਾਰ ਪੰਜਾਬ ਦੇ ਦੱਖਣੀ ਤੇ ਪੱਛਮੀ ਹਿੱਸੇ ਦੇ ਪਿੰਡਾਂ ਵਿੱਚ ਇਹ ਸਰਵੇਖਣ ਕੀਤਾ ਗਿਆ। ਇਸ ਵਿੱਚ ਲੁਧਿਆਣਾ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵਸੇ ਹੁਸ਼ਿਆਰਪੁਰ ਦੇ ਪਿੰਡਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

ਰਿਪੋਰਟ ਅਨੁਸਾਰ ਕਿਸਾਨ ਕਰਜ਼ੇ ਦਾ ਵੱਡਾ ਹਿੱਸਾ ਮਸ਼ੀਨਰੀ ਖਰੀਦਣ 'ਤੇ ਖਰਚ ਕਰਦੇ ਹਨ। ਕਰਜ਼ੇ ਦਾ ਦੂਜਾ ਵੱਡਾ ਹਿੱਸਾ ਉਹ ਆਪਣੀਆਂ ਘਰੇਲੂ ਲੋੜਾਂ ਪੂਰੀਆਂ ਕਰਨ ਲਈ ਖਰਚਦੇ ਹਨ। ਮਾਨਸਾ ਇਲਾਕੇ ਵਿੱਚ ਤਾਂ ਘਰੇਲੂ ਖਰਚੇ ਚਲਾਉਣ ਲਈ ਕਰਜ਼ੇ ਦਾ 40 ਫ਼ੀਸਦ ਹਿੱਸਾ ਖ਼ਪ ਰਿਹਾ ਹੈ। ਸੱਤ ਫ਼ੀਸਦ ਖਰਚਾ ਖੁਸ਼ੀ-ਗਮੀ ਦੇ ਸਮਾਗਮਾਂ 'ਤੇ ਖਰਚ ਹੋ ਰਿਹਾ ਹੈ। ਬੱਚਿਆਂ ਦੀ ਪੜਾਈ ਵੀ ਇਸ ਕਰਜ਼ੇ ਵਿੱਚੋਂ ਹੀ ਕਰਵਾਈ ਜਾ ਰਹੀ ਹੈ। ਸਰਵੇਖਣ ਵਿੱਚ ਇਹ ਗੱਲ ਵੀ ਸਾਹਮਣੇ ਆਈ ਹੈ ਕਿ ਕਿਸਾਨ ਆਪਣੀ ਆਮਦਨ ਵਧਾਉਣ ਲਈ ਬਦਲਵੇਂ ਰੁਜ਼ਗਾਰ ਦਾ ਪ੍ਰਬੰਧ ਨਹੀਂ ਕਰਦੇ। ਉਹ ਵੱਡੇ ਕਿਸਾਨਾਂ ਤੋਂ ਜ਼ਮੀਨ ਪਟੇ 'ਤੇ ਲੈ ਲੈਂਦੇ ਹਨ ਤੇ ਫਿਰ ਉਸ 'ਤੇ ਕਰਜ਼ਾ ਚੁੱਕ ਲੈਂਦੇ ਹਨ। ਦੋ ਤੋਂ ਢਾਈ ਏਕੜ ਵਾਲੇ ਕਿਸਾਨ ਸਾਰਾ ਦਿਨ ਖੇਤਾਂ ਵਿੱਚ ਕੰਮ ਕਰ ਕੇ ਵੀ ਆਪਣਾ ਟੱਬਰ ਨਹੀਂ ਪਾਲ ਸਕਦੇ। ਇਹ ਸਰਵੇਖਣ ਪੰਜਾਬੀ ਯੂਨੀਵਰਸਿਟੀ ਦੇ ਅਰਥਸ਼ਾਸਤਰੀ ਪ੍ਰੋ. ਗਿਆਨ ਸਿੰਘ, ਭੂਗੋਲ ਦੀ ਪ੍ਰੋ. ਗੁਰਪ੍ਰੀਤ ਕੌਰ, ਪ੍ਰੋ. ਰੁਪਿੰਦਰ ਕੌਰ ਅਤੇ ਦਸਮੇਸ਼ ਖਾਲਸਾ ਕਾਲਜ, ਜ਼ੀਰਕਪੁਰ ਦੀ ਪ੍ਰੋ. ਸੁਖਵੀਰ ਕੌਰ ਨੇ ਕੀਤਾ ਹੈ।

## ਕਿਸਾਨਾਂ ਸਿਰ ਚੜੇ ਕਰਜ਼ੇ 'ਚ ਹੱਥ ਵਟਾਉਣ ਆਏ ਪਰਵਾਸੀ ਭਰਾ



'ਆਪ' ਅਤੇ ਲੋਕ ਇਨਸਾਫ਼ ਪਾਰਟੀ ਦੇ ਵਿਧਾਇਕ ਮੰਗਲਵਾਰ ਨੂੰ ਚੰਡੀਗੜ੍ਹ ਵਿੱਚ ਰਾਜਪਾਲ ਨੂੰ ਮਿਲਣ ਲਈ ਜਾਂਦੇ ਹੋਏ।

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਸੁਖਪਾਲ ਸਿੰਘ ਖਹਿਰਾ ਨੇ ਦਾਅਵਾ ਕੀਤਾ ਹੈ ਕਿ ਪਰਵਾਸੀ ਪੰਜਾਬੀਆਂ ਨੂੰ ਕਿਸਾਨਾਂ ਸਿਰ ਚੜੇ ਕਰਜ਼ੇ ਵਿੱਚ ਹੱਥ ਵਟਾਉਣ ਦੀ ਅਪੀਲ ਨੂੰ ਬੂਰ ਪੈਣ ਲੱਗਾ ਹੈ। ਵਿਦੇਸ਼ਾਂ ਵਿਚ ਵਸੇ ਅੱਧੀ ਦਰਜਨ ਤੋਂ ਵੱਧ ਪੰਜਾਬੀਆਂ ਨੇ ਕਿਸਾਨ-ਮਜ਼ਦੂਰਾਂ ਦੇ ਕਰਜ਼ੇ ਦੇ ਭਾਰ ਦੀ ਪੰਡ ਹੌਲੀ ਕਰਨ ਲਈ ਲੱਖਾਂ ਰੁਪਏ ਦੀ ਮਦਦ ਭੇਜੀ ਹੈ। 'ਆਪ' ਦੇ ਵਫ਼ਦ ਵੱਲੋਂ ਰਾਜਪਾਲ ਵੀ.ਪੀ. ਸਿੰਘ ਬਦਨੌਰ ਨੂੰ ਮਿਲ ਕੇ ਕਿਸਾਨ ਖ਼ੁਦਕਸ਼ੀਆਂ ਬਾਰੇ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਣ ਸਬੰਧੀ ਮੰਗ ਪੱਤਰ ਦੇਣ ਤੋਂ ਬਾਅਦ ਉਹ ਮੀਡੀਆ ਨਾਲ ਗੱਲ ਕਰ ਰਹੇ ਸਨ। ਵਫ਼ਦ ਨੇ ਮੰਗ ਪੱਤਰ ਵਿੱਚ ਕਿਹਾ ਹੈ ਕਿ ਕਿਸਾਨ ਖ਼ੁਦਕਸ਼ੀਆਂ ਦੇ ਮਸਲੇ ਦਾ ਹੱਲ ਕੱਢਣ ਲਈ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ। ਇਸ ਮੌਕੇ ਸਿਰਫ਼ ਕਿਸਾਨਾਂ-ਮਜ਼ਦੂਰਾਂ ਸਿਰ ਚੜੇ ਕਰਜ਼ੇ ਤੋਂ ਉਨਾਂ ਨੂੰ ਮੁਕਤ ਕਰਨ ਲਈ ਰਸਤਾ ਲੱਭਿਆ ਜਾਵੇ। ਮੰਗ ਪੱਤਰ ਵਿੱਚ ਕਿਸਾਨਾਂ-ਮਜ਼ਦੂਰਾਂ ਨੂੰ ਕਰਜ਼ਾ ਮੁਕਤ ਕਰਨ ਲਈ ਕਈ ਸੁਝਾਅ ਵੀ ਦਿੱਤੇ ਗਏ ਹਨ। ਸ੍ਰੀ ਖਹਿਰਾ ਨੇ ਦੱਸਿਆ ਕਿ 'ਆਪ' ਦੀ ਅਪੀਲ 'ਤੇ ਪਰਵਾਸੀ ਪੰਜਾਬੀਆਂ ਨੇ ਕਿਸਾਨਾਂ-ਮਜ਼ਦੂਰਾਂ ਦੇ ਕਰਜ਼ੇ ਦੀ ਪੰਡ ਹਲਕੀ ਕਰਨ ਲਈ ਵਿਦੇਸ਼ਾਂ ਤੋਂ ਵਿੱਤੀ ਮਦਦ ਭੇਜਣੀ ਸ਼ੁਰੂ ਕਰ ਦਿੱਤੀ ਹੈ। ਉਨਾਂ ਦੱਸਿਆ ਕਿ ਆਸਟਰੇਲੀਆ ਰਹਿ ਰਹੇ ਭੋਗਪੁਰ ਨੇੜਲੇ ਪਿੰਡ ਚਰੜ ਦੇ ਰਛਪਾਲ ਸਿੰਘ ਨੇ ਖ਼ੁਦਕੁਸ਼ੀ ਕਰ ਚੁੱਕੇ ਕਿਸਾਨ ਦਵਿੰਦਰ ਸਿੰਘ ਦਾ ਕਰਜ਼ਾ ਉਤਾਰਨ ਲਈ ਦੋ ਲੱਖ ਰੁਪਏ ਭੇਜੇ ਹਨ। ਇਟਲੀ ਤੋਂ ਲਾਡੀ ਅਤੇ ਜੀਤ ਕੁਲਾਰ ਨੇ ਇੱਕ-ਇੱਕ ਲੱਖ ਰੁਪਏ ਅਤੇ ਕਈ ਹੋਰਾਂ ਨੇ ਪੰਜਾਹ-ਪੰਜਾਹ ਹਜ਼ਾਰ ਰੁਪਏ ਦੀ ਮੱਦਦ ਭੇਜੀ ਹੈ। ਉਨਾਂ ਦੱਸਿਆ ਕਿ ਕਈ ਹੋਰ ਪਰਵਾਸੀਆਂ ਦੇ ਵੀ ਮਦਦ ਦੇਣ ਲਈ ਫੋਨ ਆ ਰਹੇ ਹਨ।

ਸ੍ਰੀ ਖਹਿਰਾ ਨੇ ਮੰਗ ਕੀਤੀ ਕਿ ਕਿਸਾਨਾਂ ਦੇ ਕਰਜ਼ੇ ਦਾ ਇੱਕ ਹਿੱਸਾ ਮੁਆਫ਼ ਕੀਤਾ ਜਾਵੇ ਜਾਂ ਇੱਕ ਸਾਲ ਲਈ ਉਗਰਾਹੀ ਮੁਲਤਵੀ ਕਰਨ ਅਤੇ ਵਿਆਜ ਮੁਆਫ਼ ਕਰਨ ਨਾਲ ਵੀ ਕਿਸਾਨਾਂ ਨੂੰ ਰਾਹਤ ਮਿਲ ਸਕਦੀ ਹੈ।

ਲੋਕ ਇਨਸਾਫ਼ ਪਾਰਟੀ ਦੇ ਪ੍ਰਧਾਨ ਸਿਮਰਜੀਤ ਸਿੰਘ ਬੈਂਸ ਨੇ ਦੋ ਹਜ਼ਾਰ ਤੋਂ ਉਪਰ ਦੇ ਮੋਬਾਈਲ ਬਿੱਲਾਂ ਅਤੇ ਸ਼ਰਾਬ 'ਤੇ ਸੈੱਸ ਲਾ ਕੇ ਕਰਜ਼ੇ ਦੀ ਰਕਮ ਇਕੱਠੀ ਕਰਨ ਦਾ ਸੁਝਾਅ ਦਿੱਤਾ ਹੈ। ਮੰਗ ਪੱਤਰ ਦੀ ਕਾਪੀ ਮੁੱਖ ਮੰਤਰੀ ਨੂੰ ਵੀ ਭੇਜੀ ਗਈ ਹੈ।

## ਦਲੀਪ ਚੌਹਾਨ ਨਸਾਓ ਕਾਊਂਟੀ 'ਚ ਡਿਪਟੀ ਕੰਪਟ੍ਰੋਲਰ ਨਿਯੁਕਤ

**ਨਿਊਯਾਰਕ/ਬਿਊਰੋ ਨਿਊਜ਼ :** ਭਾਰਤੀ ਮੂਲ ਦੇ ਅਮਰੀਕੀ ਦਲੀਪ ਚੌਹਾਨ ਨੂੰ ਇੱਥੇ ਨਸਾਓ ਕਾਊਂਟੀ ਵਿਚ ਘੱਟ ਗਿਣਤੀ ਭਾਈਚਾਰਿਆਂ ਦੀ ਪਹੁੰਚ ਵਧਾਉਣ ਲਈ ਇਕ ਸੀਨੀਅਰ ਅਹੁਦੇ 'ਤੇ ਤਾਇਨਾਤ ਕੀਤਾ ਗਿਆ ਹੈ। ਇੱਥੇ ਜਾਰੀ ਬਿਆਨ ਅਨੁਸਾਰ ਨਾਸਾਓ ਕਾਊਂਟੀ ਕੰਪਟ੍ਰੋਲਰ ਜੌਰਜ ਮਾਰਾਗੋਸ ਵਲੋਂ ਚੌਹਾਨ ਦਾ ਨਾਂਅ ਘੱਟ ਗਿਣਤੀ ਮਾਮਲਿਆਂ ਬਾਰੇ ਡਿਪਟੀ ਕੰਪਟ੍ਰੋਲਰ ਵਜੋਂ ਪੇਸ਼ ਕੀਤਾ ਗਿਆ ਸੀ। ਚੌਹਾਨ ਦੱਖਣ ਅਤੇ ਪੂਰਬੀ ਏਸ਼ੀਆ ਦੇ ਭਾਈਚਾਰਕ ਮਾਮਲਿਆਂ ਦੇ ਡਾਇਰੈਕਟਰ ਵਜੋਂ ਕੰਪਟ੍ਰੋਲਰ ਦੇ ਦਫ਼ਤਰ ਵਿਚ 2015 ਵਿਚ ਸ਼ਾਮਲ ਹੋਏ ਅਤੇ ਉਨ੍ਹਾਂ 2017 ਦੇ ਸ਼ੁਰੂ ਤੋਂ ਹੁਣ ਤੱਕ ਕੰਪਟ੍ਰੋਲਰ ਦੇ ਸੀਨੀਅਰ ਸਲਾਹਕਾਰ ਵਜੋਂ ਕੰਮ ਕੀਤਾ। ਜਾਰੀ ਬਿਆਨ ਅਨੁਸਾਰ ਮਾਰਗੋਸ ਨੇ ਸਥਾਨਕ ਸਰਕਾਰ ਨੂੰ ਬਿਹਤਰ ਢੰਗ ਨਾਲ ਚਲਾਉਣ ਅਤੇ ਘੱਟ ਗਿਣਤੀਆਂ ਦੇ ਮੈਂਬਰਾਂ ਲਈ ਸਾਹਮਣੇ ਆਉਣ ਵਾਲੇ ਸਰਕਾਰੀ ਮੁੱਦਿਆਂ ਦੇ ਹੱਲ ਲਈ ਚੌਹਾਨ ਵੱਲੋਂ ਭਾਈਚਾਰਿਆਂ ਦੀ ਸਹਾਇਤਾ ਦੇ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਮਾਰਗੋਸ ਨੇ ਕਿਹਾ ਘੱਟ ਗਿਣਤੀ ਭਾਈਚਾਰੇ ਨਾਸਾਓ ਦੇ ਕੱਪੜਾ ਉਦਯੋਗ ਦਾ ਅਨਿੱਖੜਵਾਂ ਅੰਗ ਹਨ। ਨਿਊਯਾਰਕ ਦੇ ਖੇਤਰ ਸਰਗਰਮ ਭਾਰਤੀ ਭਾਈਚਾਰੇ ਦੇ ਇਕ ਸਰਗਰਮ ਮੈਂਬਰ ਚੌਹਾਨ ਨੇ ਜਾਰੀ ਬਿਆਨ ਵਿਚ ਕਿਹਾ ਕਿ ਉਹ ਡਿਪਟੀ ਕੰਪਟ੍ਰੋਲਰ ਦੇ ਅਹੁਦੇ 'ਤੇ ਨਿਯੁਕਤ ਹੋ ਕੇ ਮਾਣ ਮਹਿਸੂਸ ਕਰ ਰਹੇ ਹਨ ਅਤੇ ਉਹ ਘੱਟ ਗਿਣਤੀਆਂ ਅਤੇ ਔਰਤਾਂ ਦੀ ਮਾਲਕੀ ਵਾਲੇ ਉਦਯੋਗਾਂ (ਐੱਮ.ਡਬਲਿਊ.ਬੀ.ਈਜ਼.) ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਲਈ ਕੰਪਟ੍ਰੋਲਰ ਦੇ ਯਤਨਾਂ ਦਾ ਸਮਰਥਨ ਜਾਰੀ ਰੱਖਣਗੇ।

## ਐਲਕ ਗਰੋਵ ਪਾਰਕ ਦੀਆਂ ਤੀਆਂ ਐਤਵਾਰ ਨੂੰ

**ਐਲਕ ਗਰੋਵ/ਬਿਊਰੋ ਨਿਊਜ਼ :** ਗੋਲਡਨ ਸਟੇਟ ਪੰਜਾਬੀ ਕਲੱਬ ਵੱਲੋਂ ਸਾਲਾਨਾ ਤੀਆਂ ਦਾ ਮੇਲਾ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ 13 ਅਗਸਤ ਐਤਵਾਰ ਨੂੰ ਐਲਕ ਗਰੋਵ ਪਾਰਕ ਵਿਖੇ ਜੋਸ਼ੋ-ਖਰੋਸ਼ ਨਾਲ ਮਨਾਇਆ ਜਾ ਰਿਹਾ ਹੈ। ਦੁਪਹਿਰ 1.30 ਵਜੇ ਤੋਂ ਸ਼ਾਮ 6:30 ਵਜੇ ਤੱਕ ਲੱਗਣ ਵਾਲੇ ਇਸ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਮੇਲੇ ਵਿਚ ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਔਰਤਾਂ ਗਿੱਧੇ, ਸਕਿੱਟਾਂ, ਬੋਲੀਆਂ, ਗੀਤ-ਸੰਗੀਤ ਰਾਹੀਂ ਰੰਗ ਬੰਨ੍ਹਦੀਆਂ ਹਨ ਅਤੇ ਖ਼ੂਬ ਆਨੰਦ ਮਾਣਦੀਆਂ ਹਨ। ਇਹ ਮੇਲਾ ਪੰਜਾਬ ਦੀ ਤਰਜ 'ਤੇ ਖੁੱਲ੍ਹੇ ਮੈਦਾਨ ਵਿਚ ਲਾਇਆ ਜਾਂਦਾ ਹੈ, ਜਿਸ ਕਰਕੇ ਹਾਜ਼ਰੀ ਪੱਖੋਂ ਇਹ ਇਕ ਵਿਸ਼ਾਲ ਮੇਲੇ ਦਾ ਰੂਪ ਧਾਰਨ ਕਰ ਜਾਂਦਾ ਹੈ। ਮੇਲੇ ਲਈ ਕੋਈ ਟਿਕਟ ਨਹੀਂ ਰੱਖੀ ਜਾਂਦੀ ਅਤੇ ਨਾ ਹੀ ਪਾਰਕਿੰਗ ਦੀ ਕੋਈ ਟਿਕਟ ਲੱਗਦੀ ਹੈ। ਗਹਿਣੇ, ਕੱਪੜੇ, ਮਹਿੰਦੀ ਆਦਿ ਦੇ ਸਟਾਲਾਂ ਤੋਂ ਇਲਾਵਾ ਖਾਣ-ਪੀਣ ਦੇ ਸਟਾਲ ਵੀ ਖੁੱਲ੍ਹੇ ਪਾਰਕ ਵਿਚ ਆਪਣੀਆਂ ਮਹਿਕਾਂ ਖਿਲਾਰਦੇ ਹਨ। ਸਟੇਜ ਸਕੱਤਰੀ ਦੀ ਸੇਵਾ ਆਸ਼ਾ ਸ਼ਰਮਾ ਨਿਭਾਉਂਦੇ ਹਨ। ਇਸ ਸਾਲ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕੀਤਾ ਜਾ ਰਿਹਾ ਹੈ।

ਬੱਗਾ ਜਿਊਲਰਜ਼ ਵੱਲੋਂ ਡਾਇਮੰਡ ਰਿੰਗ ਰੈਫਲ ਵਜੋਂ ਕੱਢੀ ਜਾਵੇਗੀ ਅਤੇ ਇਸ ਤੋਂ ਇਲਾਵਾ ਹੋਰ ਵੀ ਬਹੁਤ ਸਾਰੇ ਰੈਫਲ ਇਨਾਮ ਕੱਢੇ ਜਾਣਗੇ। ਠੰਡੇ-ਮਿੱਠੇ ਜਲ ਦੀ ਛਬੀਲ ਸਤਬੀਰ ਸਿੰਘ ਬਾਜਵਾ ਅਤੇ ਪਰਿਵਾਰ ਵੱਲੋਂ ਲਗਾਈ ਜਾਵੇਗੀ। ਤੀਆਂ ਦੀਆਂ ਪ੍ਰਬੰਧਕ ਪਿੰਕੀ ਰੰਧਾਵਾ ਤੇ ਪਰਨੀਤ ਗਿੱਲ ਨੇ ਕੈਲੀਫੋਰਨੀਆ ਦੀ ਸਮੁੱਚੀ ਔਰਤਾਂ ਅਤੇ ਲੜਕੀਆਂ ਨੂੰ ਉਨ੍ਹਾਂ ਦੇ ਆਪਣੇ ਇਸ ਮੇਲੇ 'ਚ ਪਹੁੰਚਣ ਦੀ ਅਪੀਲ ਕੀਤੀ ਹੈ। ਇਸ ਸੰਬੰਧੀ ਹੋਰ ਜਾਣਕਾਰੀ ਲਈ ਫੋਨ ਨੰਬਰ 916-320-9444 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# 7ਵਾਂ ਮਹਾਨ ਨਗਰ ਕੀਰਤਨ 20 ਅਗਸਤ ਨੂੰ ਰਿਚਮੰਡ ਹਿੱਲ 'ਚ

### *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਹੋਵੇਗਾ ਸਮਰਪਿਤ*
### *22 ਅਗਸਤ, ਮੰਗਲਵਾਰ ਨੂੰ ਦਿਨ ਭਰ ਸਜਾਏ ਜਾਣਗੇ ਦੀਵਾਨ*



**ਰਿਚਮੰਡ ਹਿਲ/ਬਿਊਰੋ ਨਿਊਜ਼ :** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਦੇ ਮੁੱਖ ਸੇਵਾਦਾਰ ਸ. ਕੁਲਦੀਪ ਸਿੰਘ ਢਿੱਲੋਂ ਨੇ ਦੱਸਿਆ ਕਿ 7ਵਾਂ ਮਹਾਨ ਨਗਰ ਕੀਰਤਨ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ ਰਿਚਮੰਡ ਹਿੱਲ ਨਿਊਯਾਰਕ ਵਲੋਂ 20 ਅਗਸਤ, ਐਤਵਾਰ ਨੂੰ ਸਜਾਇਆ ਜਾ ਰਿਹਾ ਹੈ। ਇਹ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋਵੇਗਾ ਜੋ 22 ਅਗਸਤ ਨੂੰ ਹੈ। ਨਗਰ ਕੀਰਤਨ ਦੁਪਹਿਰ 12.00 ਵਜੇ ਗੁਰਦੁਆਰਾ ਸਾਹਿਬ ਤੋਂ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਜ ਪਿਆਰਿਆਂ, ਪੰਜ ਨਿਸ਼ਾਨਚੀ ਸਾਹਿਬਾਨ ਦੀ ਅਗਵਾਈ ਵਿਚ ਅਰੰਭ ਹੋਵੇਗਾ। ਨਗਰ ਕੀਰਤਨ 118 ਸਟਰੀਟ ਤੋਂ ਹੁੰਦਾ ਹੋਇਆ 101 ਐਵਿਨਿਊ 'ਤੇ ਸਥਿਤ ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਵਿਖੇ ਥੋੜ੍ਹੀ ਦੇਰ ਰੁਕਣ ਉਪਰੰਤ, 111 ਸਟਰੀਟ ਤੋਂ ਹੋ ਕੇ ਲਿਬਰਟੀ ਐਵਿਨਿਊ, 123 ਸਟਰੀਟ ਤੋਂ ਐਟਲਾਂਟਿਕ ਐਵਿਨਿਊ ਹੁੰਦਾ ਹੋਇਆ ਬਾਅਦ ਦੁਪਹਿਰ 3:30 ਵਜੇ ਗੁਰਦੁਆਰਾ ਸਾਹਿਬ ਆ ਕੇ ਅਰਦਾਸ ਨਾਲ ਸਮਾਪਤ ਹੋਵੇਗਾ। ਨਗਰ ਕੀਰਤਨ ਦੇ ਰਸਤੇ ਵਿਚ ਸੰਗਤਾਂ ਵਲੋਂ ਥਾਂ-ਥਾਂ 'ਤੇ ਲੰਗਰ ਲਗਾਏ ਜਾਣਗੇ। ਪ੍ਰਬੰਧਕ ਕਮੇਟੀ ਦੇ ਵਿਸ਼ੇਸ਼ ਯਤਨਾਂ ਸਦਕਾ ਸੱਚਖੰਡ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਹਜ਼ੂਰੀ ਰਾਗੀ ਭਾਈ ਇੰਦਰਜੀਤ ਸਿੰਘ ਜੀ ਖ਼ਾਲਸਾ ਬੰਬੇ ਵਾਲੇ ਇਸ ਨਗਰ ਕੀਰਤਨ ਵਿਚ ਪਹੁੰਚ ਰਹੇ ਹਨ ਤੇ ਉਹ 18 ਅਗਸਤ ਤੋਂ ਗੁਰੂ ਘਰ ਵਿਚ ਕੀਰਤਨ ਦੀ ਹਾਜ਼ਰੀ ਭਰਨਗੇ। ਸਿੱਖ ਪੰਥ ਦੇ ਮਹਾਨ ਰਾਗੀ ਭਾਈ ਖਲਦਲਖੰਡਨ ਸਿੰਘ ਹੁਸ਼ਿਆਰਪੁਰ ਵਾਲੇ, ਭਾਈ ਇੰਦਰਪ੍ਰੀਤ ਸਿੰਘ ਅਲੰਕਾਰੀ, ਢਾਡੀ ਜਥਾ ਭਾਈ ਕੇਵਲ ਸਿੰਘ ਕੋਮਲ ਤੇ ਕਥਾਵਾਚਕ ਗਿਆਨੀ ਜਗਬੀਰ ਸਿੰਘ ਨਗਰ ਕੀਰਤਨ ਵਿਚ ਹਾਜ਼ਰੀ ਭਰਨਗੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਖ਼ੁਸ਼ੀ ਵਿਚ 22 ਅਗਸਤ, ਮੰਗਲਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਦਿਨ ਭਰ ਦੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ। ਸ਼ਾਮ ਨੂੰ ਰਹਿਰਾਸ ਸਾਹਿਬ ਦੇ ਪਾਠ ਤੋਂ ਬਾਅਦ ਆਤਮ ਰਸ ਕੀਰਤਨ ਦਰਬਾਰ ਸਜਾਏ ਜਾਣਗੇ। ਉਪਰੰਤ ਜੈਕਾਰਿਆਂ ਦੀ ਗੂੰਜ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ 'ਤੇ ਫੁੱਲਾਂ ਦੀ ਵਰਖਾ ਕਰਦਿਆਂ ਦਿਨ ਭਰ ਦੇ ਦੀਵਾਨਾਂ ਦੀ ਸਮਾਪਤੀ ਹੋਵੇਗੀ। ਗੁਰੂ ਘਰ ਦੇ ਹੈੱਡ ਗ੍ਰੰਥੀ ਗਿਆਨੀ ਭੁਪਿੰਦਰ ਸਿੰਘ, ਚੇਅਰਮੈਨ ਸੁਰਜੀਤ ਸਿੰਘ ਮੂਧਲ, ਜਨਰਲ ਸਕੱਤਰ ਭੁਪਿੰਦਰ ਸਿੰਘ ਅਟਵਾਲ ਨੇ ਸਮੂਹ ਸੰਗਤਾਂ, ਗੁਰੂਘਰਾਂ ਤੇ ਪੰਥਕ ਜਥੇਬੰਦੀਆਂ ਨੂੰ ਗੁਰੂ ਘਰ ਪਹੁੰਚਣ ਦੀ ਬੇਨਤੀ ਕੀਤੀ ਹੈ।

## ਹਿਨਾ ਰਬਾਨੀ ਤੋਂ ਬਾਅਦ ਪਹਿਲੀ ਵਾਰ ਪਾਕਿਸਤਾਨ ਵਿਚ ਵਿਦੇਸ਼ ਮੰਤਰੀ ਦੀ ਨਿਯੁਕਤੀ

### 28 ਕੇਂਦਰੀ ਕੈਬਨਿਟ ਮੰਤਰੀ ਅਤੇ 18 ਰਾਜ ਮੰਤਰੀ ਸ਼ਾਮਲ



ਸ਼ਾਹਿਦ ਖਾਕਾਨ ਅੱਬਾਸੀ



ਖਵਾਜ਼ਾ ਆਸਿਫ

**ਇਸਲਾਮਾਬਾਦ/ਬਿਊਰੋ ਨਿਊਜ਼ :** ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਨੇ ਆਪਣੇ ਮੰਤਰੀ ਮੰਡਲ ਦਾ ਐਲਾਨ ਕਰਦਿਆਂ ਖ਼ਵਾਜ਼ਾ ਆਸਿਫ਼ ਨੂੰ ਦੇਸ਼ ਦਾ ਵਿਦੇਸ਼ ਮੰਤਰੀ ਨਿਯੁਕਤ ਕਰ ਦਿੱਤਾ ਹੈ। ਸਾਲ 2013 ਤੋਂ ਬਾਅਦ ਪਹਿਲੀ ਵਾਰ ਪਾਕਿਸਤਾਨ ਵਿੱਚ ਵਿਦੇਸ਼ ਮੰਤਰੀ ਦੀ ਨਿਯੁਕਤੀ ਕੀਤੀ ਗਈ ਹੈ। ਇਸ ਤੋਂ ਪਹਿਲਾਂ 2013 ਵਿੱਚ ਹਿਨਾ ਰਬਾਨੀ ਖਾਰ ਪਾਕਿਸਤਾਨ ਦੀ ਵਿਦੇਸ਼ ਮੰਤਰੀ ਸੀ। 'ਡਾਅਨ' ਅਖ਼ਬਾਰ ਦੀ ਖ਼ਬਰ ਅਨੁਸਾਰ ਰਾਸ਼ਟਰਪਤੀ ਮਮਨੂਨ ਹੁਸੈਨ ਨੇ ਇੱਥੇ ਰਾਸ਼ਟਰਪਤੀ ਭਵਨ ਵਿੱਚ 28 ਕੇਂਦਰੀ ਮੰਤਰੀਆਂ ਅਤੇ 18 ਰਾਜ ਮੰਤਰੀਆਂ ਨੂੰ ਅਹੁਦੇ ਦੀ ਸਹੁੰ ਚੁਕਾਈ। ਭਾਵੇਂ ਕਿ ਇਸ ਮੰਤਰੀ ਮੰਡਲ ਵਿੱਚ ਵਧੇਰੇ ਪੁਰਾਣੇ ਚਿਹਰੇ ਹਨ ਪਰ ਕੁੱਝ ਨਵੇਂ ਮੰਤਰੀ ਅਤੇ ਰਾਜ ਮੰਤਰੀ ਵੀ ਸ਼ਾਮਲ ਕੀਤੇ ਗਏ ਹਨ। ਨਵੇਂ ਮੰਤਰੀਆਂ ਦੇ ਅਹੁਦੇ ਵੰਡਣ ਲਈ ਨਵਨਿਯੁਕਤ ਪ੍ਰਧਾਨ ਮੰਤਰੀ ਸ਼ਾਹਿਦ ਖ਼ਕਾਨ ਅਬਾਸੀ ਨੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ ਦੇ ਨਾਲ ਮੁਰੀ ਵਿੱਚ ਕੋਈ ਛੇ ਘੰਟੇ ਲੰਬੀ ਮੀਟਿੰਗ ਕਰਕੇ ਵਿਚਾਰ ਵਟਾਂਦਰਾ ਕੀਤਾ। ਇਸ ਮੀਟਿੰਗ ਵਿੱਚ ਨਵਾਜ਼ ਸ਼ਰੀਫ ਦੇ ਭਰਾ ਅਤੇ ਪੰਜਾਬ ਦੇ ਮੁੱਖ ਮੰਤਰੀ ਸ਼ਾਹਬਾਜ਼ ਸ਼ਰੀਫ ਵੀ ਸ਼ਾਮਲ ਹੋਏ। ਆਸਿਫ਼ ਪਹਿਲਾਂ ਸ਼ਰੀਫ ਮੰਤਰੀ ਮੰਡਲ ਵਿੱਚ ਦੇਸ਼ ਦੇ ਰੱਖਿਆ ਮੰਤਰੀ ਸਨ ਅਤੇ ਹੁਣ ਉਨ੍ਹਾਂ ਨੂੰ ਦੇਸ਼ ਦਾ ਵਿਦੇਸ਼ ਮੰਤਰੀ ਨਿਯੁਕਤ ਕੀਤਾ ਗਿਆ ਹੈ। ਸਾਬਕਾ ਯੋਜਨਾ ਮੰਤਰੀ ਆਸਿਫ਼ ਇਕਬਾਲ ਨੂੰ ਦੇਸ਼ ਦਾ ਗ੍ਰਹਿ ਮੰਤਰੀ ਨਿਯੁਕਤ ਕੀਤਾ ਗਿਆ ਹੈ। ਇਸਹਾਕ ਡਾਰ ਵਿਤ ਮੰਤਰੀ ਦੇ ਅਹੁਦੇ ਉੱਤੇ ਕਾਇਮ ਰਹਿ ਗਏ ਹਨ। ਪ੍ਰਵੇਜ਼ ਮਲਿਕ ਨੂੰ ਵਣਜ ਮੰਤਰੀ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਥਾਂ ਖ਼ੁਰਮਦਸਤਗੀਰ ਖਾਨ ਨੂੰ ਪਾਕਿਸਤਾਨ ਦਾ ਰੱਖਿਆ ਮੰਤਰੀ ਬਣਾਇਆ ਗਿਆ ਹੈ। ਡਾਰ ਕੋਲ ਵਿਤ ਮੰਤਰੀ ਦਾ ਅਹੁਦਾ ਰਹਿ ਗਿਆ ਹੈ। ਇਸ ਤੋਂ ਇਲਾਵਾ ਮਰੀਅਮ ਔਰੰਗਜ਼ੇਬ ਨੂੰ ਸੂਚਨਾ ਰਾਜ ਮੰਤਰੀ ਬਣਾਇਆ ਗਿਆ ਹੈ। ਪਾਕਿਸਤਾਨ ਦੇ ਤਾਕਤਵਰ ਨੇਤਾ ਅਤੇ ਸਾਬਕਾ ਗ੍ਰਹਿ ਮੰਤਰੀ ਨਿਸਾਰ ਅਲੀ ਖਾਨ ਮੰਤਰੀ ਮੰਡਲ ਵਿੱਚ ਨਹੀਂ ਹਨ, ਉਨ੍ਹਾਂ ਪਾਰਟੀ ਲੀਡਰਸ਼ਿਪ ਨਾਲ ਮਤਭੇਦਾਂ ਦੇ ਚੱਲਦਿਆਂ ਮੰਤਰੀ ਦਾ ਅਹੁਦਾ ਲੈਣ ਤੋਂ ਨਾਂਹ ਕਰ ਦਿੱਤੀ ਹੈ।

## 'ਆਪ' ਵਿਧਾਇਕ ਅਮਨ ਅਰੋੜਾ ਦਾ ਐਲਕ ਗਰੋਵ ਸਿਟੀ ਵੱਲੋਂ ਸਨਮਾਨ



**ਸੈਕਰਾਮੈਂਟੋ/ਬਿਊਰੋ ਨਿਊਜ਼ :** ਪੰਜਾਬ ਦੇ ਸੁਨਾਮ ਹਲਕੇ ਤੋਂ ਵਿਧਾਇਕ ਅਤੇ ਆਮ ਆਦਮੀ ਪਾਰਟੀ ਦੇ ਸਹਿ ਪ੍ਰਧਾਨ ਅਮਨ ਅਰੋੜਾ ਇਨ੍ਹੀਂ ਦਿਨੀਂ ਕੈਲੀਫੋਰਨੀਆ ਫੇਰੀ 'ਤੇ ਹਨ। ਇਸ ਦੌਰਾਨ ਐਲਕ ਗਰੋਵ ਸਿਟੀ ਦੇ ਮੇਅਰ ਸਟੀਵ ਲੀ ਵੱਲੋਂ ਅਮਨ ਅਰੋੜਾ ਦਾ ਸਮਾਗਮ ਦੌਰਾਨ ਸਨਮਾਨ ਕੀਤਾ ਗਿਆ। ਡੈਨਿਸ ਰੈਸਟੋਰੈਂਟ, ਐਲਕ ਗਰੋਵ ਵਿਖੇ ਹੋਏ ਇਸ ਸਮਾਗਮ ਵਿਚ ਪੰਜਾਬੀ ਭਾਈਚਾਰੇ ਦੀਆਂ ਕਈ ਸ਼ਖਸੀਅਤਾਂ ਨੇ ਹਿੱਸਾ ਲਿਆ। ਪ੍ਰਧਾਨਗੀ ਮੰਡਲ ਵਿਚ ਸਟੀਵ ਲੀ, ਅਮਨ ਅਰੋੜਾ, ਗੁਲਿੰਦਰ ਗਿੱਲ, ਚਰਨ ਸਿੰਘ ਜੱਜ ਅਤੇ ਗੁਰਜਤਿੰਦਰ ਸਿੰਘ ਰੰਧਾਵਾ ਸ਼ਾਮਲ ਸਨ। ਇਨ੍ਹਾਂ ਆਗੂਆਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ। ਐਲਕ ਗਰੋਵ ਦੇ ਮੇਅਰ ਸਟੀਵ ਲੀ ਨੇ ਵਿਧਾਇਕ ਅਮਨ ਅਰੋੜਾ ਨੂੰ ਐਲਕ ਗਰੋਵ ਸਿਟੀ ਵੱਲੋਂ ਸਨਮਾਨ ਪੱਤਰ ਭੇਟ ਕੀਤਾ ਅਤੇ ਇਸ ਦੇ ਨਾਲ-ਨਾਲ ਉਨ੍ਹਾਂ ਨੂੰ ਕਾਲਰ ਪਿੰਨ ਵੀ ਦਿੱਤੀ ਗਈ। ਇਸ ਮੌਕੇ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਸਾਨੂੰ ਪੰਜਾਬ ਅਤੇ ਕੈਲੀਫੋਰਨੀਆ ਦੇ ਆਪਸੀ ਸੰਬੰਧਾਂ ਨੂੰ ਵਧਾਉਣਾ ਚਾਹੀਦਾ ਹੈ। ਉਨ੍ਹਾਂ ਤਜਵੀਜ਼ ਦਿੱਤੀ ਕਿ ਐਲਕ ਗਰੋਵ ਸਿਟੀ ਅਤੇ ਸੁਨਾਮ ਸ਼ਹਿਰ ਨੂੰ ਸਿਸਟਰ ਸਿਟੀ ਬਣਾਇਆ ਜਾਵੇ, ਜੋ ਕਿ ਵਿਧਾਇਕ ਅਮਨ ਅਰੋੜਾ ਅਤੇ ਐਲਕ ਗਰੋਵ ਸਿਟੀ ਦੇ ਮੇਅਰ ਨੇ ਮੰਨ ਲਈ ਅਤੇ ਆਉਣ ਵਾਲੇ ਸਮੇਂ ਵਿਚ ਇਸ ਬਾਰੇ ਵਿਚਾਰ ਕਰਨ ਲਈ ਕਿਹਾ ਗਿਆ। ਡੈਨਿਸ ਰੈਸਟੋਰੈਂਟ ਦੇ ਮਾਲਕ ਅਤੇ ਪੰਜਾਬੀ ਭਾਈਚਾਰੇ ਵਿਚ ਜਾਣੇ-ਪਹਿਚਾਣੇ ਗੁਲਿੰਦਰ ਗਿੱਲ ਨੇ ਕਿਹਾ ਕਿ ਅਮਨ ਅਰੋੜਾ ਪੰਜਾਬ ਦਾ ਇਕ ਇਮਾਨਦਾਰ ਆਗੂ ਹੈ ਅਤੇ ਇਸ ਤੋਂ ਸਾਨੂੰ ਬਹੁਤ ਸਾਰੀਆਂ ਉਮੀਦਾਂ ਹਨ। ਇਸ ਦੇ ਨਾਲ ਉਨ੍ਹਾਂ ਨੇ ਐਲਕ ਗਰੋਵ ਦੇ ਮੇਅਰ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਇਹ ਪੰਜਾਬੀ ਭਾਈਚਾਰੇ ਦੇ ਸੱਚੇ ਦੋਸਤ ਹਨ ਅਤੇ ਹਰ ਮੁਸ਼ਕਲ ਦੀ ਘੜੀ ਵਿਚ ਸਾਡੇ ਕੰਮ ਆਉਂਦੇ ਹਨ। ਇਸ ਮੌਕੇ ਚਰਨ ਸਿੰਘ ਜੱਜ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਵਿਧਾਇਕ ਅਮਨ ਅਰੋੜਾ ਨੇ ਕਿਹਾ ਕਿ ਮੈਨੂੰ ਇਥੇ ਆਣ ਕੇ ਪ੍ਰਵਾਸੀ ਪੰਜਾਬੀਆਂ ਨੂੰ ਬਹੁਤ ਨੇੜੇ ਹੋ ਕੇ ਮਿਲਣ ਦਾ ਮੌਕਾ ਮਿਲਿਆ ਹੈ ਅਤੇ ਇਨ੍ਹਾਂ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਬਾਰੇ ਮੈਨੂੰ ਜਾਣਕਾਰੀ ਵੀ ਮਿਲੀ ਹੈ। ਉਨ੍ਹਾਂ ਐਲਕ ਗਰੋਵ ਮੇਅਰ ਸਟੀਵ ਲੀ ਨੂੰ ਪੰਜਾਬ ਆਉਣ ਦਾ ਵੀ ਸੱਦਾ ਦਿੱਤਾ। ਸ਼੍ਰੀ ਅਰੋੜਾ ਨੇ ਪ੍ਰਵਾਸੀਆਂ ਨੂੰ ਅਪੀਲ ਕੀਤੀ ਕਿ ਕਿਸੇ ਵੀ ਮੁਸ਼ਕਲ ਲਈ ਮੈਨੂੰ ਪੰਜਾਬ ਆਣ ਕੇ ਮਿਲਿਆ ਜਾ ਸਕਦਾ ਹੈ।

ਇਸ ਸਮਾਗਮ ਵਿਚ ਆਮ ਆਦਮੀ ਪਾਰਟੀ ਦੇ ਕੈਲੀਫੋਰਨੀਆ ਯੂਨਿਟ ਦੇ ਆਗੂ ਵੀ ਹਾਜ਼ਰ ਸਨ, ਜਿਨ੍ਹਾਂ ਵਿਚ ਜੱਸੀ ਗਿੱਲ, ਮਨਜੀਤ ਬੱਲ, ਬਲਬੀਰ ਸਿੰਘ, ਅੰਮ੍ਰਿਤ ਸਿੰਘ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਗੁਰਦੀਪ ਗਿੱਲ, ਪਾਲ ਹੇਅਰ, ਗੁਰਪਾਲ ਡਡਵਾਲ, ਸ਼ਸ਼ੀਪਾਲ, ਬਲਵਿੰਦਰ ਡੁਲਕੂ, ਬਲਜੀਤ ਗਿੱਲ, ਬੂਟਾ ਬਾਸੀ, ਸੁਰਿੰਦਰ ਸਿੰਘ ਢੱਡਾ, ਮਦਨ ਸ਼ਰਮਾ, ਸੁਰਿੰਦਰ ਸਿੰਘ, ਡਾ. ਇਕਵਿੰਦਰ ਗਿੱਲ, ਅਵਤਾਰ ਸਿੰਘ ਦੁਸਾਂਝ, ਸੈਮ ਚਾਹਲ, ਮਨਜੀਤ ਬੱਲ, ਸ. ਭੁੱਲਰ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ।

## ਫਰਿਜ਼ਨੋ ਦੀਆਂ ਤੀਆਂ ਨੇ ਬੰਨ੍ਹਿਆ ਗਿੱਧੇ ਦਾ ਪਿੜ

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ :**

ਸੈਂਟਰਲ ਵੈਲੀ ਕੈਲੀਫੋਰਨੀਆ ਦੇ ਘੁੱਗ ਵਸਦੇ ਸ਼ਹਿਰ ਫਰਿਜ਼ਨੋ ਵਿਚ ਪੰਜਾਬਣਾਂ ਨੇ ਤੀਆਂ ਦੀਆਂ ਰੌਣਕਾਂ ਲਾਈਆਂ। ਰਾਜਪਾਲ ਕੌਰ ਬਰਾੜ, ਗੁੱਡੀ ਸਿੱਧੂ, ਸੁਖਮਿੰਦਰ ਮਾਨ ਅਤੇ ਸੁਖਜੀਵਨ ਕੌਰ ਜੌਹਲ ਨੇ ਸਮੂਹ ਪੰਜਾਬੀ ਔਰਤਾਂ ਨਾਲ ਰਲ ਕੇ 'ਕਾਰਨੀ ਪਾਰਕ' ਦੇ ਦਰੱਖਤਾਂ ਦੀ ਸੰਘਣੀ ਛਾਂ ਹੇਠ ਤੀਜ ਦੀਆਂ ਪੀਂਘਾਂ ਝੂਟੀਆਂ ਤੇ ਗਿੱਧੇ ਦਾ ਪਿੜ ਮਘਾਇਆ। ਇਨ੍ਹਾਂ ਔਰਤਾਂ ਨੇ 21 ਵਰ੍ਹੇ ਪਹਿਲਾਂ ਸਾਂਝ ਦਾ ਇਹ ਕਾਰਜ ਵਿੱਢਿਆ ਸੀ, ਜੋ ਹਾਲੇ ਤੱਕ ਜਾਰੀ ਹੈ।

ਵੱਖ-ਵੱਖ ਸ਼ਹਿਰਾਂ ਤੋਂ ਆਈਆਂ ਬੀਬੀਆਂ-ਭੈਣਾਂ ਨੇ ਰਲ ਗਿੱਧੇ ਵਿਚ ਧਮਾਲਾਂ ਪਾਈਆਂ। ਅਮਰੀਕੀ ਮੂਲ ਦੀਆਂ ਔਰਤਾਂ ਨੇ ਵੀ ਸ਼ਿਰਕਤ ਕੀਤੀ। ਇਨ੍ਹਾਂ ਤੀਆਂ ਦੌਰਾਨ ਸਮਾਪਤੀ 'ਤੇ ਪਾਈ ਗਈ ਬੱਲੋ ਵੀ ਸ਼ਾਨਦਾਰ ਨਜ਼ਾਰਾ ਪੇਸ਼ ਕਰ ਰਹੀ ਸੀ। ਮੁਟਿਆਰਾਂ ਦੀਆਂ ਰੰਗ-ਬਰੰਗੀਆਂ ਪੁਸ਼ਾਕਾਂ, ਲਹਿੰਗੇ-ਘੱਘਰੇ ਮਹੌਲ ਨੂੰ ਹੋਰ ਵੀ ਰੰਗੀਨ ਬਣਾ ਰਹੇ ਸਨ। ਇਸ ਮੌਕੇ ਡੀ.ਜੇ. ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਜੀਤ ਗਿੱਲ ਮੋਗਾ ਵੀਡੀਓ ਵੱਲੋਂ ਮੁਫ਼ਤ ਫੋਟੋਆਂ ਖਿੱਚਣ ਲਈ ਬੂਥ ਵੀ ਲਾਇਆ ਗਿਆ ਸੀ। ਇਸ ਸਮੇਂ ਦੇ ਯਾਦਗਾਰੀ ਪਲਾਂ ਨੂੰ www.Mogavideo.com ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇੱਥੇ 'ਇੰਡੀਅਨ ਅਵਨ' ਰੈਸਟੋਰੈਂਟ ਵੱਲੋਂ ਵੰਨ ਸੁਵੰਨੇ ਖਾਣਿਆਂ ਦੇ ਸਟਾਲ ਲਗਾਏ ਗਏ।



ਤੀਆਂ ਦੌਰਾਨ ਗਿੱਧਾ ਪਾਉਂਦੇ ਹੋਏ ਔਰਤਾਂ।

## ਅਮਰੀਕੀ ਸੈਨੇਟ ਨੇ 3 ਭਾਰਤੀਆਂ ਨੂੰ ਅਹਿਮ ਅਹੁਦਿਆਂ ਲਈ ਚੁਣਿਆ

**ਵਾਸ਼ਿੰਗਟਨ/ਬਿਊਰੋ ਨਿਊਜ਼** : ਅਮਰੀਕੀ ਸੰਸਦ ਦੇ ਉਪਰਲੇ ਸਦਨ ਸੈਨੇਟ ਨੇ ਅਹਿਮ ਸਰਕਾਰੀ ਅਹੁਦਿਆਂ ਲਈ ਭਾਰਤੀ ਮੂਲ ਦੇ 3 ਅਮਰੀਕੀਆਂ ਦੇ ਨਾਂ 'ਤੇ ਮੋਹਰ ਲਾ ਦਿੱਤੀ ਹੈ। ਨੀਲ ਚੈਟਰਜੀ ਨੂੰ ਫ਼ੈਡਰਲ ਐਨਰਜੀ ਰੈਗੂਲੇਟਰੀ ਕਮਿਸ਼ਨ ਦਾ ਮੈਂਬਰ ਅਤੇ ਵਿਸ਼ਾਲ ਅਮੀਨ ਨੂੰ ਟਰੰਪ ਪ੍ਰਸ਼ਾਸਨ ਵਿੱਚ ਇੰਟਲੈਕਚੁਅਲ ਪ੍ਰਾਪਰਟੀ (ਆਈਪੀ) ਐਨਫੋਰਸਮੈਂਟ ਕੋਆਰਡੀਨੇਟਰ ਲਾਇਆ ਗਿਆ ਹੈ। ਯਾਦ ਰਹੇ ਕਿ ਇੰਟਲੈਕਚੁਅਲ ਪ੍ਰਾਪਰਟੀ (ਬੌਧਿਕ ਜਾਇਦਾਦ) ਦੇ ਮੁੱਦੇ 'ਤੇ ਭਾਰਤ ਤੇ ਅਮਰੀਕਾ ਵਿਚ ਤਿੱਖੇ ਵੱਖਰੇਵੇਂ ਰਹੇ ਹਨ। ਕ੍ਰਿਸ਼ਨਾ ਉਰਸ ਨੂੰ ਪੇਰੂ ਵਿੱਚ ਅਮਰੀਕੀ ਸਫ਼ੀਰ ਲਾਇਆ ਗਿਆ ਹੈ। ਸਾਲ 1986 ਤੋਂ ਵਿਦੇਸ਼ ਸੇਵਾ ਅਧਿਕਾਰੀ ਵਜੋਂ ਸੇਵਾਵਾਂ ਨਿਭਾ ਰਿਹਾ ਉਰਸ, ਨਿੱਕੀ ਹੇਲੀ ਤੋਂ ਬਾਅਦ ਦੂਜਾ ਭਾਰਤੀ ਮੂਲ ਦਾ ਅਮਰੀਕੀ ਹੈ ਜਿਸ ਨੂੰ ਟਰੰਪ ਪ੍ਰਸ਼ਾਸਨ ਵਿੱਚ ਰਾਜਦੂਤਕ ਅਹੁਦੇ ਲਈ ਚੁਣਿਆ ਗਿਆ ਹੈ। ਦੱਖਣੀ ਕੈਰੋਲੀਨਾ ਦੀ ਦੋ ਵਾਰ ਗਵਰਨਰ ਰਹਿ ਚੁੱਕੀ ਹੇਲੀ ਮੌਜੂਦਾ ਸਮੇਂ ਸੰਯੁਕਤ ਰਾਸ਼ਟਰ ਵਿੱਚ ਅਮਰੀਕੀ ਸਫ਼ੀਰ ਹੈ ਤੇ ਉਸ ਕੋਲ ਟਰੰਪ ਪ੍ਰਸ਼ਾਸਨ ਵਿੱਚ ਕੈਬਨਿਟ ਪੱਧਰ ਦਾ ਰੁਤਬਾ ਹੈ।

## ਸਿੱਖਾਂ ਖ਼ਿਲ਼ਫ਼ ਨ਼ਫਰਤੀ ਅਪਰਾਧ ਦਾ ਮੁਕਾਬਲਾ ਕਰਨ ਲਈ ਮਿਸ਼ਨ ਕਾਇਮ

**ਮਿਲਵਾਕੀ/ਬਿਊਰੋ ਨਿਊਜ਼** : ਇੱਥੇ ਸਥਿਤ ਇਕ ਗੁਰਦੁਆਰਾ ਸਾਹਿਬ ਵਿਚ 5 ਸਾਲ ਪਹਿਲਾਂ ਗੋਰਿਆਂ ਨੂੰ ਸਭ ਤੋਂ ਵਧੀਆ ਮੰਨਣ ਵਾਲੇ ਵਿਅਕਤੀ ਹੱਥੋਂ ਮਾਰੇ ਗਏ 6 ਵਿਅਕਤੀਆਂ ਦੇ ਪਰਿਵਾਰਾਂ ਨੇ ਹੁਣ ਨਫਰਤ ਦਾ ਮੁਕਾਬਲਾ ਕਰਨ ਲਈ ਇਕ ਮਿਸ਼ਨ ਬਣਾਇਆ ਹੈ। ਇਕ ਪੀੜਤ ਦੇ ਪਰਿਵਾਰ ਨੇ ਸਕੂਲਾਂ ਵਿਚ ਸਭਾਵਾਂ ਕਰਕੇ ਸ਼ਾਂਤੀ ਦੇ ਸੰਦੇਸ਼ ਦਿੱਤੇ। ਇਸ ਘਟਨਾ ਵਿਚ ਇਕ ਔਰਤ ਵੀ ਮਾਰੀ ਗਈ ਸੀ। ਇਸ ਔਰਤ ਦੇ ਪੁੱਤਰ ਨੇ ਸਿੱਖਾਂ ਦੇ ਵਿਰੁੱਧ ਨਫਰਤ ਅਤੇ ਅਪਰਾਧਾਂ 'ਤੇ ਨਜ਼ਰ ਰੱਖਣ ਲਈ ਸੰਘੀ ਸਰਕਾਰ ਨੂੰ ਅਪੀਲ ਕੀਤੀ ਸੀ। ਇਹ ਘਟਨਾ 5 ਅਗਸਤ 2012 ਵਿਚ ਵਾਪਰੀ ਸੀ। ਇਕ ਪੁਲੀਸ ਅਧਿਕਾਰੀ ਨੇ ਜਦ ਬੰਦੂਕਧਾਰੀ ਵਿਅਕਤੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਪੁਲੀਸ ਅਧਿਕਾਰੀ 'ਤੇ ਵੀ ਗੋਲੀ ਚਲਾ ਦਿੱਤੀ ਸੀ। ਇਹ ਪੁਲੀਸ ਅਧਿਕਾਰੀ ਸਿੱਖ ਭਾਈਚਾਰੇ ਨਾਲ ਸੰਪਰਕ ਵਿਚ ਹੈ। ਪਿਛਲੇ ਸਾਲ ਉਨ੍ਹਾਂ ਨੇ ਇਕ ਸਭਾ ਵਿਚ ਇਸ ਹਾਦਸੇ ਦਾ ਜ਼ਿਕਰ ਵੀ ਕੀਤਾ ਸੀ।

## ਅਮਰੀਕਾ ਨੇ ਪੈਰਿਸ ਜਲਵਾਯੂ ਸਮਝੌਤੇ ਤੋਂ ਬਾਹਰ ਹੋਣ ਸਬੰਧੀ ਨੋਟਿਸ ਜਾਰੀ ਕੀਤਾ

**ਵਾਸ਼ਿੰਗਟਨ/ਬਿਊਰੋ ਨਿਊਜ਼** : ਅਮਰੀਕਾ ਨੇ ਸਾਲ 2015 ਵਿਚ ਹੋਏ ਇਤਿਹਾਸਕ ਪੈਰਿਸ ਜਲਵਾਯੂ ਸਮਝੌਤੇ ਤੋਂ ਜਲਦੀ ਤੋਂ ਜਲਦੀ ਹੱਟਣ ਦੇ ਆਪਣੇ ਫੈਸਲੇ ਦੀ ਰਸਮੀ ਜਾਣਕਾਰੀ ਸੰਯੁਕਤ ਰਾਸ਼ਟਰ ਨੂੰ ਦੇ ਦਿੱਤੀ ਹੈ। ਇਹ ਖਬਰ ਵਿਦੇਸ਼ ਮੰਤਰਾਲੇ ਨੇ ਦਿੱਤੀ ਹੈ। ਅਮਰੀਕਾ ਵੱਲੋਂ ਸੰਯੁਕਤ ਰਾਸ਼ਟਰ ਨੂੰ ਦਿੱਤੀ ਗਈ ਇਹ ਜਾਣਕਾਰੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਹਾਲ ਹੀ ਵਿਚ ਕੀਤੇ ਗਏ ਉਸ ਫੈਸਲੇ ਦੇ ਐਲਾਨ ਦੇ ਅਨੁਰੂਪ ਹੈ, ਜੋ ਉਨ੍ਹਾਂ ਦੇ ਚੁਣਾਵੀ ਵਾਅਦਿਆਂ ਵਿਚੋਂ ਇਕ ਸੀ ਪਰ ਇਸ ਸਮਝੌਤੇ ਦੀਆਂ ਸ਼ਰਤਾਂ ਅਨੁਸਾਰ ਅਮਰੀਕਾ 4 ਨਵੰਬਰ 2020 ਤੱਕ ਇਸ ਸੱਮਝੌਤੇ ਤੋਂ ਪੂਰੀ ਤਰ੍ਹਾਂ ਨਾਲ ਵੱਖ ਨਹੀਂ ਹੋ ਸਕਦਾ। ਇਸ ਦਾ ਮਤਲਬ ਇਹ ਹੈ ਕਿ ਅਗਲੇ ਅਮਰੀਕੀ ਰਾਸ਼ਟਰਪਤੀ ਇਸ ਸਮਝੌਤੇ ਵਿਚ ਦੁਬਾਰਾ ਸ਼ਾਮਲ ਹੋ ਸਕਦੇ ਹਨ। ਪੈਰਿਸ ਸਮਝੌਤੇ ਦਾ ਉਦੇਸ਼ ਧਰਤੀ ਨੂੰ ਉਦਯੋਗਿਕ ਕਾਲ ਦੀ ਸ਼ੁਰੂਆਤ ਦੇ ਤਾਪਮਾਨ ਤੋਂ 2 ਡਿਗਰੀ ਜ਼ਿਆਦਾ ਗਰਮ ਹੋਣ ਤੋਂ ਬਚਾਉਣਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਅਮਰੀਕਾ ਨੇ ਸੰਯੁਕਤ ਰਾਸ਼ਟਰ ਨੂੰ ਇਕ ਪੱਤਰ ਸੌਂਪ ਦਿੱਤਾ ਹੈ। ਇਹ ਪੱਤਰ ਪੈਰਿਸ ਸੱਮਝੌਤੇ ਤੋਂ ਜਲਦੀ ਤੋਂ ਜਲਦੀ ਵੱਖ ਹੋਣ ਦੇ ਅਮਰੀਕਾ ਦੇ ਇਰਾਦੇ ਦੇ ਬਾਰੇ ਵਿਚ ਹੈ।

## ਅਮਰੀਕਾ 'ਚ 'ਮੈਰਿਟ ਆਧਾਰਤ' ਵੀਜ਼ਾ ਸਕੀਮ ਹੋਵੇਗੀ ਲਾਗੂ

***ਕਾਨੂੰਨੀ ਢੰਗ ਨਾਲ ਆਉਣ ਵਾਲੇ ਪਰਵਾਸੀਆਂ 'ਚ ਹੋਵੇਗੀ ਕਟੌਤੀ***

**ਵਾਸ਼ਿੰਗਟਨ/ਬਿਊਰੋ ਨਿਈਜ਼** : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਉਸ ਕਾਨੂੰਨ ਦੀ ਪੁਸ਼ਟੀ ਕਰ ਦਿੱਤੀ ਹੈ, ਜਿਸ ਨਾਲ ਦੇਸ਼ ਵਿੱਚ ਕਾਨੂੰਨੀ ਢੰਗ ਨਾਲ ਆ ਸਕਣ ਵਾਲੇ ਪਰਵਾਸੀਆਂ ਦੀ ਗਿਣਤੀ ਵਿੱਚ ਭਾਰੀ ਕਟੌਤੀ ਕੀਤੀ ਜਾਵੇਗੀ। ਇਸ ਤਹਿਤ 'ਮੈਰਿਟ ਆਧਾਰਿਤ' ਵੀਜ਼ਾ ਸਕੀਮ ਲਾਗੂ ਕੀਤੀ ਜਾਵੇਗੀ, ਜਿਸ ਨਾਲ ਭਾਰਤ ਵਰਗੇ ਮੁਲਕਾਂ ਦੇ ਉਚ ਸਿੱਖਿਅਤ ਤੇ ਤਕਨਾਲੋਜੀਕਲ ਪੇਸ਼ੇਵਰਾਂ ਨੂੰ ਫ਼ਾਇਦਾ ਹੋ ਸਕਦਾ ਹੈ। ਰਿਫਾਰਮਿੰਗ ਅਮੈਰਿਕਨ ਇਮੀਗਰੇਸ਼ਨ ਫਾਰ ਸਟਰੌਂਗ ਐਂਪਲਾਈਮੈਂਟ (ਰਾਈਜ਼) ਐਕਟ ਜੇ ਕਾਂਗਰਸ ਵੱਲੋਂ ਪਾਸ ਤੇ ਰਾਸ਼ਟਰਪਤੀ ਦੇ ਦਸਤਖ਼ਤਾਂ ਨਾਲ ਕਾਨੂੰਨ ਬਣ ਜਾਂਦਾ ਹੈ ਤਾਂ ਅਮਰੀਕਾ ਵਿੱਚ ਆਉਣ ਦੇ ਮੌਜੂਦਾ ਲਾਟਰੀ ਸਿਸਟਮ ਨੂੰ ਬੰਦ ਕਰ ਦਿੱਤਾ ਜਾਵੇਗਾ। ਇਸ ਦੀ ਥਾਂ ਗਰੀਨ ਕਾਰਡ ਹਾਸਲ ਕਰਨ ਲਈ ਇਕ ਅੰਕ-ਆਧਾਰਤ ਪ੍ਰਬੰਧ ਲਾਗੂ ਕੀਤਾ ਜਾਵੇਗਾ। ਇਸ ਤਹਿਤ ਧਿਆਨ ਵਿੱਚ ਰੱਖੇ ਜਾਣ ਵਾਲੇ ਤੱਤਾਂ ਵਿੱਚ ਅੰਗਰੇਜ਼ੀ ਭਾਸ਼ਾ ਦੀ ਮੁਹਾਰਤ, ਸਿੱਖਿਆ, ਉਚ-ਤਨਖ਼ਾਹਾਂ ਵਾਲੀਆਂ ਨੌਕਰੀ ਦੀਆਂ ਪੇਸ਼ਕਸ਼ਾਂ ਤੇ ਉਮਰ ਸ਼ਾਮਲ ਹਨ। ਇਕ ਸਮਾਗਮ ਦੌਰਾਨ ਰਾਈਜ਼ ਐਕਟ ਨੂੰ ਆਪਣੀ ਹਮਾਇਤ ਦਾ ਐਲਾਨ ਕਰਦਿਆਂ ਸ੍ਰੀ ਟਰੰਪ ਨੇ ਕਿਹਾ, "ਰਾਈਜ਼ ਐਕਟ ਨਾਲ ਗ਼ਰੀਬੀ ਹਟੇਗੀ, ਉਜਰਤਾਂ ਵਧਣਗੀਆਂ ਤੇ ਕਰਦਾਤਾਵਾਂ ਦੇ ਅਰਬਾਂ ਖਰਬਾਂ ਡਾਲਰ ਬਚਣਗੇ।"

## ਬੇਘਰੇ ਲੋਕਾਂ ਦੀ ਮਦਦ ਕਰ ਰਿਹਾ ਸਿੱਖ ਕੌਂਸਲਰ ਚੈਜ਼ ਸਿੰਘ ਨਸਲੀ ਨ਼ਫਰਤ ਦਾ ਸ਼ਿਕਾਰ

**ਲੰਡਨ/ਬਿਊਰੋ ਨਿਊਜ਼** :ਪਲਮਿੱਥ ਸ਼ਹਿਰ ਦੇ ਕੌਂਸਲਰ ਚੈਜ਼ ਸਿੰਘ ਜਦੋਂ ਬੇਘਰੇ ਲੋਕਾਂ ਦੀ ਮਦਦ ਕਰ ਰਿਹਾ ਸੀ ਤਾਂ ਇਕ ਵੈਨ ਡਰਾਈਵਰ ਨੇ ਉਸ ਨੂੰ ਨਸਲੀ ਗਾਲ੍ਹਾਂ ਕੱਢੀਆਂ। ਸ. ਚੈਜ਼ ਸਿੰਘ ਨੇ ਦੱਸਿਆ ਕਿ ਉਹ ਇਹ ਸੁਣ ਕੇ ਕਾਫ਼ੀ ਹੈਰਾਨ ਹੋਇਆ। ਪ੍ਰੰਤੂ ਇਸ ਦੇ ਬਾਵਜੂਦ ਉਸ ਨੇ ਆਪਣੀ ਸੇਵਾ ਜਾਰੀ ਰੱਖੀ ਅਤੇ ਬੇਘਰੇ ਲੋੜਵੰਦ ਲੋਕਾਂ ਨੂੰ ਕੰਬਲ, ਸੌਣ ਵਾਲੇ ਬੈਗ ਅਤੇ ਟੋਪੀਆਂ ਵੰਡੀਆਂ। ਚੈਜ਼ ਸਿੰਘ ਨੇ ਕਿਹਾ ਕਿ ਲੋਕਾਂ ਨੂੰ ਨਸਲੀ ਭਿੰਨ-ਭੇਦ ਬਾਰੇ ਹੋਰ ਜਾਗਰੂਕ ਕਰਨ ਦੀ ਲੋੜ ਹੈ, ਉਨ੍ਹਾਂ ਇਹ ਵੀ ਕਿਹਾ ਕਿ ਉਹ 15 ਸਾਲਾਂ ਤੋਂ ਇਸ ਇਲਾਕੇ ਵਿਚ ਰਹਿ ਰਿਹਾ ਹੈ ਅਤੇ ਉਸ ਵੱਲੋਂ ਜਿੰਨੇ ਲੋਕਾਂ ਦੀ ਰਿਪੋਰਟ ਕੀਤੀ ਗਈ, ਉਨ੍ਹਾਂ ਵਿਚੋਂ ਕਿਸੇ ਖ਼ਿਲਾਫ਼ ਵੀ ਅਪਰਾਧਿਕ ਕਾਰਵਾਈ ਨਹੀਂ ਹੋਈ। ਸ. ਚੈਜ਼ ਸਿੰਘ ਵੱਲੋਂ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਇਹ ਕੰਮ ਸਕੂਲਾਂ ਵਿਚ ਵੀ ਸ਼ੁਰੂ ਕੀਤਾ ਗਿਆ ਹੈ।

# 'ਬੇਟੀ ਬਚਾਉਣ' ਵਾਲੀ ਹਰਿਆਣਾ ਸਰਕਾਰ ਆਪਣੇ 'ਵੈਲੀ ਪੁੱਤ' ਨੂੰ ਬਚਾਉਣ ਲੱਗੀ

**ਆਈ.ਏ.ਐਸ. ਅ਼ਫਸਰ ਦੀ ਧੀ ਨਾਲ ਛੇੜਛਾੜ ਕਰਨ ਵਾਲੇ ਭਾਜਪਾ ਸੂਬਾਈ ਪ੍ਰਧਾਨ ਦੇ ਪੁੱਤਰ ਨੂੰ ਹੱਥ ਨਹੀਂ ਪਾ ਰਹੀ ਪੁਲੀਸ**



**ਚੰਡੀਗੜ੍ਹ/ਬਿਊਰੋ ਨਿਊਜ਼** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼-ਵਿਆਪੀ 'ਬੇਟੀ ਬਚਾਉ, ਬੇਟੀ ਪੜ੍ਹਾਓ' ਮੁਹਿੰਮ ਦਾ ਆਗਾਜ਼ ਭਾਵੇਂ ਹਰਿਆਣਾ ਤੋਂ ਕੀਤਾ ਸੀ, ਪਰ ਭਾਜਪਾ ਦੇ ਸੂਬਾ ਪ੍ਰਧਾਨ ਸੁਭਾਸ਼ ਬਰਾਲਾ ਦੇ ਬੇਟੇ ਵਿਕਾਸ ਬਰਾਲਾ ਦੇ ਮਾਮਲੇ ਵਿੱਚ ਹਰਿਆਣਾ ਭਾਜਪਾ ਸਰਕਾਰ ਅਤੇ ਪਾਰਟੀ 'ਬੇਟਾ ਬਚਾਉ' ਮੁਹਿੰਮ ਵਿੱਚ ਜੁਟੀਆਂ ਦਿਖਾਈ ਦੇ ਰਹੀਆਂ ਹਨ। ਮੁੱਖ ਮੰਤਰੀ ਮਨੋਹਰ ਲਾਲ ਖੱਟਰ ਤੋਂ ਲੈ ਕੇ ਹਰਿਆਣਾ ਭਾਜਪਾ ਦੇ ਇੰਚਾਰਜ ਅਖਿਲ ਜੈਨ ਸਣੇ ਸਾਰੇ ਆਗੂ ਸ੍ਰੀ ਬਰਾਲਾ ਦੇ ਹੱਕ ਵਿਚ ਆਣ ਡਟੇ ਹਨ। ਅਜਿਹਾ ਉਦੋਂ ਵਾਪਰ ਰਿਹਾ ਹੈ ਜਦੋਂ ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਹਰਿਆਣਾ ਦੀ ਤਾਜ਼ਾ ਫੇਰੀ ਵੇਲੇ ਪਾਰਟੀ ਨੇਤਾਵਾਂ ਨੂੰ ਜਨਤਕ ਅਕਸ ਸੁਧਾਰਨ ਲਈ ਆਖ ਕੇ ਗਏ ਹਨ।

ਸ੍ਰੀ ਬਰਾਲਾ ਦੇ ਪੁੱਤਰ ਵਿਕਾਸ ਬਰਾਲਾ ਉਤੇ ਸੂਬੇ ਦੇ ਇੱਕ ਸੀਨੀਅਰ ਆਈਏਐਸ ਅਫਸਰ ਦੀ ਧੀ ਨੂੰ ਅੱਧੀ ਰਾਤੀਂ ਸਰੇਰਾਹ ਘੇਰ ਕੇ ਤੰਗ-ਪ੍ਰੇਸ਼ਾਨ ਅਤੇ ਕਥਿਤ ਅਗਵਾ ਕਰਨ ਦੀ ਕੋਸ਼ਿਸ਼ ਦੇ ਦੋਸ਼ਾਂ ਸਬੰਧੀ ਵਾਪਰ ਰਹੀਆਂ ਘਟਨਾਵਾਂ ਤੋਂ ਜਾਪਦਾ ਹੈ ਕਿ ਦੇਸ਼ ਵਿੱਚ ਅਜੇ ਵੀ ਖ਼ਾਸ ਅਤੇ ਆਮ ਲੋਕਾਂ ਲਈ ਕਾਨੂੰਨ ਤੇ ਪੁਲੀਸ ਦਾ ਰਵੱਈਆ ਵੱਖੋ-ਵੱਖਰਾ ਹੈ। ਭਾਜਪਾ ਪੂਰੀ ਤਰ੍ਹਾਂ ਸ੍ਰੀ ਬਰਾਲਾ ਦੇ ਬੇਟੇ ਦਾ ਬਚਾਅ ਕਰਨ ਵਿਚ ਲੱਗੀ ਹੈ ਅਤੇ ਚੰਡੀਗੜ੍ਹ ਪੁਲੀਸ ਉੱਤੇ ਮਾਮਲੇ ਨੂੰ ਨਰਮ ਕਰਨ ਦਾ ਕਥਿਤ ਦਬਾਅ ਹੈ। ਦੂਜੇ ਪਾਸੇ ਸੂਤਰਾਂ ਦਾ ਦਾਅਵਾ ਹੈ ਕਿ ਪੁਲੀਸ ਦੇ ਉਚ ਅਫਸਰਾਂ ਦੀ ਹੋਈ ਗੁਪਤ ਮੀਟਿੰਗ ਵਿੱਚ ਕੇਸ ਵਿਚ ਸਖ਼ਤ ਧਰਾਵਾਂ ਜੋੜਨ ਦਾ ਫੈਸਲਾ ਲਿਆ ਗਿਆ ਹੈ। ਘਟਨਾ ਵਾਲੀ ਰਾਤ ਚੰਡੀਗੜ੍ਹ ਦੀ ਸਭ ਤੋਂ ਅਹਿਮ ਸੜਕ 'ਮੱਧਿਆ ਮਾਰਗ' ਦੇ ਸਾਰੇ ਸੀਸੀਟੀਵੀ ਕੈਮਰੇ ਬੰਦ ਹੋਣ ਦੀ ਚੰਡੀਗੜ੍ਹ ਪੁਲੀਸ ਦੀ ਰਿਪੋਰਟ ਪੂਰੇ ਨਿਜ਼ਾਮ 'ਤੇ ਆਪਣੇ ਆਪ ਵਿਚ ਵਿਅੰਗ ਹੈ। ਜਾਣਕਾਰੀ ਅਨੁਸਾਰ ਪੰਜਾਬ ਦੇ ਰਾਜਪਾਲ ਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵੀ.ਪੀ. ਸਿੰਘ ਬਦਨੌਰ ਨੇ ਸਬੰਧਤ ਪੁਲੀਸ ਅਫਸਰਾਂ ਨੂੰ ਬੁਲਾ ਕੇ ਮਾਮਲੇ ਦੀ ਜਾਣਕਾਰੀ ਲਈ ਹੈ। ਸ੍ਰੀ ਬਦਨੌਰ, ਰਾਜਸਥਾਨ ਤੋਂ ਭਾਜਪਾ ਦੀ ਟਿਕਟ 'ਤੇ ਐਮਪੀ ਚੁਣੇ ਗਏ ਸਨ। ਇਸ ਦੌਰਾਨ ਹਰਿਆਣਾ ਕਾਂਗਰਸ ਦੇ ਪ੍ਰਧਾਨ ਅਸ਼ੋਕ ਤੰਵਰ ਪੀੜਤਾ ਦੇ ਘਰ ਪੁੱਜੇ ਅਤੇ ਮਾਮਲੇ ਦੀ ਜਾਣਕਾਰੀ ਲਈ। ਪਾਰਟੀ ਤਰਜਮਾਨ ਰਣਦੀਪ ਸਿੰਘ ਸੁਰਜੇਵਾਲਾ ਨੇ ਕਿਹਾ ਕਿ ਚੰਡੀਗੜ੍ਹ ਪੁਲੀਸ ਨੇ ਕੇਂਦਰ ਦੇ ਦਬਾਅ ਹੇਠ ਵਿਕਾਸ ਬਰਾਲਾ ਦੇ ਵਿਰੁੱਧ ਧਰਾਵਾਂ ਨਰਮ ਕੀਤੀਆਂ ਹਨ।

### ਕਿਰਨ ਖੇਰ ਨੇ ਕਿਹਾ-ਪੁਲੀਸ 'ਤੇ ਦਬਾਅ ਨਹੀਂ :

ਭਾਜਪਾ ਦੀ ਚੰਡੀਗੜ੍ਹ ਤੋਂ ਐਮਪੀ ਕਿਰਨ ਖੇਰ ਨੇ ਦਾਅਵਾ ਕੀਤਾ ਕਿ ਭਾਜਪਾ ਹਰਿਆਣਾ ਦੇ ਪ੍ਰਧਾਨ ਸੁਭਾਸ਼ ਬਰਾਲਾ ਦੇ ਪੁੱਤਰ ਦੇ ਮਾਮਲੇ 'ਤੇ ਚੰਡੀਗੜ੍ਹ ਪੁਲੀਸ ਉਤੇ ਕੋਈ ਦਬਾਅ ਨਹੀਂ ਹੈ ਤੇ ਪੀੜਤ ਪਰਿਵਾਰ ਨੂੰ ਇਨਸਾਫ਼ ਮਿਲੇਗਾ। ਉਨ੍ਹਾਂ ਸੀਸੀਟੀਵੀ ਫੁਟੇਜ ਲਾਪਤਾ ਹੋਣ ਦੇ ਦੋਸ਼ਾਂ ਨੂੰ 'ਬੇਬੁਨਿਆਦ' ਕਰਾਰ ਦਿੱਤਾ। ਕੌਮੀ ਮਹਿਲਾ ਕਮਿਸ਼ਨ ਨੇ ਵੀ ਨਿਰਪੱਖ ਜਾਂਚ 'ਤੇ ਜ਼ੋਰ ਦਿੱਤਾ ਹੈ। ਕਮਿਸ਼ਨ ਦੀ ਮੁਖੀ ਲਲਿਤਾ ਕੁਮਾਰਾਮੰਗਲਮ ਨੇ ਦਿੱਲੀ ਵਿੱਚ ਕਿਹਾ ਕਿ ਉਨ੍ਹਾਂ ਪੱਤਰ ਰਾਹੀਂ ਚੰਡੀਗੜ੍ਹ ਪੁਲੀਸ ਨੂੰ 'ਹਰੇਕ ਪੜਾਅ 'ਤੇ ਮਾਮਲੇ ਦੀ ਰਿਪੋਰਟ' ਉਨ੍ਹਾਂ ਨੂੰ ਦੇਣ ਦੀ ਹਦਾਇਤ ਦਿੱਤੀ ਹੈ।

### ਆਈਏਐਸ ਐਸੋਸੀਏਸ਼ਨ ਨੇ ਮੰਗੀ 'ਮਿਸਾਲੀ' ਸਜ਼ਾ :

ਨਵੀਂ ਦਿੱਲੀ : ਆਈਏਐਸ ਅ਼ਫਸਰਾਂ ਦੀ ਸੰਸਥਾ ਆਈਏਐਸ (ਸੈਂਟਰਲ) ਐਸੋਸੀਏਸ਼ਨ ਨੇ ਬਰਾਲਾ ਛੇੜਖ਼ਾਨੀ ਕੇਸ ਵਿੱਚ ਮੁਲਜ਼ਮਾਂ ਨੂੰ ਮਿਸਾਲੀ ਸਜ਼ਾ ਦਿੱਤੇ ਜਾਣ 'ਤੇ ਜ਼ੋਰ ਦਿੱਤਾ ਹੈ। ਐਸੋਸੀਏਸ਼ਨ ਨੇ ਆਪਣੀ ਟਵੀਟ ਵਿੱਚ ਘਟਨਾ ਨੂੰ 'ਦਿਲ-ਕੰਬਾਊ' ਕਰਾਰ ਦਿੰਦਿਆਂ ਕਿਹਾ, "(ਮੁਲਜ਼ਮਾਂ ਨੂੰ) ਮਿਸਾਲੀ ਤੇ ਵੇਲੇ ਸਿਰ ਸਜ਼ਾ ਦਿੱਤੀ ਜਾਵੇ।"

### ਪੀੜਤ ਪਿਉ-ਧੀ ਇਨਸਾ਼ਫ ਲਈ ਡਟੇ

ਹਰਿਆਣਾ ਭਾਜਪਾ ਪ੍ਰਧਾਨ ਸੁਭਾਸ਼ ਬਰਾਲਾ ਦੇ ਪੁੱਤ ਵਿਕਾਸ ਬਰਾਲਾ ਦੀ ਕਥਿਤ ਛੇੜਖ਼ਾਨੀ ਦੀ ਸ਼ਿਕਾਰ ਹੋਈ ਸੂਬੇ ਦੇ ਆਈਏਐਸ ਅਧਿਕਾਰੀ ਦੀ ਧੀ ਵਰਣਿਕਾ ਕੁੰਡੂ ਤੇ ਉਸ ਦੇ ਪਿਤਾ ਵਿਰੇਂਦਰ ਕੁੰਡੂ ਨੇ ਸਾਫ਼ ਕਿਹਾ ਹੈ ਕਿ ਮੁਲਜ਼ਮਾਂ ਦੀ ਪਹੁੰਚ ਦੇ ਬਾਵਜੂਦ ਉਹ ਇਨਸਾਫ਼ ਲਈ ਡਟੇ ਰਹਿਣਗੇ। ਦੋਵਾਂ ਨੇ ਇਲੈਕਟਰਾਨਿਕ ਤੇ ਸੋਸ਼ਲ ਮੀਡੀਆ ਰਾਹੀਂ ਕਿਹਾ ਕਿ ਦੋਸ਼ੀਆਂ ਨੂੰ 'ਸਖ਼ਤ ਸਜ਼ਾ' ਮਿਲਣੀ ਚਾਹੀਦੀ ਹੈ ਤੇ ਕੇਸ 'ਨਰਮ' ਕੀਤੇ ਜਾਣ 'ਤੇ ਉਹ ਅਦਾਲਤ ਦਾ ਬੂਹਾ ਖੜਕਾਉਣਗੇ।

ਪੇਸ਼ੇ ਵਜੋਂ ਡੀਜੇ 29 ਸਾਲਾ ਵਰਣਿਕਾ ਨੇ ਕਿਹਾ ਕਿ ਉਹ ਦੋਸ਼ੀਆਂ ਨੂੰ ਸਜ਼ਾ ਦਿਵਾ ਕੇ ਹਟੇਗੀ। ਉਸ ਨੇ ਕਿਹਾ, "ਜੇ ਅਸੀਂ ਅਜਿਹਾ ਨਹੀਂ ਕਰਾਂਗੇ, ਤਾਂ ਕੌਣ ਕਰੇਗਾ।" ਉਸ ਨੇ ਕਿਹਾ, "ਲੋਕਾਂ ਦੀ ਸ਼ਕਤੀ ਮੇਰੇ ਨਾਲ ਹੈ। ਮੈਨੂੰ ਆਪਣੀ ਜ਼ਿੰਦਗੀ ਵਿੱਚ ਇੰਨਾ ਸਹਿਯੋਗ ਪਹਿਲਾਂ ਕਦੇ ਨਹੀਂ ਮਿਲਿਆ।" ਜੇ ਉਹ ਆਈਏਐਸ ਦੀ ਧੀ ਨਾ ਹੁੰਦੀ ਤਾਂ ਸ਼ਾਇਦ ਅਜਿਹਾ ਨਾ ਹੁੰਦਾ। ਆਪਣੇ ਪਿਤਾ ਸਣੇ ਟੀਵੀ ਚੈਨਲਾਂ ਉਤੇ ਬੋਲਦਿਆਂ ਉਸ ਨੇ ਕਿਹਾ, "ਜੇ ਮੈਂ ਪੇਂਡੂ ਕੁੜੀ ਹੁੰਦੀ ਤਾਂ ਸ਼ਾਇਦ ਮੇਰੇ ਕੋਲ ਐਨੇ ਵਸੀਲੇ ਨਾ ਹੁੰਦੇ ਕੀ ਮੈਂ ਅਜਿਹੇ ਲੋਕਾਂ ਦਾ ਟਾਕਰਾ ਕਰ ਸਕਦੀ ਸੀ ?"

ਇਸ ਤੋਂ ਪਹਿਲਾਂ ਉਸ ਦੇ ਪਿਤਾ ਵਿਰੇਂਦਰ ਕੁੰਡੂ ਨੇ ਫੇਸਬੁੱਕ ਰਾਹੀਂ ਕਿਹਾ ਕਿ ਉਹ ਮਾਮਲੇ ਵਿੱਚ ਦਖ਼ਲ ਨਹੀਂ ਦੇਣਗੇ। ਉਨ੍ਹਾਂ ਕਿਹਾ, "ਅਸੀਂ ਜਾਂਚ ਜਾਂ ਮੁਕੱਦਮੇਬਾਜ਼ੀ ਵਿੱਚ ਦਖ਼ਲ ਨਹੀਂ ਦੇਵਾਂਗੇ, ਜਿਵੇਂ ਅਸੀਂ ਚਾਹੁੰਦੇ ਹਾਂ ਕਿ ਮੁਲਜ਼ਮ ਧਿਰ ਵੀ ਕਿਸੇ ਤਰ੍ਹਾਂ ਜਾਂਚ 'ਤੇ ਅਸਰ ਨਾ ਪਾਵੇ। ਪੁਲੀਸ ਤੇ ਇਸਤਗਾਸਾ ਧਿਰ ਨੂੰ ਆਪਣਾ ਕੰਮ ਕਰਨ ਦੇਣਾ ਚਾਹੀਦਾ ਹੈ। ਜਦੋਂ ਵੀ ਪੁਲੀਸ ਨੇ ਸੱਦਿਆ ਅਸੀਂ ਜਾਂਚ ਵਿੱਚ ਸ਼ਾਮਲ ਹੋਵਾਂਗੇ। ਜੇ ਸਾਨੂੰ ਜਾਪਿਆ ਕਿ ਦੋਸ਼ਾਂ ਨੂੰ ਨਰਮ ਕੀਤਾ ਜਾਂ ਸਹੀ ਢੰਗ ਨਾਲ ਤੈਅ ਨਹੀਂ ਕੀਤਾ ਜਾ ਰਿਹਾ ਤਾਂ ਅਸੀਂ ਅਦਾਲਤ ਵਿੱਚ ਜਾਵਾਂਗੇ।" ਉਨ੍ਹਾਂ ਸਾਫ਼ ਕਿਹਾ, "ਅਸੀਂ ਕਦੇ ਵੀ ਪਿੱਛੇ ਨਹੀਂ ਹਟਾਂਗੇ ਤੇ ਨਾ ਹੀ ਝੁਕਾਂਗੇ, ਭਾਵੇਂ ਸਾਨੂੰ ਕਿੰਨੀਆਂ ਵੀ ਮੁਸ਼ਕਲਾਂ ਤੇ ਦਬਾਅ ਦਾ ਸਾਹਮਣਾ ਕਰਨਾ ਪਵੇ।"

ਉਨ੍ਹਾਂ ਕਿਹਾ ਕਿ ਕਾਨੂੰਨ ਦੇ ਵਿਦਿਆਰਥੀ ਹੋਣ ਕਾਰਨ ਮੁਲਜ਼ਮ ਜੋ ਕਰ ਰਹੇ ਸਨ, ਉਸ ਦੇ ਨਤੀਜਿਆਂ ਤੋਂ ਭਲੀਭਾਂਤ ਵਾਕਫ਼ ਸਨ। ਉਨ੍ਹਾਂ ਕਿਹਾ, "ਸਾਡਾ ਟੀਚਾ ਹੈ ਕਿ ਦੋਸ਼ੀਆਂ ਨੂੰ ਸਜ਼ਾ ਮਿਲੇ। ਉਹ ਬਾਲ਼ਗ ਹਨ, ਕਾਨੂੰਨ ਦੇ ਵਿਦਿਆਰਥੀ ਹਨ, ਜੋ ਆਪਣੇ ਕਾਰੇ ਦੇ ਨਤੀਜਿਆਂ ਤੋਂ ਪੂਰੀ ਤਰ੍ਹਾਂ ਵਾਕ਼ਫ ਸਨ ਤੇ ਉਨ੍ਹਾਂ ਨੂੰ ਢੁਕਵੀਂ ਸਜ਼ਾ ਮਿਲਣੀ ਚਾਹੀਦੀ ਹੈ।" ਉਨ੍ਹਾਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਉਨ੍ਹਾਂ ਨੂੰ ਆਪਣੇ ਕੀਤੇ ਦੀ ਸਜ਼ਾ ਮਿਲੇ। ਨਾ ਉਸ ਤੋਂ ਵੱਧ ਮਿਲੇ ਤੇ ਨਾ ਘੱਟ।" ਮੁਲਜ਼ਮਾਂ ਦੇ ਪਰਿਵਾਰਾਂ ਨੂੰ ਇਸ ਮਾਮਲੇ ਵਿਚ ਪੇਸ਼ ਆਉਂਦੀਆਂ ਮੁਸ਼ਕਲਾਂ 'ਤੇ ਹਮਦਰਦੀ ਜ਼ਾਹਰ ਕਰਦਿਆਂ ਉਨ੍ਹਾਂ ਕਿਹਾ, "ਅ਼ਫਸੋਸ ਹੈ ਕਿ ਮੁਲਜ਼ਮਾਂ ਦੇ ਪਰਿਵਾਰਾਂ ਨੂੰ ਇਸ ਕਾਰਨ ਮੁਸ਼ਕਲ ਆਉਂਦੀ ਹੈ। ਅਸੀਂ ਮੁਲਜ਼ਮਾਂ ਦੇ ਜੁਰਮ ਲਈ ਉਨ੍ਹਾਂ (ਪਰਿਵਾਰਾਂ) ਨੂੰ ਜ਼ਿੰਮੇਵਾਰ ਨਹੀਂ ਮੰਨਦੇ।"

# ਸੀਬੀਆਈ ਜਾਂਚ ਲਈ ਪਟੀਸ਼ਨ ਦਾਇਰ ਕਰਨਗੇ ਸਵਾਮੀ

ਨਵੀਂ ਦਿੱਲੀ: ਭਾਜਪਾ ਦੇ ਐਮਪੀ ਤੇ ਸੀਨੀਅਰ ਆਗੂ ਸੁਬਰਾਮਨੀਅਨ ਸਵਾਮੀ ਨੇ ਹਰਿਆਣਾ ਭਾਜਪਾ ਦੇ ਪ੍ਰਧਾਨ ਤੇ ਵਿਧਾਇਕ ਸੁਭਾਸ਼ ਬਾਰਾਲਾ ਦੇ ਮੁੰਡੇ ਵਿਕਾਸ ਬਰਾਲਾ ਵੱਲੋਂ ਚੰਡੀਗੜ੍ਹ ਵਿੱਚ ਇਕ ਮੁਟਿਆਰ ਦੇ ਅਗਵਾ ਦੀ ਕੋਸ਼ਿਸ਼ ਕੀਤੇ ਜਾਣ ਦੇ ਮਾਮਲੇ ਵਿੱਚ ਚੰਡੀਗੜ੍ਹ ਪੁਲੀਸ ਉਤੇ 'ਕਲਾਬਾਜ਼ੀਆਂ ਖਾਣ' ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੀਬੀਆਈ ਜਾਂਚ ਹੋਣੀ ਚਾਹੀਦੀ ਹੈ ਅਤੇ ਉਹ ਅਦਾਲਤੀ ਨਿਗਰਾਨੀ ਵਾਲੀ ਸੀਬੀਆਈ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਲੋਕ ਹਿੱਤ ਪਟੀਸ਼ਨ ਦਾਇਰ ਕਰਨਗੇ। ਉਨ੍ਹਾਂ ਇਸ ਮਾਮਲੇ ਵਿੱਚ ਆਪਣੀ ਟਵੀਟ ਵਿਚ ਕਿਹਾ, "ਇਕ ਆਈਏਐਸ ਅ਼ਫਸਰ ਦੀ ਧੀ ਨੂੰ ਦੋ ਸ਼ਰਾਬੀ ਗੁੰਡਿਆਂ ਵੱਲੋਂ ਅਗਵਾ ਕਰਨ ਦੀ ਕੋਸ਼ਿਸ਼ ਸਬੰਧੀ ਮੈਂ ਆਪਣੇ ਸਾਥੀ ਵਕੀਲ ਏ.ਪੀ. ਜੱਗਾ ਰਾਹੀਂ ਚੰਡੀਗੜ੍ਹ ਵਿੱਚ ਲੋਕ ਹਿੱਤ ਪਟੀਸ਼ਨ ਦਾਇਰ ਕਰਾਂਗਾ।" ਜਦੋਂ ਉਨ੍ਹਾਂ ਤੋਂ ਪਟੀਸ਼ਨ ਦਾਇਰ ਕਰਨ ਦਾ ਕਾਰਨ ਪੁੱਛਿਆ ਗਿਆ ਤਾਂ ਰਾਜ ਸਭਾ ਦੇ ਮੈਂਬਰ ਸ੍ਰੀ ਸਵਾਮੀ ਨੇ ਕਿਹਾ ਕਿ ਇਸ ਮਾਮਲੇ ਵਿੱਚ ਚੰਡੀਗੜ੍ਹ ਪੁਲੀਸ 'ਆਜ਼ਾਦ ਤੇ ਨਿਰਪੱਖ' ਜਾਂਚ ਕਰਨ ਦੀ ਹਾਲਤ ਵਿੱਚ ਨਹੀਂ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਪੁਲੀਸ ਨੇ ਮੁਲਜ਼ਮਾਂ ਖ਼ਿਲਾਫ਼ ਗ਼ੈਰ-ਜ਼ਮਾਨਤੀ ਧਾਰਵਾਂ ਤਹਿਤ ਕੇਸ ਦਰਜ ਕੀਤਾ ਅਤੇ ਫਿਰ 'ਇਹ ਧਾਰਾਵਾਂ ਵਾਪਸ ਲੈ ਲਈਆਂ ਅਤੇ ਮੁਲਜ਼ਮਾਂ ਨੂੰ ਰੰਗੇ ਹੱਥੀਂ ਫੜਨ ਦੇ ਬਾਵਜੂਦ (ਥਾਣੇ ਵਿਚੋਂ ਹੀ ਜ਼ਮਾਨਤ ਦੇ ਕੇ) ਰਿਹਾਅ' ਕਰ ਦਿੱਤਾ।ਉਨ੍ਹਾਂ ਕਿਹਾ, "ਇਸ ਕਾਰਨ ਇਹ ਮਾਮਲਾ ਅਦਾਲਤੀ ਨਿਗਰਾਨੀ ਦੀ ਮੰਗ ਕਰਦਾ ਹੈ ਤੇ ਜਾਂਚ ਸੀਬੀਆਈ ਹਵਾਲੇ ਕੀਤੀ ਜਾਣੀ ਚਾਹੀਦੀ ਹੈ। ਜੇ ਤੁਸੀਂ ਹੋਰ ਏਜੰਸੀਆਂ ਚਾਹੁੰਦੇ ਹੋ ਤਾਂ ਸਿੱਟ ਵੀ ਕਾਇਮ ਹੋ ਸਕਦੀ ਹੈ।" ਗ਼ੌਰਤਲਬ ਹੈ ਕਿ ਪੀੜਤਾ ਨੇ ਚੰਡੀਗੜ੍ਹ ਪੁਲੀਸ ਨੂੰ ਫੋਨ ਕਰ ਕੇ ਦੋ ਵਿਅਕਤੀਆਂ ਉਤੇ ਐਸਯੂਵੀ ਕਾਰ ਰਾਹੀਂ ਕਰੀਬ ਪੰਜ ਕਿਲੋਮੀਟਰ ਤੱਕ ਉਸ ਦਾ ਪਿੱਛਾ ਕਰਨ ਦਾ ਦੋਸ਼ ਲਾਇਆ ਸੀ।



# ਕੌਮੀ ਹੀਰੋ ਕੌਣ - ਅਕਬਰ ਜਾਂ ਮਹਾਰਾਣਾ ਪ੍ਰਤਾਪ ?

**ਕਈ ਵਾਰ ਲੋਕਾਂ ਵਿਚ ਸੱਚ ਨੂੰ ਲੁਕਾਉਣ ਅਤੇ ਫ਼ਰਜੀ ਗੌਰਵ ਨੂੰ ਸਥਾਪਤ ਕਰਨ ਲਈ ਸੱਚ ਨੂੰ ਦਬਾਇਆ ਜਾਂਦਾ ਹੈ। ਅਜਿਹਾ ਕਰਨਾ ਦੋਹਾਂ ਨੂੰ ਚੰਗਾ ਲਗਦਾ ਹੈ। ਲੋਕ ਵੀ ਜਿਸ ਜਾਤੀ ਅਤੇ ਮਜ਼੍ਹਬ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਦੀ ਬਹਾਦੁਰੀ ਦੀਆਂ ਕਹਾਣੀਆਂ ਜ਼ਿਆਦਾ ਚੰਗੀਆਂ ਲੱਗਦੀਆਂ ਹਨ। ਉਸ ਸਮੇਂ ਇਸ ਨੂੰ ਇਕ ਹਿੰਦੂ ਅਤੇ ਮਸਲਮਾਨ ਦੀ ਲੜਾਈ ਵਜੋਂ ਨਹੀਂ ਵੇਖਿਆ ਗਿਆ। ਉਹ ਲੜਾਈ ਇਕ ਬਾਦਸ਼ਾਹ ਅਤੇ ਇਕ ਵੀਰ ਦੀ ਤਕਰਾਰ ਵਜੋਂ ਵੇਖੀ ਜਾਂਦੀ ਸੀ।**

**ਕੀ ਸਾਡੀਆਂ ਸਰਕਾਰਾਂ ਇਤਿਹਾਸ ਨੂੰ ਆਪਣੇ ਹਿਸਾਬ ਨਾਲ ਤੋੜ-ਮਰੋੜ ਕੇ ਲਿਖਵਾ ਰਹੀਆਂ ਹਨ ? ਕੀ ਅਕਬਰ ਖਲਨਾਇਕ ਸੀ ? ਕੀ ਮਹਾਰਾਣਾ ਪ੍ਰਤਾਪ ਅਕਬਰ ਤੋਂ ਵੱਧ ਮਹਾਨ ਸੀ ? ਕੀ ਹਲਦੀ ਘਾਟੀ 'ਚ ਅਕਬਰ ਦੀ ਹਾਰ ਹੋਈ ਸੀ ? ਕੀ ਅਕਬਰ ਅਤੇ ਮਹਾਰਾਣਾ ਪ੍ਰਤਾਪ ਦਾ ਸੰਘਰਸ਼ ਹਿੰਦੂਆਂ ਅਤੇ ਮੁਸਲਮਾਨਾਂ ਦਾ ਸੰਘਰਸ਼ ਸੀ ?**



## ਹਰਬੰਸ ਮੁਖੀਆ

ਰਾਜਸਥਾਨ ਦੇ ਬੱਚਿਆਂ ਨੂੰ ਪੜ੍ਹਾਇਆ ਜਾ ਸਕਦਾ ਹੈ ਕਿ ਹਲਦੀ ਘਾਟੀ ਦੀ ਲੜਾਈ 'ਚ ਰਾਜਪੂਤ ਸ਼ਾਸਕ ਮਹਾਰਾਣਾ ਪ੍ਰਤਾਪ ਨੇ ਮੁਗਲ ਬਾਦਸ਼ਾਹ ਨੂੰ ਹਰਾ ਦਿੱਤਾ ਸੀ। ਬਾਕੀ ਭਾਰਤ ਲਈ ਹਲਦੀ ਘਾਟੀ ਦੀ ਲੜਾਈ ਦੇ ਜੇਤੂ ਅਕਬਰ ਹੀ ਹਨ।

ਰਾਜਸਥਾਨ ਯੂਨੀਵਰਸਿਟੀ ਨੇ ਭਾਜਪਾ ਦੇ ਇਕ ਵਿਧਾਇਕ ਦੇ ਉਸ ਪ੍ਰਸਤਾਵ ਨੂੰ ਸਵੀਕਾਰ ਕਰ ਲਿਆ ਹੈ, ਜਿਸ 'ਚ ਉਨ੍ਹਾਂ ਕਿਹਾ ਸੀ ਕਿ ਯੂਨੀਵਰਸਿਟੀ ਦੇ ਸਿਲੇਬਸ 'ਚ ਇਹ ਲਿਖਿਆ ਜਾਵੇ ਕਿ ਹਲਦੀ ਘਾਟੀ ਦਾ ਯੁੱਧ ਅਕਬਰ ਤੋਂ ਮਹਾਰਾਣਾ ਪ੍ਰਤਾਪ ਹਾਰੇ ਨਹੀਂ ਸਨ।

ਹਾਲ ਹਾਲ 'ਚ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਸੀ ਕਿ ਇਤਿਹਾਸਕਾਰਾਂ ਨੇ ਮਹਾਰਾਣਾ ਪ੍ਰਤਾਪ ਨਾਲ ਨਾਇਨਸਾਫੀ ਕੀਤੀ। ਉਨ੍ਹਾਂ ਕਿਹਾ ਸੀ ਕਿ ਅਕਬਰ ਨੂੰ ਦੀ ਗ੍ਰੇਟ ਕਿਹਾ ਜਾਂਦਾ ਹੈ, ਪਰ ਮਹਾਰਾਣਾ ਪ੍ਰਤਾਪ ਨੂੰ ਮਹਾਨ ਕਿਉਂ ਨਹੀਂ ਕਿਹਾ ਜਾਂਦਾ। ਰਾਜਨਾਥ ਸਿੰਘ ਨੇ ਕਿਹਾ ਸੀ ਕਿ ਮਹਾਰਾਣਾ ਪ੍ਰਤਾਪ ਕੌਮੀ ਹੀਰੋ ਸਨ।

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿਤਿਯਾਨਾਥ ਨੇ ਵੀ ਕਿਹਾ ਕਿ ਅਕਬਰ ਖਲਨਾਇਕ ਸੀ ਅਤੇ ਅਸਲੀ ਹੀਰੋ ਮਹਾਰਾਣਾ ਪ੍ਰਤਾਪ ਹਨ। ਯੋਗੀ ਨੇ ਕਿਹਾ ਕਿ ਨੌਜਵਾਨ ਜਿੰਨੀ ਛੇਤੀ ਇਸ ਸੱਚ ਨੂੰ ਸਵੀਕਾਰ ਕਰ ਲੈਣਗੇ, ਉਨੀਂ ਛੇਤੀ ਦੇਸ਼ ਦੀਆਂ ਸਮੱਸਿਆਵਾਂ ਤੋਂ ਛੁਟਕਾਰਾ ਮਿਲ ਜਾਵੇਗਾ।

ਕੀ ਸਾਡੀਆਂ ਸਰਕਾਰਾਂ ਇਤਿਹਾਸ ਨੂੰ ਆਪਣੇ ਹਿਸਾਬ ਨਾਲ ਤੋੜ-ਮਰੋੜ ਕੇ ਲਿਖਵਾ ਰਹੀਆਂ ਹਨ ? ਕੀ ਅਕਬਰ ਖਲਨਾਇਕ ਸੀ ? ਕੀ ਮਹਾਰਾਣਾ ਪ੍ਰਤਾਪ ਅਕਬਰ ਤੋਂ ਵੱਧ ਮਹਾਨ ਸੀ ? ਕੀ ਹਲਦੀ ਘਾਟੀ 'ਚ ਅਕਬਰ ਦੀ ਹਾਰ ਹੋਈ ਸੀ ? ਕੀ ਅਕਬਰ ਅਤੇ ਮਹਾਰਾਣਾ ਪ੍ਰਤਾਪ ਦਾ ਸੰਘਰਸ਼ ਹਿੰਦੂਆਂ ਅਤੇ ਮੁਸਲਮਾਨਾਂ ਦਾ ਸੰਘਰਸ਼ ਸੀ ?

ਇਨ੍ਹਾਂ ਸਾਰੇ ਸਵਾਲਾਂ 'ਤੇ 'ਬੀਬੀਸੀ ਪੱਤਰਕਾਰ ਰਜਨੀਸ਼ ਕੁਮਾਰ' ਨੇ ਦੇਸ਼ ਦੇ ਪ੍ਰਸਿੱਧ ਇਤਿਹਾਸਕਾਰ ਹਰਬੰਸ ਮੁਖੀਆ ਨਾਲ ਗਲੱਬਾਤ ਕੀਤੀ ਹੈ। ਹਰਬੰਸ ਮੁਖੀਆ ਮੱਧਯੁੱਗੀ ਇਤਿਹਾਸ ਦੇ ਜਾਣਕਾਰ ਹਨ। ਉਹ ਜੇਐਨਯੂ 'ਚ ਇਤਿਹਾਸ ਦੇ ਪ੍ਰੋਫ਼ੈਸਰ ਸਨ। ਪੜ੍ਹੋ ਉਨ੍ਹਾਂ ਦੇ ਸ਼ਬਦਾਂ 'ਚ ਸਾਰੇ ਸਵਾਲਾਂ ਦੇ ਜਵਾਬ –

ਜੋਰਜ ਆਰਵੇਲ ਨੇ ਆਪਣੇ ਨਾਵਲ 1984 'ਚ ਲਿਖਿਆ ਹੈ ਕਿ ਜਿਸ ਦਾ ਵਰਤਮਾਨ 'ਤੇ ਕੰਟੋਰਲ ਹੁੰਦਾ ਹੈ, ਉਸ ਦਾ ਪਿਛੋਕੜ 'ਤੇ ਵੀ ਕੰਟਰੋਲ ਹੁੰਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਪਿਛੋਕੜ ਨੂੰ ਤੁਸੀਂ ਜਿਵੇਂ ਮਰਜ਼ੀ ਤੋੜ-ਮਰੋੜ ਕੇ ਉਲਟਾ-ਸਿੱਧਾ ਕਰਕੇ ਬਣਾ ਸਕਦੇ ਹੋ, ਕਿਉਂਕਿ ਵਰਤਮਾਨ 'ਚ ਤੁਹਾਨੂੰ ਇਸ ਦੀ ਲੋੜ ਪੈਂਦੀ ਹੈ। ਉਹ ਤਾਂ ਇਕ ਨਾਵਲ ਦੀ ਗੱਲ ਹੈ, ਪਰ ਸਾਡੇ ਦੇਸ਼ 'ਚ ਇਹੀ ਸੱਚ ਹੁੰਦਾ ਵਿਖਾਈ ਦੇ ਰਿਹਾ ਹੈ।

ਅੱਜ ਦੀ ਤਰੀਖ 'ਚ ਇਸ ਦੀ ਲੋੜ ਇਹੀ ਹੈ ਕਿ ਉਹ ਆਪਣੀ ਮਨ-ਮਰਜ਼ੀ ਦਾ ਇਤਿਹਾਸ ਪੜ੍ਹਾਉਣ। ਮਤਲਬ ਰਾਜਸਥਾਨ 'ਚ ਉਨ੍ਹਾਂ ਨੂੰ ਅਜਿਹੀ ਲੋੜ ਸੀ, ਤਾਂ ਕਰ ਦਿੱਤਾ। ਆਉਣ ਵਾਲੇ ਦਿਨਾਂ 'ਚ ਦੇਸ਼ ਦੇ ਹੋਰ ਹਿੱਸਿਆਂ 'ਚ ਵੀ ਅਜਿਹਾ ਵੇਖਣ ਨੂੰ ਮਿਲ ਸਕਦਾ ਹੈ। ਇਤਿਹਾਸ ਨੂੰ ਇਥੇ ਹਥਿਆਰ ਵਾਂਗ ਵਰਤਿਆ ਜਾ ਰਿਹਾ ਹੈ।

ਇਤਿਹਾਸ ਦੇ ਤੱਥਾਂ ਤੋਂ ਉਨ੍ਹਾਂ ਨੂੰ ਕੋਈ ਮਤਲਬ ਨਹੀਂ ਹੈ। ਇਨ੍ਹਾਂ ਦੀ ਰਾਜਨੀਤਕ ਲੋੜਾਂ ਝੂਠ ਤੋਂ ਪੂਰੀਆਂ ਹੁੰਦੀਆਂ ਹਨ ਤਾਂ ਉਹ ਝੂਠ ਨੂੰ ਹੀ ਸੱਚ ਕਹਿਣਗੇ। ਇਤਿਹਾਸਕ ਤੱਥ ਤਾਂ ਇਹੀ ਹੈ ਕਿ ਹਲਦੀ ਘਾਟੀ 'ਚ ਮਹਾਰਾਣਾ ਪ੍ਰਤਾਪ ਹਾਰੇ ਸਨ। ਇਸ ਹਾਰ ਤੋਂ ਬਾਅਦ ਉਹ ਆਪਣੇ ਚੇਤਕ ਘੋੜੇ ਦੇ ਨਾਲ ਨਿਕਲ ਗਏ ਸਨ। ਹਲਦੀ ਘਾਟੀ ਤੋਂ ਬਾਅਦ ਉਨ੍ਹਾਂ ਨੇ ਬੜੀ ਮੁਸ਼ਕਲ ਨਾਲ ਜ਼ਿੰਦਗੀ ਬਤੀਤ ਕੀਤੀ। ਉਨ੍ਹਾਂ ਨੇ ਕਾਫੀ ਮੁਸ਼ਕਲਾਂ ਝੱਲੀਆਂ ਸਨ, ਪਰ ਇਹ ਸੱਚ ਹੈ ਕਿ ਉਹ ਅਕਬਰ ਤੋਂ ਹਲਦੀ ਘਾਟੀ ਦੀ ਲੜਾਈ ਹਾਰੇ ਸਨ।

ਮੈਂ ਹਲਦੀ ਘਾਟੀ ਜਾ ਚੁੱਕਾ ਹਾਂ। ਮੇਰਾ ਉਸ ਮੈਦਾਨ ਨੂੰ ਵੇਖਣ ਦਾ ਮਨ ਸੀ, ਜਿਸ 'ਚ ਇੰਨਾ ਪ੍ਰਸਿੱਧ ਯੁੱਧ ਹੋਇਆ ਸੀ। ਮੈਂ ਜਾਣਨਾ ਚਾਹੁੰਦਾ ਸੀ ਕਿ ਕਿੰਨਾ ਵੱਡਾ ਮੈਦਾਨ ਹੈ। ਉਹ ਛੋਟਾ ਜਿਹਾ ਮੈਦਾਨ ਹੈ। ਮੇਰਾ ਖਿਆਲ ਹੈ ਕਿ ਤਿੰਨ ਜਾਂ ਚਾਰ ਫੁਟਬਾਲ ਮੈਦਾਨ ਦੇ ਬਰਾਬਰ ਦਾ ਉਹ ਮੈਦਾਨ ਹੈ। ਜ਼ਾਹਰ ਹੈ ਕਿ ਉਸ 'ਚ ਹਜ਼ਾਰਾਂ ਅਤੇ ਲੱਖਾਂ ਦੀ ਗਿਣਤੀ 'ਚ ਫ਼ੌਜੀ ਨਹੀਂ ਆ ਸਕਦੇ।

ਮਤਲਬ ਉਥੇ ਬਹੁਤ ਵੱਡੀ ਲੜਾਈ ਨਹੀਂ ਹੋਈ ਸੀ। ਦੂਜੀ ਗੱਲ ਇਹ ਹੈ ਕਿ ਮਹਾਰਾਣਾ ਪ੍ਰਤਾਪ ਲਗਭਗ ਇਕੱਲੇ ਰਾਜਪੂਤ ਸ਼ਾਸਕ ਸਨ, ਜਿਨ੍ਹਾਂ ਨੇ ਅਕਬਰ ਦੇ ਸਾਹਮਣੇ ਹਥਿਆਰ ਨਹੀਂ ਸੁੱਟੇ। ਇਸ ਲੜਾਈ ਦਾ ਕੋਈ ਵਿਸ਼ੇਸ਼ ਇਤਿਹਾਸਕ ਮਹੱਤਵ ਨਹੀਂ ਸੀ। 16ਵੀਂ, 17ਵੀਂ ਅਤੇ 18ਵੀਂ ਸਦੀ 'ਚ ਇਸ ਗੱਲ ਦਾ ਮਹੱਤਵ ਨਾ ਇਸ ਵੱਲ ਸੀ, ਨਾ ਉਸ ਵੱਲ ਸੀ।

ਹਾਲਾਂਕਿ ਪ੍ਰਸਿੱਧ ਕਲਪਨਾਵਾਂ 'ਚ ਮਹਾਰਾਣਾ ਪ੍ਰਤਾਪ ਨੂੰ ਇਕ ਹੀਰੋ ਵਾਂਗ ਵੇਖਿਆ ਗਿਆ ਅਤੇ ਵੇਖਿਆ ਵੀ ਜਾਣਾ ਚਾਹੀਦਾ ਸੀ, ਕਿਉਂਕਿ ਉਹ ਇਕੱਲੇ ਰਾਜਪੂਤ ਸਨ, ਜਿਨ੍ਹਾਂ ਨੇ ਹਾਰ ਨਹੀਂ ਮੰਨੀ ਅਤੇ ਆਖਰੀ ਸਾਹ ਤਕ ਲੜਦੇ ਰਹੇ। ਇਕ ਹੀਰੋ ਵਾਂਗ ਉਨ੍ਹਾਂ ਨੂੰ ਯਾਦ ਕੀਤਾ ਗਿਆ। ਅਸੀਂ ਸਾਰੇ ਜਾਣਦੇ ਹਾਂ ਕਿ ਹੀਰੋ ਨੂੰ ਲੈ ਕੇ ਸਾਰਿਆਂ ਦੀਆਂ ਆਪਣੀਆਂ-ਆਪਣੀਆਂ ਯਾਦਾਂ ਹੁੰਦੀਆਂ ਹਨ।

ਪ੍ਰੇਸ਼ਾਨੀ ਇਥੇ ਇਹ ਹੈ ਕਿ ਮਹਾਰਾਣਾ ਪ੍ਰਤਾਪ ਨੂੰ ਜੋ ਕਪੜੇ ਪਹਿਣਾਏ ਜਾ ਰਹੇ ਹਨ ਕਿ ਉਨ੍ਹਾਂ ਨੇ ਭਾਰਤ ਦੀ ਸੁਰੱਖਿਆ 'ਚ ਵਿਦੇਸ਼ੀਆਂ ਨਾਲ ਟੱਕਰ ਲਈ ਅਤੇ ਉਹ ਇਕ ਕੌਮੀ ਹੀਰੋ ਸਨ, ਜਿਸ ਨੇ ਦੇਸ਼ ਲਈ ਲੜਾਈਆਂ ਲੜੀਆਂ, ਇਹ ਸੱਚ ਨਹੀਂ ਹੈ। ਦੇਸ਼ ਦੀ ਕਲਪਨਾ ਨਾ ਸਿਰਫ ਭਾਰਤ 'ਚ ਸਗੋਂ ਦੁਨੀਆ ਭਰ 'ਚ 18ਵੀਂ ਤੇ 19ਵੀਂ ਸਦੀ 'ਚ ਆਈ ਹੈ।

ਅੰਗਰੇਜ਼ੀ 'ਚ ਦੇਸ਼ ਨੂੰ ਕੰਟਰੀ ਕਿਹਾ ਜਾਂਦਾ ਹੈ। ਪਰ ਕੰਟਰੀ ਕੀ ਦੇਸ਼ ਨੂੰ ਕਿਹਾ ਜਾਂਦਾ ਹੈ ? ਕੰਟਰੀ ਤਾਂ ਪਿੰਡ ਨੂੰ ਕਿਹਾ ਜਾਂਦਾ ਹੈ। ਜੋ ਲੰਡਨ 'ਚ ਵੱਡੇ-ਵੱਡੇ ਲੋਕ ਰਹਿੰਦੇ ਹਨ, ਉਨ੍ਹਾਂ ਲਈ ਕੰਟਰੀ ਹਾਊਸ ਹੁੰਦਾ ਹੈ। ਕੰਟਰੀ ਦਾ ਮਤਲਬ ਦੇਸ਼ ਨਹੀਂ ਹੈ। ਇਹ ਸਿਰਫ਼ ਅੰਗਰੇਜ਼ੀ 'ਚ ਹੀ ਨਹੀਂ ਸਗੋਂ ਫਰੈਂਚ 'ਚ ਵੀ ਅਜਿਹਾ ਹੀ ਹੈ। ਫਰੈਂਚ 'ਚ ਪੇਈ ਕੰਟਰੀ ਨੂੰ ਕਹਿੰਦੇ ਹਨ ਅਤੇ ਪੇਂਜਾ ਕਿਸਾਨ ਨੂੰ ਕਹਿੰਦੇ ਹਨ।

ਦੇਸ਼ ਦਾ ਮਤਲਬ ਸਾਡੇ ਇਥੇ ਵੀ ਪਿੰਡ ਹਨ, ਇਸ ਲਈ ਅਸੀਂ ਕਹਿੰਦੇ ਹਾਂ ਕਿ ਪਰਦੇਸ਼ ਜਾ ਰਹੇ ਹਾਂ। ਤੁਸੀਂ ਪਟਨਾ ਤੋਂ ਕਲਕੱਤਾ ਚਲੇ ਗਏ ਤਾਂ ਪਰਦੇਸ਼ ਚਲੇ ਗਏ। ਪਰਦੇਸ਼ ਨੂੰ ਲੈ ਕੇ ਕਿੰਨੀਆਂ ਕਵਿਤਾਵਾਂ ਅਤੇ ਲੋਕ ਕਹਾਣੀਆਂ ਮੌਜੂਦ ਹਨ। ਦੇਸ਼ ਦਾ ਮਤਲਬ ਹੁੰਦਾ ਹੈ ਕਿ ਜਿੱਥੇ ਤੁਸੀਂ ਪੈਦਾ ਹੋਏ ਹੋਏ। ਦੇਸ਼ ਅਤੇ ਉਸ ਦਾ ਆਲਾ-ਦੁਆਲਾ ਜੋ ਵਿਦੇਸ਼ ਦੀ ਧਾਰਨਾ ਹੈ, ਇਹ 18ਵੀਂ ਅਤੇ 19ਵੀਂ ਸਦੀ ਦੀ ਹੈ। 16ਵੀਂ ਸਦੀ 'ਚ ਦੇਸ਼, ਵਿਦੇਸ਼ ਅਤੇ ਵਿਦੇਸ਼ੀ ਜਿਹੀ ਧਾਰਨਾ ਕਿਤੇ ਨਹੀਂ ਸੀ ਅਤੇ ਰਾਸ਼ਟਰ ਦਾ ਤਾਂ ਬਿਲਕੁਲ ਸਵਾਲ ਨਹੀਂ ਸੀ। ਇਹ ਸਾਰੀਆਂ ਧਾਰਨਾਵਾਂ ਬਾਅਦ ਦੀਆਂ ਹਨ ਅਤੇ ਇਨ੍ਹਾਂ ਦਾ ਆਪਣਾ ਮਹੱਤਵ ਹੈ। ਸਮੱਸਿਆ ਉਦੋਂ ਹੁੰਦੀ ਹੈ, ਜਦੋਂ ਤੁਸੀਂ 19ਵੀਂ ਸਦੀ ਦੀ ਧਾਰਨਾ ਨੂੰ 16ਵੀਂ ਸਦੀ 'ਚ ਲਿਆਉਣ ਦੀ ਕੋਸ਼ਿਸ਼ ਕਰਦੇ ਹੋ। ਜਿਵੇਂ ਅਸੀਂ ਮੰਨ ਲਈਏ ਕਿ ਹਲਦੀ ਘਾਟੀ ਦੀ ਲੜਾਈ 'ਚ ਅਕਬਰ ਦੀਆਂ ਫ਼ੌਜਾਂ ਫਾਈਟਰ ਪਲੇਨ 'ਚ ਬੈਠ ਕੇ ਗਈਆਂ ਸਨ। ਕੋਈ ਅਜਿਹਾ ਕਰਨ ਦੀ ਜ਼ਿੱਦ ਕਰੇ ਤਾਂ ਅਸੀਂ ਇਸ ਨੂੰ ਮੂਰਖਤਾ ਹੀ ਕਹਾਂਗੇ।

ਪਰ ਸਾਨੂੰ ਇਸ ਮੂਰਖਤਾ ਦਾ ਲਾਭ ਹੋ ਰਿਹਾ ਹੈ ਅਤੇ ਮੂਰਖਤਾ ਉਨ੍ਹਾਂ ਦੀ ਲੋੜ ਹੈ। ਭਾਜਪਾ ਦੀ ਵੋਟ ਬੈਂਕ ਦੀ ਰਾਜਨੀਤੀ ਦਾ ਰਾਜਸਥਾਨ ਚੰਗਾ ਉਦਾਹਰਣ ਹੈ। ਇਤਿਹਾਸ ਨੂੰ ਤੋੜ-ਮਰੋੜ ਕੇ ਲਿਖਵਾਉਣਾ ਸਿਰਫ ਰਾਈਟ ਵਿੰਗ ਨੂੰ ਹੀ ਰਾਸ ਨਹੀਂ ਆਉਂਦਾ ਹੈ, ਸਗੋਂ ਸੋਵੀਅਤ ਰੂਸ 'ਚ ਅਜਿਹਾ ਕੰਮ ਕਮਿਊਨਿਸਟਾਂ ਨੇ ਵੀ ਕੀਤਾ ਸੀ।

ਸੋਵੀਅਤ ਰੂਸ 'ਚ ਜਿਹੜਾ ਇਤਿਹਾਸ ਲਿਖਿਆ ਗਿਆ ਸੀ ਉਹ ਏਨਾ ਗਲਤ ਸੀ ਕਿ ਇਨ੍ਹਾਂ ਨੇ ਜ਼ਬਰਦਸਤੀ ਇਕ ਕਿਸਮ ਦੀ ਰਾਸ਼ਟਰਵਾਦੀ ਧਾਰਨਾ ਬਣਾ ਦਿੱਤੀ ਸੀ। ਅਜਿਹੀ ਛੇੜਛਾੜ ਕਿਸੇ ਵੀ ਤਰ੍ਹਾਂ ਸੰਭਵ ਹੈ। ਸਾਡੇ ਦੇਸ਼ 'ਚ ਰਾਈਟ ਵਿੰਗ ਇਹ ਕੰਮ ਇਸ ਲਈ ਕਰ ਰਿਹਾ ਹੈ, ਕਿਉਂਕਿ ਇਸ ਦੀ ਬੁਨਿਆਦ ਆਜ਼ਾਦੀ ਦੀ ਲੜਾਈ ਦੌਰਾਨ ਹੀ ਬਣ ਗਈ ਸੀ।

ਕਾਂਗਰਸ 'ਚ ਹਿੰਦੂ ਅਤੇ ਮੁਸਲਮਾਨਾਂ ਦੇ ਵੱਖ-ਵੱਖ ਧੜੇ ਬਣ ਗਏ ਸਨ। ਇਕ ਧੜੇ ਦੇ ਮੁਕਾਬਲੇ ਦੂਜੇ ਧੜੇ ਦੇ ਰੂਪ 'ਚ ਫਿਰਕਾਪ੍ਰਸਤੀ ਅਤੇ ਰਾਸ਼ਟਰਵਾਦ ਨੂੰ ਜਿਹੜਾ ਰੂਪ ਦਿੱਤਾ ਗਿਆ, ਉਹ ਸਾਡੇ ਰਾਸ਼ਟਰੀ ਅੰਦੋਲਨ ਦਾ ਇਕ ਰੂਪ ਸੀ। ਇਸ ਦਾ ਪਰਛਾਵਾਂ ਇਤਿਹਾਸ 'ਤੇ ਵੀ ਪਿਆ। ਅਜਿਹੇ 'ਚ ਜਿਹੜਾ ਇਤਿਹਾਸ ਪੜ੍ਹਿਆ ਗਿਆ ਸੀ, ਉਹ ਹਿੰਦੂ ਬਨਾਮ ਮੁਸਲਿਮ ਹੁੰਦਾ ਸੀ। ਇਸ ਨੂੰ ਧਾਰਮਿਕ ਇਕਾਈਆਂ 'ਚ ਹੀ ਵੇਖਿਆ ਜਾਂਦਾ ਸੀ। 1950 ਤੋਂ 1970 ਵਿਚਕਾਰ ਇਤਿਹਾਸ ਲਿਖਣ ਦਾ ਰੂਪ ਬਦਲਿਆ ਗਿਆ। ਇਹ ਹਿੰਦੂ ਬਨਾਮ ਮੁਸਲਿਮ ਨੂੰ ਛੱਡ ਕੇ ਨਵੇਂ ਵਰਗ ਸੰਘਰਸ਼ ਵਜੋਂ ਆਇਆ, ਜਿਸ ਨੂੰ ਮਾਰਕਸਵਾਦੀ ਇਤਿਹਾਸਕਾਰਾਂ ਨੇ ਅੱਗੇ ਵਧਾਇਆ।

ਇਹ ਇਤਿਹਾਸਕਾਰ ਗਿਣਤੀ 'ਚ ਬਹੁਤ ਵੱਧ ਨਹੀਂ ਸਨ। ਸਭ ਤੋਂ ਪਹਿਲਾਂ ਡੀ.ਡੀ. ਕੌਸ਼ਬੀ, ਇਰਫਾਨ ਹਬੀਬ, ਆਰ. ਐਸ. ਸ਼ਰਮਾ ਅਤੇ ਏ.ਆਰ. ਦੇਸਾਈ ਜਿਹੇ ਇਤਿਹਾਸਕਾਰਾਂ ਨੇ ਲੇਖਣੀ ਨੂੰ ਨਵੀਂ ਕਰਵਟ ਦਿੱਤੀ। ਉਨ੍ਹਾਂ ਨੇ ਇਤਿਹਾਸ ਲੇਖਣ ਦਾ ਰੁਖ ਬਦਲ ਦਿੱਤਾ। ਇਥੇ ਧਾਰਮਿਕ ਇਕਾਈਆਂ ਸਨ, ਉਥੇ ਇਨ੍ਹਾਂ ਵਰਗ ਸੰਘਰਸ਼ਾਂ ਨੂੰ ਸਥਾਪਤ ਕੀਤਾ। ਇਸ ਨਾਲ ਇਤਿਹਾਸ ਲੇਖਣ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਬਦਲ ਗਈ। 1980 ਦੇ ਮੱਧ 'ਚ ਇਹ ਇਕਾਈਆਂ ਵੀ ਕਮਜ਼ੋਰ ਪੈਣ ਲੱਗੀਆਂ। ਇਕ ਤਾਂ ਮਾਰਕਸਵਾਦ ਦੀਆਂ ਆਪਣੀਆਂ ਕਮਜ਼ੋਰੀਆਂ ਸਨ। ਨਵੇਂ ਨਵੇਂ ਵਿਸ਼ੇ ਉਭਰ ਕੇ ਸਾਹਮਣੇ ਆਏ, ਜਿਨ੍ਹਾਂ ਦੀ ਵਿਆਖਿਆ ਮਾਰਕਸਵਾਦ ਕੋਲ ਨਹੀਂ ਸੀ। ਜਿਵੇਂ ਭਾਵਨਾਵਾਂ ਦਾ ਇਤਿਹਾਸ, ਵਿਅਕਤੀਆਂ ਦੇ ਸਬੰਧਾਂ ਦਾ ਇਤਿਹਾਸ, ਹੈਬੀਟਾਟ ਦਾ ਇਤਿਹਾਸ, ਵਾਤਾਵਰਣ ਦਾ ਇਤਿਹਾਸ ਤੇ ਜੈਂਡਰ ਦਾ ਇਤਿਹਾਸ। ਅਜਿਹੇ ਕਈ ਵਿਸ਼ੇ ਆਉਣ ਲੱਗੇ ਸਨ। ਅਜਿਹੇ ਵਿਚ ਇਤਿਹਾਸ ਲੇਖਣ ਫੇਰ ਤੋਂ ਘਿਰਿਆ। 1985 ਆਉਂਦੇ ਆਉਂਦੇ ਸਥਿਤੀ ਬਿਲਕੁਲ ਬਦਲ ਚੁੱਕੀ ਸੀ। ਇਹ ਲੇਖਣ ਹਿੰਦੂ-ਮੁਸਲਿਮ ਇਕਾਈਆਂ ਤੋਂ ਬਹੁਤ ਦੂਰ ਜਾ ਚੁੱਕਾ ਸੀ।

ਬਦਕਿਸਮਤੀ ਹੈ ਕਿ ਰਾਈਟ ਵਿੰਗ ਇਤਿਹਾਸਕਾਰ ਕੋਈ ਹੈ ਨਹੀਂ। ਪਹਿਲਾਂ ਸਨ ਤੇ ਬਹੁਤ ਚੰਗੇ ਇਤਿਹਾਸਕਾਰ ਸਨ। ਇਨ੍ਹਾਂ ਵਿਚ ਆਰ.ਸੀ. ਮਜੂਮਦਾਰ ਸਭ ਤੋਂ ਵੱਡਾ ਨਾਂ ਹੈ। ਰਾਧਾਕ੍ਰਿਸ਼ਣ ਮੁਖਰਜੀ ਲਖਨਊ ਵਿਚ ਸਨ। ਇਨ੍ਹਾਂ ਲੋਕਾਂ ਨੇ ਇਤਿਹਾਸ ਨੂੰ ਬਿਲਕੁਲ ਹਿੰਦੂ ਦ੍ਰਿਸ਼ ਵਿਚ ਦੇਖਿਆ। ਫਿਰ ਵੀ ਇਹ ਬਹੁਤ ਯੋਗ ਇਤਿਹਾਸਕਾਰ ਸਨ। ਉਨ੍ਹਾਂ ਨਾਲ ਬਹਿਸ ਕਰਨ ਵਿਚ ਮਜ਼ਾ ਆਉਂਦਾ ਸੀ। ਮੈਂ ਤਾਂ ਉਸ ਵਕਤ ਛੋਟਾ ਸੀ ਇਸ ਲਈ ਬਹਿਸ ਨਹੀਂ ਕਰ ਪਾਉਂਦਾ ਸੀ ਪਰ ਆਰ.ਐਸ. ਸ਼ਰਮਾ ਤੇ ਇਰਫ਼ਾਨ ਹਬੀਬ ਬਹੁਤ ਤਿੱਖੀ ਬਹਿਸ ਕਰਦੇ ਸਨ। ਅੱਜ ਤਾਂ ਕੋਈ ਹੈ ਹੀ ਨਹੀਂ, ਜਿਸ ਨਾਲ ਬਹਿਸ ਕੀਤੀ ਜਾ ਸਕੇ।

ਹੁਣ ਇਤਿਹਾਸ ਦੇ ਮੁੱਦੇ ਬਦਲ ਚੁੱਕੇ ਹਨ। ਹੁਣ ਫੇਰ ਤੋਂ ਲੋਕ ਹਿੰਦੂ ਬਨਾਮ ਮੁਸਲਿਮ ਇਤਿਹਾਸ ਲਿਖਣਾ ਚਾਹੁੰਦੇ ਹਨ, ਜਿਸ ਦੀ ਕੋਈ ਪ੍ਰਸੰਗਕਿਤਾ ਨਹੀਂ ਹੈ। ਪਰ ਇਹ ਫਿਰ ਤੋਂ ਉਥੇ ਵਾਪਸ ਜਾਣਾ ਚਾਹੁੰਦੇ ਹਨ। ਦਰਅਸਲ, ਜੇਮਸ ਮਿਲ ਨੇ ਭਾਰਤੀ ਇਤਿਹਾਸ ਨੂੰ ਤਿੰਨ ਸਾਂਚਿਆਂ ਵਿਚ ਵੰਡਿਆ ਸੀ। ਮਿਲ ਸਾਹਿਬ ਨੇ ਹੀ ਸਾਨੂੰ ਸਿਖਾਇਆ ਕਿ ਭਾਰਤੀ ਇਤਿਹਾਸ ਦਾ ਇਕ ਹਿੰਦੂ ਕਾਲ ਹੈ, ਮੁਸਲਿਮ ਕਾਲ ਹੈ ਤੇ ਬ੍ਰਿਟਿਸ਼ ਕਾਲ ਹੈ। ਪਰ ਜੇਮਸ ਮਿਲ ਦੇ ਚਸ਼ਮੇ ਵਾਲੇ ਇਤਿਹਾਸ ਨੂੰ ਭਾਰਤੀ ਇਤਿਹਾਸਕਾਰਾਂ ਨੇ ਬਹੁਤ ਪਿਛੇ ਛੱਡ ਦਿੱਤਾ ਹੈ। ਉਨ੍ਹਾਂ ਨੂੰ ਇਤਿਹਾਸ ਪਸੰਦ ਨਹੀਂ ਹੈ ਕਿਉਂਕਿ ਉਹ ਹਿੰਦੂ ਬਨਾਮ ਮੁਸਲਿਮ ਦਾ ਤਾਲਮੇਲ ਬਿਠਾ ਨਹੀਂ ਪਾਉਂਦੇ ਹਨ। ਮਹਾਰਾਣਾ ਪ੍ਰਤਾਪ ਦਾ ਹੀ ਉਦਾਹਰਣ ਲਓ। ਜ਼ਾਹਰ ਹੈ, ਉਹ ਆਪਣੀ ਫ਼ੌਜ ਦੇ ਨੇਤਾ ਸਨ ਪਰ ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਸਭ ਤੋਂ ਵੱਡੇ ਯੋਧੇ ਹਾਕਿਮ ਖਾਨ ਸਨ, ਜੋ ਕਿ ਮੁਸਲਮਾਨ ਸਨ।

ਅਕਬਰ ਵਲੋਂ ਰਾਜਾ ਮਾਨ ਸਿੰਘ ਸਨ ਜੋ ਕਿ ਹਿੰਦੂ ਸਨ। ਅਜਿਹੇ ਵਿਚ ਅਸੀਂ ਉਸ ਨੂੰ ਹਿੰਦੂ ਬਨਾਮ ਮੁਸਲਮਾਨ ਕਿਵੇਂ ਕਰ ਸਕਦੇ ਹਾਂ ? ਉਸ ਜ਼ਮਾਨੇ ਵਿਚ ਹਿੰਦੂ ਬਨਾਮ ਮੁਸਲਮਾਨ ਵਰਗੀ ਕੋਈ ਗੱਲ ਹੀ ਨਹੀਂ ਸੀ। ਤੁਸੀਂ ਦੇਖ ਰਹੇ ਹੋ ਕਿ ਮਹਾਰਾਣਾ ਪ੍ਰਤਾਪ ਦਾ ਸਭ ਤੋਂ ਵੱਡਾ ਸਾਥੀ ਮੁਸਲਮਾਨ ਹੈ ਤੇ ਦੂਸਰੇ ਪਾਸੇ ਹਿੰਦੂ ਰਾਜਾ ਮਾਨ ਸਿੰਘ ਉਨ੍ਹਾਂ ਨਾਲ ਲੜਾਈ ਲੜ ਰਹੇ ਹਨ ਤਾਂ ਤੁਸੀਂ ਇਸ ਨੂੰ ਹਿੰਦੂ ਬਨਾਮ ਮੁਸਲਿਮ ਕਿਵੇਂ ਸਿੱਧ ਕਰ ਦਓਗੇ ? ਉਸ ਜ਼ਮਾਨੇ ਵਿਚ ਅਜਿਹਾ ਨਹੀਂ ਕੀਤਾ ਗਿਆ ਸੀ।

ਮਹਾਰਾਣਾ ਪ੍ਰਤਾਪ ਉਸ ਵਕਤ ਹੀਰੋ ਵਾਂਗ ਸਨ ਤੇ ਉਹ ਪ੍ਰਸਿੱਧ ਵੀ ਹੋਏ। ਲੋਕ ਗੀਤਾਂ ਅਤੇ ਲੋਕ ਗਾਥਾਵਾਂ ਵਿਚ ਮਹਾਰਾਣਾ ਪ੍ਰਤਾਪ ਦੀ ਲੋਕਪ੍ਰਿਯਤਾ ਕਾਫ਼ੀ ਹੈ। ਪਰ ਇਕ ਹਿੰਦੂ ਰਾਸ਼ਟਰਵਾਦੀ ਨੇ ਆਪਣੇ ਰਾਸ਼ਟਰ ਦੀ ਰੱਖਿਆ ਕਰਨ ਲਈ ਇਕ ਵਿਦੇਸ਼ੀ ਨਾਲ ਲੜਾਈ ਕੀਤੀ, ਇਹ ਧਾਰਨਾ ਤਾਂ ਸੀ ਹੀ ਨਹੀਂ ਅਤੇ ਇਸ ਦੀ ਕੋਈ ਪ੍ਰਸੰਗਕਿਤਾ ਵੀ ਨਹੀਂ ਹੈ। ਅਜਿਹੇ ਵਿਚ ਉਨ੍ਹਾਂ ਦੀ ਸਮੱਸਿਆ ਇਹ ਹੈ ਕਿ ਜੇਕਰ ਤੱਥ ਉਨ੍ਹਾਂ ਨਾਲ ਨਹੀਂ ਜਾਂਦੇ ਤਾਂ ਤੱਥਾਂ ਨੂੰ ਮਰੋੜ ਦੇਵੋ ਤੇ ਕਹਿ ਦੇਵੋ ਕਿ ਹਲਦੀ ਘਾਟੀ ਵਿਚ ਮਹਾਰਾਣਾ ਪ੍ਰਤਾਪ ਜਿੱਤੇ ਸਨ। ਬੱਚਿਆਂ ਦਾ ਕੀ, ਉਹ ਤਾਂ ਮੰਨ ਹੀ ਲੈਣਗੇ।

ਕਈ ਵਾਰ ਲੋਕਾਂ ਵਿਚ ਸੱਚ ਨੂੰ ਲੁਕਾਉਣ ਅਤੇ ਫ਼ਰਜੀ ਗੌਰਵ ਨੂੰ ਸਥਾਪਤ ਕਰਨ ਲਈ ਸੱਚ ਨੂੰ ਦਬਾਇਆ ਜਾਂਦਾ ਹੈ। ਅਜਿਹਾ ਕਰਨਾ ਦੋਹਾਂ ਨੂੰ ਚੰਗਾ ਲਗਦਾ ਹੈ। ਲੋਕ ਵੀ ਜਿਸ ਜਾਤੀ ਅਤੇ ਮਜ਼੍ਹਬ ਨਾਲ ਸਬੰਧ ਰੱਖਦੇ ਹਨ, ਉਨ੍ਹਾਂ ਦੀ ਬਹਾਦੁਰੀ ਦੀਆਂ ਕਹਾਣੀਆਂ ਜ਼ਿਆਦਾ ਚੰਗੀਆਂ ਲੱਗਦੀਆਂ ਹਨ। ਉਸ ਸਮੇਂ ਇਸ ਨੂੰ ਇਕ ਹਿੰਦੂ ਅਤੇ ਮਸਲਮਾਨ ਦੀ ਲੜਾਈ ਵਜੋਂ ਨਹੀਂ ਵੇਖਿਆ ਗਿਆ। ਉਹ ਲੜਾਈ ਇਕ ਬਾਦਸ਼ਾਹ ਅਤੇ ਇਕ ਵੀਰ ਦੀ ਤਕਰਾਰ ਵਜੋਂ ਵੇਖੀ ਜਾਂਦੀ ਸੀ।

ਜਿਸ 'ਚ ਬੇਖੌਫ ਯੌਧਾ ਦੀ ਬਹਾਦੁਰੀ ਅਤੇ ਬਾਦਾਸ਼ਾਹ ਦਾ ਆਪਣਾ ਇਤਿਹਾਸ ਹੈ। ਮੱਧਕਾਲੀਨ ਭਾਰਤ ਦਾ ਇਕ ਦਿਲਚਸਪ ਤੱਥ ਇਹ ਹੈ ਕਿ ਮੁਗਲ ਬਾਦਸ਼ਾਹਾਂ 'ਚ ਜਾਂ ਉਨ੍ਹਾਂ ਤੋਂ ਪਹਿਲਾਂ ਰਾਜਪੂਤਾਂ ਦੀਆਂ 300 ਸਾਲ ਤਕ

ਬਾਕੀ ਸਫ਼ਾ 33 'ਤੇ

# ਮੋਰਚਾ ਗੁਰੂ ਕਾ ਬਾ.ਗ

**ਪ੍ਰਮਿੰਦਰ ਸਿੰਘ ਪ੍ਰਵਾਨਾ**
(ਫੋਨ ਨੰਬਰ 510-781-0487)



ਸਿੱਖ ਕੌਮ ਅਤੇ ਧਰਮ ਦੇ ਇਤਿਹਸਕ ਸਫ਼ਰ ਵਿਚ ਸਮੇਂ ਦੇ ਅਤਿਆਚਾਰਾਂ ਦੇ ਵਿਰੁੱਧ ਅਤੇ ਸੱਚ ਲਈ ਸ਼ਹੀਦੀਆਂ ਦਿੱਤੇ ਜਾਣ ਦੇ ਅਣਗਿਣਤ ਕਿੱਸੇ ਹਨ। ਵੀਹਵੀਂ ਸਦੀ ਵਿਚ ਪਾਵਨ ਇਤਿਹਾਸਕ ਗੁਰਧਾਮਾਂ ਨੂੰ ਆਚਰਣਹੀਣ ਮਹੰਤਾਂ ਦੇ ਕਬਜ਼ੇ ਵਿਚੋਂ ਆਜ਼ਾਦ ਕਰਵਾਉਣ ਲਈ ਚਲੀ ਗੁਰਦੁਆਰਾ ਸੁਧਾਰ ਲਹਿਰ ਹੇਠ ਇਕ ਤੋਂ ਬਾਅਦ ਇਕ ਮੋਰਚਾ ਅੰਗਰੇਜ਼ੀ ਹਕੂਮਤ ਵਿਰੁੱਧ ਲਾਉਣਾ ਪਿਆ। ਇਸ ਜਨਤਕ ਸੰਘਰਸ਼ ਵਿਚ ਸਿੱਖਾਂ ਨੇ ਵੱਧ ਚੜ੍ਹ ਕੇ ਹਿੱਸਾ ਲਿਆ। ਫਿਰ ਭਾਵੇਂ ਚਾਬੀਆਂ ਦਾ ਮੋਰਚਾ, ਨਨਕਾਣਾ ਸਾਹਿਬ ਦਾ ਮੋਰਚਾ, ਤਰਨਤਾਰਨ ਦਾ ਮੋਰਚਾ, ਜੈਤੋ ਦਾ ਮੋਰਚਾ ਅਤੇ ਗੁਰੂ ਕਾ ਬਾ.ਗ ਦਾ ਮੋਰਚਾ ਹੋਵੇ, ਇਹ ਸਾਰੇ ਮੋਰਚੇ ਸੁਤੰਤਰਤਾ ਸੰਗਰਾਮ ਦੀ ਹੀ ਕੜੀ ਸਨ। ਵੱਖ ਵੱਖ ਮੋਰਚਿਆਂ ਵਿਚੋਂ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਘੁਕੇਵਾਲੀ ਤੇ ਸਹਿੰਸਰਾ ਦੇ ਵਿਚਕਾਰ ਸਥਿਤ ਗੁਰਦੁਆਰਾ ਗੁਰੂ ਕਾ ਬਾ.ਗ ਦਾ ਮੋਰਚਾ ਅਕਾਲੀ ਲਹਿਰ ਦਾ ਮਹਤਵਪੂਰਨ ਮੋਰਚਾ ਸੀ। ਉਥੇ ਕਾਬਜ਼ ਮਹੰਤ ਸੁੰਦਰ ਦਾਸ ਭ੍ਰਿਸ਼ਟਬੁੱਧੀ ਦਾ ਮਾਲਕ ਸੀ। ਉਸ ਨੂੰ ਸਿੱਖਾਂ ਵਿਰੁੱਧ ਸਰਕਾਰੀ ਸਹਿ ਮਿਲੀ ਹੋਈ ਸੀ। 20 ਫਰਵਰੀ 1921 ਨੂੰ ਵਾਪਰੇ ਸ੍ਰੀ ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਤੋਂ ਬਾਅਦ 8 ਅਗਸਤ 1922 ਨੂੰ ਸਾਕਾ ਗੁਰੂ ਕਾ ਬਾ.ਗ ਵਾਪਰਿਆ ਜਿਸ ਵਿਚ ਸਿੱਖ ਕੌਮ ਵੱਲੋਂ ਵਿਦੇਸ਼ੀ ਸਰਕਾਰ ਦੇ ਵਿਰੁੱਧ ਭਾਵਨਾ ਅਤੇ ਆਪਣੇ ਧਰਮ ਪ੍ਰਤੀ ਵਿਖਾਈ ਕੁਰਬਾਨੀ ਭਾਵਨਾ ਦੀ ਮੂੰਹ ਬੋਲਦੀ ਤਸਵੀਰ ਹੈ। ਲੰਗਰ ਦੀ ਸੇਵਾ ਲਈ ਲਕੜੀ ਬਾਲਣ ਇਕੱਠਾ ਕਰਨ ਗਏ ਸਿੰਘਾਂ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਨੂੰ ਛੇ ਛੇ ਮਹੀਨੇ ਦੀ ਕੈਦ ਸੁਣਾਈ ਗਈ।

ਇਸ ਘਟਨਾ ਤੇ ਮੋਰਚਾ ਲੱਗ ਗਿਆ। ਸ੍ਰ਼ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਰੋਸ ਵਜੋਂ ਗ੍ਰਿਫ਼ਤਾਰੀ ਲਈ 5-5 ਸਿੰਘਾਂ ਦਾ ਜਥਾ ਭੇਜਿਆ ਜਾਣ ਲੱਗ ਜਿਸ ਨੂੰ ਪੁਲਿਸ ਫੜ ਕੇ ਦੂਰ ਦਰਾਡੇ ਛੱਡ ਆਉਂਦੀ। ਜਦੋਂ ਮੋਰਚੇ ਵਿਚ ਸਿੰਘਾਂ ਦੀ ਗਿਣਤੀ ਵਧਦੀ ਗਈ ਤਾਂ ਪੁਲਿਸ ਨੇ ਸਖ਼ਤੀ ਸ਼ੁਰੂ ਕਰ ਦਿੱਤੀ। 26 ਅਗਸਤ ਨੂੰ ਲਕੜਾਂ ਲੈਣ ਗਏ ਸਿੰਘਾਂ ਦੀ ਸਖ਼ਤ ਮਾਰ ਕੁਟਾਈ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਵਿਚ ਬੈਠੇ ਸਿੰਘਾਂ ਨੂੰ ਕੇਸਾਂ ਤੋਂ ਫੜ ਕੇ ਧੂਹਿਆ ਗਿਆ। ਬੰਦੂਕਾਂ ਦੇ ਦਸਤਿਆਂ ਤੇ ਡਾਗਾਂ ਨਾਲ ਭਾਰੀ ਕੁੱਟ ਮਾਰ ਕੀਤੀ। ਮੁੱਖ ਆਗੂਆਂ ਦੀ ਗ੍ਰਿਫ਼ਤਾਰੀ ਦੇ ਵੀ ਸੰਮਨ ਜਾਰੀ ਹੋ ਗਏ। ਹੁਣ ਸਿੰਘ ਹੁੰਮ-ਹੁੰਮਾ ਕੇ ਗ੍ਰਿਫ਼ਤਾਰੀਆਂ ਦੇਣ ਲੱਗੇ। ਰੋਜ਼ਾਨਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਰਦਾਸਾਂ ਸੋਧ ਕੇ ਸਿੰਘ ਸ਼ਾਂਤਮਈ ਢੰਗ ਨਾਲ ਗੁਰੂ ਕਾ ਬਾਗ ਲਈ ਗ੍ਰਿਫ਼ਤਾਰੀਆਂ ਦੇਣ ਲੱਗੇ। ਪੁਲਿਸ ਉਨ੍ਹਾਂ ਤੇ ਲਾਠੀਆਂ ਵਰਸਾਉਂਦੀ, ਸਿੰਘ ਨਾਮ ਜਪਦੇ ਇਹ ਸਾਰਾ ਤਸ਼ਦਦ ਤਨ ਤੇ ਹੰਡਾਉਂਦੇ। ਫੱਟੜ ਹੋ ਕੇ ਡਿੱਗ ਜਾਂਦੇ ਹੌਸਲਾ ਕਰਕੇ ਉਠਦੇ ਅਤੇ ਮਾਰ ਖਾਣ ਲਈ ਛਾਤੀਆਂ ਤਾਣ ਦਿੰਦੇ। ਪੁਲਿਸ ਨੇ ਡਾਗਾਂ ਨਾਲ ਹੀ ਬੱਸ ਨਹੀਂ ਕੀਤੀ, ਬਲਕਿ ਫਟੜ ਹੋ ਕੇ ਡਿੱਗੇ ਸਿੰਘਾਂ ਉਤੇ ਘੋੜੇ ਵੀ ਦੁੜਾਏ ਜਾਣ ਲੱਗੇ। ਸੰਸਾਰ ਭਰ ਵਿਚ ਸਿੰਘਾਂ ਦੇ ਸਬਰ ਅਤੇ ਸ਼ਾਂਤਮਈ ਰਹਿਣ ਦੇ ਚਰਚੇ ਹੋਣ ਲੱਗੇ। ਅੰਗਰੇਜ਼ ਹਕੂਮਤ ਦੇ ਵਹਿਸ਼ੀ ਤਸ਼ੱਦਦ ਦੀ ਘੋਰ ਨਿਖੇਧੀ ਹੋਣ ਲੱਗੀ। ਵੱਖ ਵੱਖ ਧਰਮਾਂ ਦੇ ਲੋਕ ਭਾਰੀ ਗਿਣਤੀ ਵਿਚ ਗੁਰੂ ਕਾ ਬਾ.ਗ ਪੁੱਜਣ ਲੱਗੇ। ਇਨ੍ਹਾਂ ਵਿਚ ਸੀ ਐਫ਼ ਐਂਡਰਿਊ, ਜਿਸ ਨੇ ਇਕ ਮਸੀਹਾ ਸੂਲੀ ਚੜ੍ਹਿਆ ਸੁਣਿਆ ਸੀ, ਅਪਣੀਆਂ ਅੱਖਾਂ ਸਾਹਮਣੇ ਸੈਂਕੜੇ ਲੋਕ ਤਸੀਹੇ ਝਲਦੇ ਵੇਖ ਰੋ ਪਿਆ ਸੀ। ਉਸ ਨੇ ਪ੍ਰੈਸ ਰਿਪੋਰਟ ਭੇਜੀ ਕਿ ਇਹ ਅੰਗਰੇਜ਼ੀ ਸਰਕਾਰ ਦਾ ਅਣਮਨੁੱਖੀ ਤਸ਼ਦਦ ਹੈ ਇਕ ਹਿਰਦੇ ਵੇਦਕ ਘਟਨਾ ਹੈ ਜੋ ਦੇਖੀ ਨਹੀਂ ਜਾ ਸਕਦੀ। ਰੱਬ ਅਜੇਹਾ ਸਮਾਂ ਕਿਸੇ ਨੂੰ ਨਾ ਦਿਖਾਵੇ।

ਇਸ ਮੌਕੇ ਪੁੱਜੇ ਹੋਰਨਾਂ ਆਗੂਆਂ ਵਿਚ ਮਦਨ ਮੋਹਨ ਮਾਲਵੀਆ, ਪ੍ਰੋ. ਰੁਚੀ ਰਾਮ ਸਾਹਨੀ, ਹਕੀਮ ਅਜਮਲ ਖਾਨ, ਸ੍ਰੀਮਤੀ ਸਰੋਜਨੀ ਨਾਇਡੂ ਸਮੇਤ ਸਭ ਨੇ ਅੰਗਰੇਜ਼ੀ ਹਕੂਮਤ ਦੀ ਇਸ ਕਾਰਵਾਈ ਦੀ ਘੋਰ ਨਿਖੇਧੀ ਕੀਤੀ। ਇਕ ਅਮਰੀਕੀ ਫਿਲਮਸਾਜ਼ ਏ ਐਲ ਵਰਗੀਜ਼ ਨੇ ਇਸ ਦਰਦਨਾਕ ਦ੍ਰਿਸ਼ ਦੀ ਫਿਲਮ ਵੀ ਬਣਾਈ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਸਰ ਐਡਵਰਡ ਮੈਕਲਗਨ ਨੇ ਗੁਰੂ ਕਾ ਬਾ.ਗ ਦਾ ਦੌਰਾ ਕੀਤਾ। ਉਸਦੇ ਦਖਲ ਦੇਣ ਨਾਲ ਸਿੰਘਾਂ ਤੇ ਡਾਗਾਂ ਵਰ੍ਹਨੀਆਂ ਤਾਂ ਬੰਦ ਹੋ ਗਈਆਂ ਪਰ ਗ੍ਰਿਫ਼ਤਾਰੀਆਂ ਦਾ ਦੌਰ 17 ਨਵੰਬਰ 1922 ਤਕ ਚਲਿਆ। ਅਕਤੂਬਰ ਦੇ ਪਹਿਲੇ ਹਫ਼ਤੇ ਗਵਰਨਰ ਜਨਰਲ ਲਾਰਡ ਰੈਡਿੰਗ ਨੇ ਪੰਜਾਬ ਦੇ ਗਵਰਨਰ ਨਾਲ ਇਸ ਮਸਲੇ ਦੇ ਹੱਲ ਲਈ ਗੱਲਬਾਤ ਕੀਤੀ। ਇਕ ਧਨਾਢ ਸੇਵਾ ਮੁਕਤ ਇੰਜੀਨੀਅਰ ਸਰ ਗੰਗਾ ਰਾਮ ਦੀਆਂ ਸੇਵਾਵਾਂ ਵੀ ਲਈਆਂ ਗਈਆਂ। ਉਸ ਨੇ ਪਟੇ ਉੱਤੇ ਗੁਰੂ ਕਾ ਬਾਗ ਦੀ ਜ਼ਮੀਨ ਛੁਡਵਾ ਲਈ ਅਤੇ 17 ਨਵੰਬਰ 1922 ਨੂੰ ਸਿੰਘਾਂ ਨੂੰ ਕਬਜ਼ਾ ਦੇ ਦਿੱਤਾ। ਸਰਕਾਰ ਨੇ ਸਾਰੇ ਸਿੰਘਾਂ ਨੂੰ ਛੱਡਣ ਦੇ ਹੁਕਮ ਵੀ ਜਾਰੀ ਕੀਤੇ। ਗੁਰੂ ਕਾ ਬਾ.ਗ ਦਾ ਮੋਰਚਾ ਇਸ ਤਰ੍ਹਾਂ ਸ਼ਾਂਤੀ ਪੂਰਵਕ ਖਤਮ ਹੋਇਆ। ਇਸ ਮੋਰਚੇ ਦੌਰਾਨ ਸਰਕਾਰ ਨੇ ਲਗਭਗ ਸਾਢੇ ਪੰਜ ਹਜ਼ਾਰ ਨੂੰ ਗ੍ਰਿਫ਼ਤਾਰ ਕੀਤਾ ਜਿਨ੍ਹਾਂ ਵਿਚੋਂ 37 ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਮੈਂਬਰ ਸਨ। ਪੁਲਿਸ ਦੀ ਮਾਰ ਕੁੱਟ ਕਾਰਨ ਇਕ ਹਜ਼ਾਰ ਤੋਂ ਵੱਧ ਅਕਾਲੀ ਜਖਮੀ ਹੋਏ। ਪੁਲਿਸ ਦੇ ਜੁਲਮ ਕਾਰਨ ਗੰਭੀਰ ਜ਼ਖਮੀ ਹੋਣ ਕਰਕੇ 9 ਸਿੰਘ ਸ਼ਹੀਦ ਹੋਏ। ਆਮ ਜਨ ਸਧਾਰਨ ਦੇ ਨਾਲ 200 ਫੌਜੀ ਪੈਨਸ਼ਨੀਏ ਸਨ। ਇਸ ਮੋਰਚੇ ਨਾਲ ਗੁਰਦੁਆਰਾ ਸੁਧਾਰ ਲਹਿਰ ਨੂੰ ਬੜਾ ਬਲ ਮਿਲਿਆ। ਸਿੰਘਾਂ ਦੇ ਸਿਦਕ ਬਹਾਦਰੀ ਅਤੇ ਅਣਖ ਤੇ ਲੋਕਾਂ ਨੇ ਮਾਣ ਕੀਤਾ। ਗੁਰੂ ਕਾ ਬਾ.ਗ ਮੋਰਚੇ ਵਿਚ ਸ਼ਾਮਲ ਸੂਰਬੀਰਾਂ ਨੇ ਅੰਗਰੇਜ਼ੀ ਪੁਲਿਸ ਦੇ ਅਣਮਨੁੱਖੀ ਤਸ਼ਦਦ ਨੂੰ ਸਹਿਣਸ਼ੀਲਤਾ ਹੱਠ ਅਤੇ ਤਿਆਗ ਦਾ ਸਬੂਤ ਦਿੰਦੇ ਹੋਏ ਆਪਣੇ ਤਨ ਤੇ ਜਰਿਆ। ਇਸ ਮੋਰਚੇ ਦੀ ਜਿੱਤ ਨਾਲ ਭਾਰਤ ਦੇ ਆਜ਼ਾਦੀ ਅੰਦੋਲਨ ਦਾ ਰਾਹ ਪੱਧਰਾ ਹੋਇਆ। ਲੋਕਾਂ ਵਿਚ ਉਤਸ਼ਾਹ ਆਇਆ ਕਿਉਂਕਿ ਇਹ ਮੋਰਚਾ ਅੰਗਰੇਜ਼ੀ ਹਕੂਮਤ ਦੇ ਖਿਲਾਫ਼ ਸੀ। ਇਸ ਮੋਰਚੇ ਨੇ ਚੜ੍ਹਦੀ ਕਲਾ ਸਰਬਤ ਦੇ ਭਲੇ ਦਾ ਸਿਧਾਂਤ ਪ੍ਰਫੁੱਲਤ ਕੀਤਾ । ਇਸ ਮੋਰਚੇ ਤੋਂ ਅੱਜ ਸਾਨੂੰ ਉਸ ਸਮੇਂ ਦੇ ਸਿੱਖ ਆਚਰਣ ਵਿਚ ਪ੍ਰਦਰਸ਼ਿਤ ਗੁਣਾਂ ਨੂੰ ਅਪਨਾਉਣ ਦੀ ਸਿੱਖਿਆ ਮਿਲਦੀ ਹੈ।

---

# ਅਰਬਾਂ ਦਾ ਟੈਕਸ ਵਸੂਲਿਆ, ਪਰ .ਗਰੀਬੀ ਦੂਰ ਨਹੀਂ ਹੋਈ

**ਮੈਂ ਜਿਸ ਭਾਰਤ 'ਚ ਜੰਮਿਆ-ਪਲਿਆ, ਉਸ 'ਚ ਕੋਈ ਰਾਸ਼ਟਰਵਾਦ ਦੀ ਗੱਲ ਨਹੀਂ ਕਰਦਾ ਸੀ। ਇਹ ਮੰਨ ਕੇ ਚੱਲਿਆ ਜਾਂਦਾ ਸੀ ਕਿ ਕੋਈ ਕਿਤੋਂ ਵੀ ਆਇਆ ਹੋਵੇ, ਉਸ ਦੀ ਭਾਸ਼ਾ ਕੋਈ ਵੀ ਹੋਵੇ, ਕੁੱਝ ਵੀ ਖਾਂਦਾ ਹੋਵੇ, ਕਿਸੇ ਵੀ ਪਰਮਾਤਮਾ ਨੂੰ ਮੰਨਦਾ ਹੋਵੇ, ਕਿਸੇ ਵੀ ਜਾਤ ਤੋਂ ਕਿਉਂ ਨਾ ਹੋਵੇ, ਅਸੀਂ ਸਾਰੇ ਇਕ ਰਾਸ਼ਟਰ ਹਾਂ। ਕੋਈ ਇਸ 'ਤੇ ਸਵਾਲ ਨਹੀਂ ਸੀ ਉਠਾਉਂਦਾ। ਜੇ ਕੋਈ ਅੰਤਰ ਸੀ ਤਾਂ ਇਹੀ ਕਿ ਅਸੀਂ ਕਿੰਨੇ ਅਮੀਰ ਜਾਂ .ਗਰੀਬ ਹਾਂ। ਇਨ੍ਹਾਂ ਦੋਨਾਂ ਵਿਚਕਾਰ ਉਹ ਵੱਡਾ ਵਰਗ ਸੀ, ਜੋ ਨਾ ਤਾਂ .ਗਰੀਬ ਸੀ ਨਾ ਅਮੀਰ ਸੀ, ਜੋ ਖ਼ੁਦ ਨੂੰ ਮੱਧਮ ਵਰਗ ਕਹਿੰਦਾ ਸੀ। ਮੈਂ ਇਸੇ ਵਰਗ 'ਚ ਪੈਦਾ ਹੋਇਆ ਸੀ। ਅੱਜ ਇੰਨੇ ਸਾਲਾਂ ਬਾਅਦ ਮੈਂ ਹੁਣ ਵੀ ਉਸੇ ਵਰਗ ਦਾ ਹਾਂ, ਪੂਰੇ ਮਾਣ ਨਾਲ।**

**ਪ੍ਰੀਤੀਸ਼ ਨੰਦੀ,**
ਸੀਨੀਅਰ ਪੱਤਰਕਾਰ ਅਤੇ ਫ਼ਿਲਮ ਨਿਰਦੇਸ਼ਕ



ਭਾਰਤ ਵਿਚ .ਗਰੀਬ ਕੌਣ ਹੈ? ਸਾਨੂੰ ਪਤਾ ਹੈ ਕਿ ਉਨ੍ਹਾਂ ਦਾ ਵਜੂਦ ਤਾਂ ਹੈ। ਅਸੀਂ ਉਨ੍ਹਾਂ ਨੂੰ ਤਸਵੀਰਾਂ 'ਚ ਵੇਖਦੇ ਹਾਂ। ਅਸੀਂ ਉਨ੍ਹਾਂ ਨੂੰ ਉਦੋਂ ਵੇਖਦੇ ਹਾਂ, ਜਦੋਂ ਭਿਆਨਕ ਹੜ੍ਹ ਹੋਵੇ ਜਾਂ ਸੋਕੇ ਨੇ ਉਨ੍ਹਾਂ ਦਾ ਰੁਜ਼ਗਾਰ ਖੋਹ ਲਿਆ ਹੋਵੇ। ਸੱਚ ਤਾਂ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਉਦੋਂ ਤੋਂ ਵੇਖ ਰਹੇ ਹਾਂ, ਜਦੋਂ 1943 'ਚ ਪਏ ਬੰਗਾਲ ਦੇ ਸੋਕੇ ਦੀਆਂ ਸੁਨੀਲ ਜਾਨਾਹ ਦੀਆਂ ਤਸਵੀਰਾਂ ਨੇ ਦੁਨੀਆ ਦੀ ਚੇਤਨਾ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਨ੍ਹਾਂ ਖ਼ੌਫ਼ਨਾਕ ਤਸਵੀਰਾਂ ਨੇ ਸਾਡੇ ਆਜ਼ਾਦੀ ਸੰਘਰਸ਼ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਸੀ। ਅੱਜ ਅਸੀਂ .ਗਰੀਬਾਂ ਨੂੰ ਉਦੋਂ ਵੇਖਦੇ ਹਾਂ, ਜਦੋਂ ਜਾਤ ਤੇ ਫ਼ਿਰਕੂ ਹਿੰਸਾ ਦੌਰਾਨ ਗੁੱਸੇ ਵਿਚ ਆਈ ਭੀੜ ਵਲੋਂ ਉਨ੍ਹਾਂ ਦੇ ਘਰ ਸਾੜਨ ਤੋਂ ਬਾਅਦ ਟੈਲੀਵਿਜ਼ਨ ਦੇ ਰਿਪੋਰਟਰ ਉਨ੍ਹਾਂ ਤੱਕ ਪਹੁੰਚਦੇ ਹਨ ਜਾਂ ਫਿਰ ਮਰੀ ਹੋਈ ਗਾਂ ਦੀ ਖੱਲ ਕੱਢਣ 'ਤੇ ਗਊ-ਰੱਖਿਅਕ ਉਨ੍ਹਾਂ ਨੂੰ ਬੇਰਹਿਮੀ ਨਾਲ ਕੁੱਟਦੇ ਹਨ।

ਅਸੀਂ .ਗਰੀਬਾਂ ਨੂੰ ਚੌਰਾਹੇ 'ਤੇ ਵੇਖਦੇ ਹਾਂ, ਜਦੋਂ ਲਾਲ ਸਿਗਨਲ 'ਤੇ ਸਾਡੀਆਂ ਕਾਰਾਂ ਉੱਥੇ ਰੁਕਦੀਆਂ ਹਨ। ਅਸੀਂ ਅਖ਼ਬਾਰਾਂ 'ਚ ਪੜ੍ਹਦੇ ਹਾਂ ਕਿ ਮਾੜੇ ਵਕਤ ਵਿਚ ਉਹ ਕਾਲਾ ਹਾਂਡੀ 'ਚ ਕੀੜੀਆਂ ਖਾਂਦੇ ਹਨ। ਅਸੀਂ ਸੁਣਦੇ ਹਾਂ ਕਿ ਕਿਵੇਂ ਉਹ ਆਪਣੇ ਛੋਟੇ ਬੱਚਿਆਂ ਨੂੰ ਸ਼ਹਿਰਾਂ 'ਚ ਕੋਈ ਵੀ ਅਜਿਹਾ ਕੰਮ ਲੱਭਣ ਭੇਜ ਦਿੰਦੇ ਹਨ, ਜੋ ਉਨ੍ਹਾਂ ਨੂੰ ਹਿੰਸਕ ਤੇ ਬੇਰਹਿਮ ਦੁਨੀਆ 'ਚ ਜ਼ਿੰਦਾ ਰੱਖ ਸਕੇ। ਅਜਿਹੀ ਦੁਨੀਆ ਜਿੱਥੇ ਆਮ ਤੌਰ 'ਤੇ ਉਨ੍ਹਾਂ ਨੂੰ ਕੁੱਟਿਆ ਜਾਂਦਾ ਹੈ, ਅੱਗੇ ਤੋਂ ਅੱਗੇ ਵੇਚਿਆ ਜਾਂਦਾ ਹੈ। ਉਨ੍ਹਾਂ ਦਾ ਬਚਪਨ ਖੋਹ ਲਿਆ ਜਾਂਦਾ ਹੈ। ਉਹ ਛੋਟੇ-ਮੋਟੇ ਗੁਨਾਹ ਕਰਨ ਲੱਗਦੇ ਹਨ ਅਤੇ ਸੁਧਾਰ ਘਰਾਂ 'ਚ ਪਹੁੰਚ ਜਾਂਦੇ ਹਨ। ਇਹ ਉਨ੍ਹਾਂ ਜੇਲ੍ਹਾਂ ਤੋਂ ਵੀ ਬਦਤਰ ਹੁੰਦੀਆਂ ਹਨ, ਜਿੱਥੋਂ ਉਹ ਬਚਣ ਦੀ ਕੋਸ਼ਿਸ਼ ਕਰਦੇ ਹਨ। ਆਜ਼ਾਦੀ ਦੇ 7 ਦਹਾਕਿਆਂ ਬਾਅਦ ਉਨ੍ਹਾਂ ਨੂੰ ਆਖ਼ਰਕਾਰ ਸਮਝ 'ਚ ਆ ਗਿਆ ਹੈ ਕਿ ਕਿਸੇ ਨੂੰ ਉਨ੍ਹਾਂ ਦੀ ਪ੍ਰਵਾਹ ਨਹੀਂ ਹੈ। ਗਲੀਆਂ 'ਚ ਭਿਖਾਰੀ ਘੱਟ ਹੀ ਰਹਿ ਗਏ ਹਨ। ਇਸ ਤੋਂ ਵੀ ਘੱਟ ਤਾਂ ਫੁੱਟਪਾਥ 'ਤੇ ਸੌਂਦੇ ਹਨ (ਫੁੱਟਪਾਥ ਹੀ .ਗਾਇਬ ਹੋ ਗਏ ਹਨ)। ਸੜਕਾਂ ਦੇ ਕੰਢੇ ਤੁਸੀਂ ਜਿਨ੍ਹਾਂ ਨੂੰ ਵੇਖਦੇ ਹੋ ਉਹ ਬਜ਼ੁਰਗ ਲੋਕ ਹਨ, ਆਮ ਤੌਰ 'ਤੇ ਉਨ੍ਹਾਂ ਨੇ ਤੁਹਾਡੀ-ਮੇਰੀ ਤਰ੍ਹਾਂ ਕੱਪੜੇ ਪਾਏ ਹੁੰਦੇ ਹਨ। ਖਾਮੋਸ਼ੀ 'ਚ ਉਨ੍ਹਾਂ ਦੇ ਹੱਥ ਭੀਖ ਲਈ ਫੈਲੇ ਹੁੰਦੇ ਹਨ। ਉਹ ਇੰਨੇ ਸ਼ਰਮਸਾਰ ਹਨ ਕਿ ਭੀਖ ਨਹੀਂ ਮੰਗ ਪਾਉਂਦੇ। ਉਨ੍ਹਾਂ ਦੀਆਂ ਕਹਾਣੀਆਂ ਇੱਕੋ ਜਿਹੀਆਂ ਹੁੰਦੀਆਂ ਹਨ। ਉਨ੍ਹਾਂ ਨੂੰ ਉਨ੍ਹਾਂ ਦੇ ਮਾਲਕਾਨਾ ਹੱਕ ਦੇ ਮਕਾਨ 'ਚੋਂ ਬਾਹਰ ਸੁੱਟ ਦਿੱਤਾ ਗਿਆ ਹੁੰਦਾ ਹੈ। ਪਿੰਡਾਂ 'ਚ ਮਕਾਨਾਂ ਨੂੰ ਸੜਕਾਂ, ਹਾਈਵੇਅ, ਨਵੀਂ ਟਾਊਨਸ਼ਿਪ ਬਣਾਉਣ ਲਈ ਉਨ੍ਹਾਂ ਦੇ ਪਰਿਵਾਰਾਂ ਵੇਚ ਦਿੱਤਾ ਹੁੰਦਾ ਹੈ। ਸ਼ਹਿਰਾਂ 'ਚ ਇਹ ਆਸਮਾਨ ਛੂਹਦੀਆਂ ਇਮਾਰਤਾਂ ਅਤੇ ਮਾਲ ਦੀ ਬਲੀ ਚੜ੍ਹ ਜਾਂਦੇ ਹਨ।

ਬੁੱਢੀਆਂ ਪਲਕਾਂ ਲਈ ਆਖ਼ਰੀ ਸਹਾਰਾ ਬੁਢਾਪਾ ਘਰ ਬੰਦ ਹੁੰਦੇ ਜਾ ਰਹੇ ਹਨ, ਕਿਉਂਕਿ ਲਾਲਚੀ ਬਿਲਡਰ ਮੁੰਬਈ ਦੀ ਓਲਡ ਟਰੱਸਟ ਜ਼ਮੀਨਾਂ 'ਚ ਜਿਹੜੀਆਂ ਵੀ ਬਚ ਗਈਆਂ ਹਨ, ਉਨ੍ਹਾਂ ਨੂੰ ਖ਼ਰੀਦਣ 'ਚ ਲੱਗੇ ਹੋਏ ਹਨ। ਇਹ ਹਰ ਸ਼ਹਿਰ ਦੀ ਕਹਾਣੀ ਹੈ। ਵਿਸ਼ਵ ਬੈਂਕ ਕਹਿੰਦਾ ਹੈ ਕਿ .ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੇ ਜ਼ਿਆਦਾਤਰ ਲੋਕ ਭਾਰਤ ਵਿਚ ਹਨ। ਇਹ ਕੋਈ ਨਵੀਂ ਗੱਲ ਨਹੀਂ ਹੈ। ਅਸੀਂ ਇੰਨੇ ਸਾਲਾਂ ਤੋਂ ਸੁਣ ਰਹੇ ਹਾਂ। ਹਰ ਸਰਕਾਰ ਇਸ ਨੂੰ ਘੱਟ ਕਰਨ ਦਾ ਦਾਅਵਾ ਕਰਦੀ ਹੈ, ਪਰ ਕਿਵੇਂ? ਦੁਨੀਆ ਦੇ ਹਰ ਤਿੰਨ .ਗਰੀਬ ਲੋਕਾਂ 'ਚੋਂ ਹੁਣ ਇਕ ਭਾਰਤ ਵਿਚ ਰਹਿ ਰਿਹਾ ਹੈ।

ਅਸੀਂ ਕਿਸਾਨਾਂ ਦੀਆਂ ਖੁਦਕੁਸ਼ੀਆਂ ਬਾਰੇ ਸੁਣਦੇ ਹਾਂ। ਅਖ਼ਬਾਰਾਂ ਉਨ੍ਹਾਂ ਦੀਆਂ ਖ਼ਬਰਾਂ ਦਿੰਦੇ ਹਨ। ਨੇਤਾ ਉਨ੍ਹਾਂ ਦੀਆਂ ਗੱਲਾਂ ਕਰਦੇ ਹਨ, ਕਿਉਂਕਿ ਕਿਸਾਨ ਬਹੁਤ ਵੱਡਾ ਵੋਟ ਬੈਂਕ ਹੈ। ਇਸ ਲਈ ਅਸੀਂ ਕਰਜ਼ਾ ਮੁਆਫ਼ ਕਰ ਦਿੰਦੇ ਹਾਂ, ਜਦਕਿ ਅਸੀਂ ਜਾਣਦੇ ਹਾਂ ਕਿ ਕਰਜ਼ਾ ਮੁਆਫ਼ ਕਰਨ ਨਾਲ ਸਮੱਸਿਆ ਹੱਲ ਨਹੀਂ ਹੋਵੇਗੀ। ਇਸ ਨਾਲ ਤਾਂ ਸਿਆਸੀ ਵਰਗ ਹੀ ਅਮੀਰ ਹੋਵੇਗਾ। ਕਿਸਾਨਾਂ ਨੇ ਸਭ ਤੋਂ ਵੱਧ ਖੁਦਕੁਸ਼ੀਆਂ ਹਾਲ ਹੀ ਦੀ ਬੰਪਰ ਫ਼ਸਲ ਤੋਂ ਬਾਅਦ ਕੀਤੀਆਂ ਹਨ। ਸਿਰਫ਼ ਉਹੀ ਸਰਕਾਰ, ਜੋ ਸਮੱਸਿਆ ਨੂੰ ਸਮਝਦੀ ਹੈ, ਇਸ ਦਾ ਹੱਲ ਕਰ ਸਕਦੀ ਹੈ। ਵੱਡੇ ਪੱਧਰ 'ਤੇ ਪੈਸਾ ਦੇਣ ਜਿਹੀ ਸਮੱਸਿਆ ਦਾ ਇਹੀ ਅਸਲ ਇਲਾਜ ਹੈ। ਇਹ ਸ਼ਾਇਦ ਹੀ ਕਦੇ ਸੰਭਵ ਹੁੰਦਾ ਹੈ।

ਸਾਡੇ ਪਿੰਡਾਂ, ਛੋਟੇ ਕਸਬਿਆਂ 'ਚ ਹੁਣ ਵੀ ਅਜਿਹੇ ਲੋਕ ਹਨ, ਜਿਨ੍ਹਾਂ ਦੀ ਕਮਾਈ ਦਾ ਸਿਰਫ਼ ਇਕ ਸਾਧਨ ਪਖਾਨਾ ਅਤੇ ਜੰਮੀਆਂ ਹੋਈਆਂ ਨਾਲੀਆਂ ਸਾਫ਼ ਕਰਨਾ ਹੈ। ਉਹ ਪੀੜ੍ਹੀਆਂ ਤੋਂ ਅਜਿਹਾ ਕਰ ਰਹੇ ਹਨ। ਸ਼ਹਿਰਾਂ 'ਚ ਜ਼ਹਿਰੀਲੇ ਡ੍ਰੇਨੇਜ ਸਿਸਟਮ 'ਚ ਉਤਰ ਕੇ ਜਾਨ ਜੋਖ਼ਮ 'ਚ ਪਾਉਂਦੇ ਹਨ। ਅਸੀਂ ਉਨ੍ਹਾਂ ਨੂੰ ਹੀਰੋ ਵਾਂਗ ਨਹੀਂ ਵੇਖਦੇ, ਉਦੋਂ ਵੀ ਨਹੀਂ ਜਦੋਂ ਉਹ ਕੰਮ ਕਰਦੇ ਹੋਏ ਮਰ ਜਾਂਦੇ ਹਨ। ਅਸੀਂ ਉਨ੍ਹਾਂ ਨੂੰ ਕੰਮਕਾਜੀ ਲੋਕ ਵੀ ਨਹੀਂ ਮੰਨਦੇ। ਅਸੀਂ ਉਨ੍ਹਾਂ ਵਲੋਂ ਛੂਹਣ ਤੋਂ ਵੀ ਬਚਦੇ ਹਾਂ ਅਤੇ ਉਨ੍ਹਾਂ ਦੇ ਹੱਥੋਂ ਇਕ ਗਿਲਾਸ ਪਾਣੀ ਲੈਣ ਤੋਂ ਵੀ ਡਰਦੇ ਹਾਂ। ਆਜ਼ਾਦੀ ਦੇ 70 ਸਾਲ ਉਨ੍ਹਾਂ ਨੂੰ ਉਹ ਦਰਜਾ ਨਹੀਂ ਦਿਵਾ ਸਕੇ, ਜੋ ਉਹ ਚਾਹੁੰਦੇ ਹਨ। ਇਕ ਤੋਂ ਬਾਅਦ ਇਕ ਸਰਕਾਰਾਂ ਆਉਂਦੀਆਂ ਰਹੀਆਂ। .ਗਰੀਬੀ, ਨਿਆਂ ਅਤੇ ਬਰਾਬਰੀ ਦੇ ਨਾਂ 'ਤੇ ਅਰਬਾਂ ਰੁਪਏ ਦਾ ਟੈਕਸ ਵਸੂਲਿਆ ਗਿਆ, ਪਰ ਉਨ੍ਹਾਂ ਦੀ ਜ਼ਿੰਦਗੀ ਬਦਲਣ 'ਚ ਨਾਕਾਮ ਰਹੀਆਂ। ਉਹ ਹੁਣ ਵੀ ਨਾਜਾਇਜ਼ ਝੁੱਗੀਆਂ 'ਚ ਰਹਿੰਦੇ ਹਨ, ਜੋ ਮੌਨਸੂਨ 'ਚ ਟੁੱਟ ਜਾਂਦੀਆਂ ਹਨ। ਨਗਰ ਨਿਗਮ ਉਨ੍ਹਾਂ ਨੂੰ ਸਜ਼ਾਵਾਂ ਦਿੰਦੀਆਂ ਹਨ, ਝੁੱਗੀ ਮਾਲਕ ਉਨ੍ਹਾਂ ਨੂੰ ਧੋਖਾ ਦਿੰਦੇ ਹਨ। ਸਿਰਫ਼ ਇਹੀ ਲੋਕ ਨਹੀਂ ਹਨ। ਜਾਤ ਅਤੇ ਧਰਮ ਹਰ ਰੋਜ਼ ਲੋਕਾਂ ਨੂੰ ਅਲੱਗ-ਥਲੱਗ ਕਰ ਰਹੇ ਹਨ। ਰਾਖਵਾਂਕਰਨ ਨੇ ਤਾਂ ਕੁੱਝ ਪੋਸਟਰ ਬੁਆਏ ਬਣਾਏ ਹਨ ਅਤੇ ਮੁਸਲਮਾਨਾਂ ਨੂੰ ਤਾਂ ਇਹ ਸੁਵਿਧਾ ਵੀ ਨਹੀਂ ਹੈ। ਜਿਸ ਰਾਸ਼ਟਰਵਾਦ ਦੀਆਂ ਅਸੀਂ ਇੰਨੀਆਂ ਗੱਲਾਂ ਕਰਦੇ ਹਾਂ, ਉਸ ਨੇ ਸਾਡੇ ਸਮਾਜ ਨੂੰ ਖੇਰੂੰ-ਖੇਰੂੰ ਕਰ ਦਿੱਤਾ ਹੈ।

ਮੈਂ ਜਿਸ ਭਾਰਤ 'ਚ ਜੰਮਿਆ-ਪਲਿਆ, ਉਸ 'ਚ ਕੋਈ ਰਾਸ਼ਟਰਵਾਦ ਦੀ ਗੱਲ ਨਹੀਂ ਕਰਦਾ ਸੀ। ਇਹ ਮੰਨ ਕੇ ਚੱਲਿਆ ਜਾਂਦਾ ਸੀ ਕਿ ਕੋਈ ਕਿਤੋਂ ਵੀ ਆਇਆ ਹੋਵੇ, ਉਸ ਦੀ

ਬਾਕੀ ਸਫ਼ਾ 33 'ਤੇ

## ਕ੍ਰਿਕਟਰ ਹਰਮਨਪ੍ਰੀਤ ਕੌਰ ਨੂੰ ਲਾਇਆ ਜਾਵੇਗਾ ਡੀਐੱਸਪੀ

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਮੋਗਾ ਦੀ ਕ੍ਰਿਕਟ ਖਿਡਾਰਨ ਹਰਮਨਪ੍ਰੀਤ ਕੌਰ ਨੂੰ ਪੰਜਾਬ ਪੁਲੀਸ ਵਿੱਚ ਡੀਐੱਸਪੀ ਵਜੋਂ ਨਿਯੁਕਤ ਕਰਨ ਲਈ ਰਸਮੀ ਪ੍ਰਕਿਰਿਆ ਸ਼ੁਰੂ ਕਰਨ ਲਈ ਉਸ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਕਿਹਾ ਕਿ ਉਸ ਦੀ ਬਿਹਤਰੀਨ ਖੇਡ ਲੱਖਾਂ ਨੌਜਵਾਨਾਂ ਨੂੰ ਖੇਡਾਂ ਦੇ ਖੇਤਰ ਵਿੱਚ ਸਖ਼ਤ ਮਿਹਨਤ ਲਈ ਪ੍ਰੇਰਿਤ ਕਰੇਗੀ। ਇੱਥੇ ਮੁੱਖ ਮੰਤਰੀ ਨੇ ਸੂਬੇ ਦੇ ਪੁਲੀਸ ਮੁਖੀ ਸੁਰੇਸ਼ ਅਰੋੜਾ ਨੂੰ ਹਰਮਨਪ੍ਰੀਤ ਕੌਰ ਦੀ ਨਿਯੁਕਤੀ ਲਈ ਲੋੜੀਂਦੀਆਂ ਰਸਮਾਂ ਪੂਰੀਆਂ ਕਰਨ ਦੀ ਹਦਾਇਤ ਕੀਤੀ ਅਤੇ ਆਖਿਆ ਕਿ ਉਸ ਨੂੰ ਸਿਖਲਾਈ ਬਾਅਦ ਵਿੱਚ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਹਰਮਨਪ੍ਰੀਤ ਕੌਰ ਇਸ ਵੇਲੇ ਕੇਂਦਰੀ ਰੇਲਵੇ ਮੰਤਰਾਲੇ ਵਿੱਚ ਨੌਕਰੀ ਕਰ ਰਹੀ ਹੈ ਤੇ ਉਹ ਇਸ ਪ੍ਰਤਿਭਾਸ਼ਾਲੀ ਕ੍ਰਿਕਟ ਖਿਡਾਰਨ ਨੂੰ ਪੰਜਾਬ ਲਿਆਉਣਾ ਚਾਹੁੰਦੇ ਹਨ। ਉਨ੍ਹਾਂ ਖਿਡਾਰਨ ਨੂੰ ਭਰੋਸਾ ਦਿੱਤਾ ਕਿ ਰੇਲ ਮੰਤਰਾਲੇ ਨਾਲ ਰੁਜ਼ਗਾਰ ਸਬੰਧੀ ਇਕਰਾਰਨਾਮੇ ਨੂੰ ਖ਼ਤਮ ਕਰਨ ਦਾ ਮਾਮਲਾ ਉਹ ਰੇਲਵੇ ਮੰਤਰਾਲੇ ਕੋਲ ਉਠਾਉਣਗੇ ਤਾਂ ਕਿ ਉਹ ਛੇਤੀ ਤੋਂ ਛੇਤੀ ਪੰਜਾਬ ਪੁਲੀਸ ਦੀ ਨੌਕਰੀ ਜੁਆਇਨ ਕਰ ਸਕੇ।
ਖਿਡਾਰਨ ਦੀ ਕਾਰਗੁਜ਼ਾਰੀ ਦੀ ਭਰਵੀਂ ਸ਼ਲਾਘਾ ਕਰਦਿਆਂ ਮੁੱਖ ਮੰਤਰੀ ਨੇ ਉਸ ਨੂੰ ਪੰਜ ਲੱਖ ਰੁਪਏ ਦਾ ਚੈੱਕ ਸੌਂਪਿਆ। ਉਨ੍ਹਾਂ ਕਿਹਾ ਕਿ ਹਰਮਨਪ੍ਰੀਤ ਦੀ ਸ਼ਾਨਦਾਰ ਕਾਰਗੁਜ਼ਾਰੀ ਤੋਂ ਪ੍ਰੇਰਨਾ ਲੈ ਕੇ ਪੰਜਾਬ ਦੇ ਨੌਜਵਾਨ ਖੇਡਾਂ ਵਿੱਚ ਨਵੀਂਆਂ ਮੱਲਾਂ ਮਾਰਨਗੇ। ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਵੀਨ ਠੁਕਰਾਲ ਨੇ ਮੀਟਿੰਗ ਤੋਂ ਬਾਅਦ ਦੱਸਿਆ ਕਿ ਮੁੱਖ ਮੰਤਰੀ ਨੇ ਕ੍ਰਿਕਟਰ ਨੂੰ ਦੱਸਿਆ ਕਿ ਮੈਚ ਦੌਰਾਨ ਉਸ ਦੀ ਖੇਡ ਨੇ ਉਨ੍ਹਾਂ ਨੂੰ ਬਹੁਤ ਪ੍ਰਭਾਵਤ ਕੀਤਾ ਸੀ ਅਤੇ ਉਨ੍ਹਾਂ ਦੀ ਸਰਕਾਰ ਉਸ ਦੇ ਹੁਨਰ ਨੂੰ ਹੋਰ ਨਿਖਾਰਨ ਲਈ ਹਰ ਸੰਭਵ ਸਹਾਇਤਾ ਦੇਵੇਗੀ।ਇਸ ਮੌਕੇ ਹਰਮਨਪ੍ਰੀਤ ਕੌਰ ਨੇ ਪੁਲੀਸ ਫੋਰਸ ਵਿੱਚ ਜਾਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਮੁੱਖ ਮੰਤਰੀ ਦਾ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਉਹ ਪਿਛਲੇ ਨੌਂ ਸਾਲਾਂ ਤੋਂ ਖੇਡ ਰਹੀ ਹੈ ਅਤੇ ਇਹ ਪਹਿਲੀ ਵਾਰ ਹੈ ਜਦੋਂ ਸੂਬਾ ਸਰਕਾਰ ਨੇ ਉਸ ਦੀਆਂ ਆਸਾਂ ਨੂੰ ਬੂਰ ਪਾਇਆ ਹੈ। ਉਸ ਨੇ ਕਿਹਾ ਕਿ ਉਸ ਦੀ ਇੱਛਾ ਹੈ ਕਿ ਪੰਜਾਬ ਵਿੱਚ ਹੋਰ ਕ੍ਰਿਕਟ ਅਕੈਡਮੀਆਂ ਬਣਾਈਆਂ ਜਾਣ ਤਾਂ ਕਿ ਜੋ ਦਿੱਕਤਾਂ ਉਸ ਨੂੰ ਪੇਸ਼ ਆਈਆਂ, ਉਹ ਉੱਭਰਦੇ ਖਿਡਾਰੀਆਂ ਨੂੰ ਨਾ ਆਉਣ।

## ਸਰਦਾਰ ਸਿੰਘ ਨੂੰ ਖੇਲ ਰਤਨ, ਹਰਮਨਪ੍ਰੀਤ ਕੌਰ ਨੂੰ ਅਰਜੁਨ ਐਵਾਰਡ ਦੀ ਸਿਫ਼ਾਰਸ਼

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਸਾਬਕਾ ਜਸਟਿਸ ਸੀ.ਕੇ.ਠੱਕਰ ਦੀ ਅਗਵਾਈ ਵਾਲੀ ਚੋਣ ਕਮੇਟੀ ਨੇ ਮੁਲਕ ਦੇ ਸਭ ਤੋਂ ਵੱਡੇ ਖੇਡ ਸਨਮਾਨ 'ਰਾਜੀਵ ਗਾਂਧੀ ਖੇਲ ਰਤਨ' ਲਈ ਦੋ ਖਿਡਾਰੀਆਂ ਪੈਰਾਲੰਪੀਅਨ ਦੇਵੇਂਦਰ ਝਾਜੜੀਆ ਤੇ ਹਾਕੀ ਖਿਡਾਰੀ ਸਰਦਾਰ ਸਿੰਘ ਦੇ ਨਾਂ ਦੀ ਸਿਫਾਰਿਸ਼ ਕੀਤੀ ਹੈ। ਝਾਜੜੀਆ ਦਾ ਨਾਂ ਪਹਿਲੀ ਤਰਜੀਹ ਜਦਕਿ ਸਰਦਾਰ ਦਾ ਨਾਂ ਦੂਜੀ ਤਰਜੀਹ ਵਜੋਂ ਭੇਜਿਆ ਗਿਆ ਹੈ।
ਅਰਜੁਨ ਐਵਾਰਡ ਲਈ ਕੀਤੀ ਸਿਫ਼ਾਰਿਸ਼ ਵਿੱਚ ਪੰਜਾਬ ਦੇ ਮੋਗਾ ਜ਼ਿਲ੍ਹੇ ਨਾਲ ਸਬੰਧਤ ਕ੍ਰਿਕਟ ਖਿਡਾਰਨ ਹਰਮਨਪ੍ਰੀਤ ਕੌਰ, ਕ੍ਰਿਕਟਰ ਚੇਤੇਸ਼ਵਰ ਪੁਜਾਰਾ, ਕਬੱਡੀ ਖਿਡਾਰੀ ਜਸਵੀਰ ਸਿੰਘ, ਅਥਲੀਟ ਖੁਸ਼ਬੀਰ ਕੌਰ, ਮੁੱਕੇਬਾਜ਼ ਐਲ. ਦੇਵੇਂਦਰੋ ਸਿੰਘ, ਹਾਕੀ ਖਿਡਾਰੀ ਐਸ.ਵੀ. ਸੁਨੀਲ ਸਮੇਤ ਕੁੱਲ 17 ਖਿਡਾਰੀਆਂ ਦੇ ਨਾਮ ਖੇਡ ਮੰਤਰਾਲੇ ਨੂੰ ਭੇਜੇ ਗਏ ਹਨ। ਮੰਤਰਾਲੇ ਵੱਲੋਂ ਇਨ੍ਹਾਂ ਨਾਵਾਂ ਬਾਰੇ ਅੰਤਿਮ ਫ਼ੈਸਲਾ ਅਗਲੇ ਕੁਝ ਦਿਨਾਂ ਵਿਚ ਲਿਆ ਜਾਵੇਗਾ।




ਚੋਣ ਕਮੇਟੀ ਵੱਲੋਂ ਕੀਤੀਆਂ ਸਿਫ਼ਾਰਿਸ਼ਾਂ ਨਾਲ ਜੈਵਲਿਨ ਥਰੋਅ ਝਾਜੜੀਆ ਪਹਿਲਾ ਪੈਰਾਲੰਪੀਅਨ ਅਥਲੀਟ ਬਣ ਗਿਆ ਹੈ ਜਿਸ ਦਾ ਨਾਂ ਮੁਲਕ ਦੇ ਸਿਖਰਲੇ ਖੇਡ ਸਨਮਾਨ ਲਈ ਸਿਫਾਰਿਸ਼ ਕੀਤਾ ਗਿਆ ਹੈ। 31 ਸਾਲਾ ਹਾਕੀ ਖਿਡਾਰੀ ਤੇ ਸਾਬਕਾ ਕਪਤਾਨ ਸਰਦਾਰ ਸਿੰਘ ਨੂੰ ਵਿਸ਼ਵ ਦੇ ਬਿਹਤਰੀਨ ਮਿਡ ਫਿਲਡਰਾਂ ਵਿਚੋਂ ਇੱਕ ਮੰਨਿਆ ਜਾਂਦਾ ਹੈ। ਚੋਣ ਕਮੇਟੀ ਦੀ ਮੀਟਿੰਗ ਦੌਰਾਨ ਹਾਕੀ ਖਿਡਾਰੀ 'ਤੇ ਜਿਣਸੀ ਸ਼ੋਸ਼ਣ ਦੇ ਲੱਗੇ ਦੋਸ਼ਾਂ ਨੂੰ ਲੈ ਕੇ ਵੀ ਚਰਚਾ ਹੋਈ, ਪਰ ਸਰਦਾਰ ਦੀਆਂ ਪ੍ਰਾਪਤੀਆਂ ਕਰਕੇ ਕਮੇਟੀ ਮੈਂਬਰਾਂ ਲਈ ਉਸ ਦੇ ਨਾਂ ਨੂੰ ਨਜ਼ਰਅੰਦਾਜ਼ ਕਰਨਾ ਮੁਸ਼ਕਲ ਹੋ ਗਿਆ।
ਇਸ ਦੌਰਾਨ ਅਰਜੁਨ ਐਵਾਰਡ ਲਈ ਜਿਨ੍ਹਾਂ ਖਿਡਾਰੀਆਂ ਦੇ ਨਾਂ ਦੀ ਸਿਫਾਰਿਸ਼ ਕੀਤੀ ਗਈ ਹੈ, ਉਨ੍ਹਾਂ ਵਿੱਚ ਵੀ.ਜੇ.ਸੁਰੇਖਾ (ਤੀਰਅੰਦਾਜ਼ੀ), ਅਰੋਕਿਨ ਰਾਜੀਵ (ਅਥਲੈਟਿਕਸ), ਪ੍ਰਸਾਂਤੀ ਸਿੰਘ (ਬਾਸਕਟਬਾਲ), ਓਇਨਮ ਬੈਮਬੈਮ ਦੇਵੀ (ਫੁਟਬਾਲ), ਐਸਐਸਪੀ ਚੌਰਸੀਆ (ਗੌਲਫ਼), ਪੀ.ਐਨ. ਪ੍ਰਕਾਸ਼ (ਸ਼ੂਟਿੰਗ), ਏ.ਅਮਲਰਾਜ (ਟੇਬਲ ਟੈਨਿਸ), ਸਾਕੇਤ ਮਾਇਨੇਨੀ (ਟੈਨਿਸ), ਸੱਤਿਆਵਰਤ ਕਾਦਿਆਨ (ਕੁਸ਼ਤੀ), ਮਰੀਅੱਪਨ ਥਾਂਗਾਵੇਲ (ਪੈਰਾਅਥਲੀਟ) ਤੇ ਵਰੁਣ ਭੱਟ (ਪੈਰਾ ਅਥਲੀਟ) ਸ਼ਾਮਲ ਹਨ।

## ਅਮਰੀਕਾ ਦੀ ਟੋਰੀ ਬਣੀ ਫੱਰਾਟਾ ਦੌੜ ਚੈਂਪੀਅਨ

**ਲੰਡਨ/ਬਿਊਰੋ ਨਿਊਜ਼ :** ਅਮਰੀਕਾ ਦੀ ਟੋਰੀ ਬੋਵੀ ਨੇ ਆਖਰੀ ਸਕਿੰਟਾਂ ਦੀ ਤੇਜ਼ੀ ਨਾਲ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪ ਵਿੱਚ ਮੇਰੀ ਜੋਸੀ ਤਾ ਲਾਓ ਨੂੰ ਪਿੱਛੇ ਛੱਡ ਕੇ ਔਰਤਾਂ ਦੀ 100 ਮੀਟਰ ਦੌੜ ਦਾ ਖ਼ਿਤਾਬ ਜਿੱਤ ਲਿਆ। ਟੋਰੀ ਨੇ 10.85 ਸਕਿੰਟਾਂ ਦੇ ਆਪਣੇ ਸੀਜ਼ਨ ਦੇ ਸਭ ਤੋਂ ਵਧੀਆ ਸਮੇਂ ਨਾਲ ਸੋਨੇ ਦੇ ਤਗ਼ਮੇ ਉਤੇ ਕਬਜ਼ਾ ਕੀਤਾ, ਜਦੋਂ ਕਿ ਆਈਵਰੀ ਕੋਸਟ ਦੀ ਮੇਰੀ ਜੋਸੀ ਨੂੰ 10.86 ਸਕਿੰਟਾਂ ਦੇ ਸਮੇਂ ਨਾਲ ਚਾਂਦੀ ਅਤੇ ਨੀਦਰਲੈਂਡ ਦੀ ਡੈਫਨ ਸ਼ਿਪਰਜ ਨੂੰ 10.96 ਸਕਿੰਟਾਂ ਦੇ ਸਮੇਂ ਨਾਲ ਕਾਂਸੀ ਦਾ ਤਗ਼ਮਾ ਮਿਲਿਆ। ਟੋਰੀ ਬੋਵੀ ਨੇ ਕਿਹਾ ਕਿ ਇਸ ਦੌੜ ਤੋਂ ਉਹ ਬਹੁਤੀ ਖ਼ੁਸ਼ ਨਹੀਂ ਹੈ ਪਰ ਪਿਛਲੀਆਂ ਚੈਂਪੀਅਨਸ਼ਿਪਾਂ ਦੇ ਤਜਰਬੇ ਨੇ ਉਸ ਨੂੰ ਬਚਾਅ ਲਿਆ। ਉਸ ਨੇ ਲਾਈਨ ਉਤੇ ਪੁੱਜਣ ਤੱਕ ਹਾਰ ਨਹੀਂ ਮੰਨੀ। ਉਸ ਨੇ ਕਿਹਾ, "ਮੈਂ ਭਾਵੇਂ ਬਹੁਤ ਥੱਕੀ ਹੋਈ ਹਾਂ ਪਰ ਮੈਂ ਦੋ ਸੌ ਮੀਟਰ ਦੌੜ ਲਈ ਤਿਆਰ ਹੋ ਜਾਵਾਂਗੀ। ਅਗਾਂਹ ਕੀ ਵਾਪਰੇਗਾ, ਮੈਂ ਇਸ ਤੋਂ ਨਹੀਂ ਡਰਦੀ।"



ਮੁਕਾਬਲੇ ਤੋਂ ਬਾਅਦ ਤਾ ਲਾਓ ਨੇ ਕਿਹਾ ਕਿ ਉਹ ਚਾਂਦੀ ਦਾ ਤਗ਼ਮਾ ਜਿੱਤ ਕੇ ਖ਼ੁਸ਼ ਹੈ। ਇਹ ਸੁਪਨਮਈ ਪ੍ਰਦਰਸ਼ਨ ਹੈ ਕਿਉਂਕਿ ਉਸ ਨੇ ਪਹਿਲੇ ਤਿੰਨਾਂ ਵਿੱਚ ਵੀ ਆਉਣ ਬਾਰੇ ਨਹੀਂ ਸੋਚਿਆ ਸੀ ਕਿਉਂਕਿ ਬਾਕੀ ਸਾਰੀਆਂ ਖਿਡਾਰਨਾਂ ਜਿੱਤਣ ਦੀ ਸਮਰੱਥਾ ਤੇ ਹੁਨਰ ਰੱਖਦੀਆਂ ਸਨ। ਓਲੰਪਿਕ ਚੈਂਪੀਅਨ ਜਮਾਇਕਾ ਦੀ ਐਲਿਨ ਥੌਂਪਸਨ ਇਹ ਖ਼ਿਤਾਬ ਜਿੱਤਣ ਦੀ ਪ੍ਰਬਲ ਦਾਅਵੇਦਾਰ ਸੀ ਪਰ ਉਹ 10.98 ਸਕਿੰਟਾਂ ਦੇ ਸਮੇਂ ਨਾਲ ਪੰਜਵੇਂ ਨੰਬਰ ਉਤੇ ਰਹੀ। ਪਿਛਲੇ ਸਾਲ ਰੀਓ ਓਲੰਪਿਕ ਵਿੱਚ 100 ਤੇ 200 ਮੀਟਰ ਦੌੜ ਜਿੱਤਣ ਵਾਲੀ ਥੌਂਪਸਨ ਨੇ ਕਿਹਾ ਕਿ ਉਹ ਦੌੜ ਨੂੰ ਯੋਜਨਾ ਮੁਤਾਬਕ ਨੇਪਰੇ ਨਹੀਂ ਚਾੜ੍ਹ ਸਕੀ, ਜੋ ਉਸ ਲਈ ਸ਼ਰਮ ਵਾਲੀ ਗੱਲ ਹੈ। ਉਸ ਨੇ ਆਖਿਆ, "ਮੈਨੂੰ ਨਹੀਂ ਪਤਾ ਕਿ ਦੌੜ ਦੌਰਾਨ ਕੀ ਵਾਪਰਿਆ। ਮੈਂ ਵੀਡੀਓ ਦੇਖਾਂਗੀ ਕਿਉਂਕਿ ਮੈਨੂੰ ਨਹੀਂ ਪਤਾ ਕਿ ਗਲਤੀ ਕਿੱਥੇ ਹੋਈ।"

## ਰਾਜੀਵ ਗਾਂਧੀ ਅਮਰੀਕਾ ਨਾਲ ਫ਼ੌਜੀ ਸਬੰਧ ਵਧਾਉਣਾ ਚਾਹੁੰਦੇ ਸਨ :ਸੀ.ਆਈ.ਏ.

**ਵਾਸ਼ਿੰਗਟਨ/ਬਿਊਰੋ ਨਿਊਜ਼ :**
ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਮਰੀਕਾ ਨਾਲ ਫ਼ੌਜੀ ਸਬੰਧ ਵਧਾਉਣ ਵਿੱਚ 'ਸੱਚਮੁੱਚ ਦਿਲਚਸਪੀ' ਰੱਖਦੇ ਸਨ ਤੇ ਮਰਹੂਮ ਪ੍ਰਧਾਨ ਮੰਤਰੀ ਨੇ ਦਰਸਾਇਆ ਸੀ ਕਿ ਉਹ ਇਸ ਲਈ ਭਾਰਤ ਦੀ ਵਿਦੇਸ਼ ਨੀਤੀ ਨੂੰ ਨਵੀਂ ਦਿਸ਼ਾ ਵਿੱਚ ਤੋਰ ਸਕਦੇ ਹਨ। ਇਹ ਖੁਲਾਸਾ ਅਮਰੀਕਾ ਦੀ ਖ਼ੁਫ਼ੀਆ ਏਜੰਸੀ ਸੀਆਈਏ ਵੱਲੋਂ ਜਨਤਕ ਕੀਤੇ ਦਸਤਾਵੇਜ਼ਾਂ ਤੋਂ ਹੋਇਆ ਹੈ। ਸੀਆਈਏ ਨੇ 11 ਸਫਿਆਂ ਦੀ ਇਹ ਰਿਪੋਰਟ ਦਸੰਬਰ 2016 ਵਿੱਚ ਕਾਫ਼ੀ ਕੱਟ ਵੱਢ ਮਗਰੋਂ ਜਨਤਕ ਕੀਤੀ ਸੀ ਤੇ ਇਸ ਨਾਲ ਭਾਰਤ ਨਾਲ ਸਬੰਧਤ ਹੋਰ ਕਈ ਦਸਤਾਵੇਜ਼ ਵੀ ਮੌਜੂਦ ਸਨ।
ਇੰਟੈਲੀਜੈਂਸ ਬਾਰੇ ਅਮਰੀਕੀ ਡਾਇਰੈਕਟੋਰੇਟ ਨੇ ਦਸਤਾਵੇਜ਼ਾਂ ਵਿਚ ਕਿਹਾ ਕਿ ਭਾਰਤੀ ਪ੍ਰਧਾਨ ਮੰਤਰੀ ਨੇ ਅਹੁਦੇ ਦੀ ਸਹੁੰ ਚੁੱਕਣ ਤੋਂ ਲਗਭਗ 7 ਮਹੀਨਿਆਂ ਬਾਅਦ ਮਈ 1985 ਮਗਰੋਂ ਸੋਵੀਅਤ ਯੂਨੀਅਨ (ਸਾਂਝੇ ਰੂਸ), ਮੱਧ ਪੂਰਬ, ਫਰਾਂਸ ਅਤੇ ਅਮਰੀਕਾ ਦੀਆਂ ਪਾਈਆਂ ਫੇਰੀਆਂ ਮੌਕੇ ਇਹ ਪ੍ਰਭਾਵ ਦੇਣ ਦਾ ਯਤਨ ਕੀਤਾ ਸੀ ਕਿ ਉਹ ਭਾਰਤ ਦੀ ਵਿਦੇਸ਼ ਨੀਤੀ ਨੂੰ ਪਹਿਲੇ ਪ੍ਰਧਾਨ ਮੰਤਰੀਆਂ ਦੇ ਮੁਕਾਬਲੇ ਆਪਣੇ ਜਜ਼ਬਿਆਂ ਨੂੰ ਪਿੱਛੇ ਰੱਖ ਕੇ ਵਧੇਰੇ ਵਿਹਾਰਕ ਤਰੀਕੇ ਨਾਲ ਨਵੀਂ ਦਿਸ਼ਾ ਵਿਚ ਲਿਜਾਣ ਦੇ ਸਮਰੱਥ ਹੈ। ਦਸਤਾਵੇਜ਼ਾਂ ਵਿਚ ਕਿਹਾ ਗਿਆ ਹੈ ਕਿ ਗਾਂਧੀ ਨੇ ਅਜਿਹੇ ਸੰਕੇਤ ਦਿੱਤੇ ਸੀ ਕਿ ਭਾਰਤ ਅਮਰੀਕਾ ਅਤੇ ਪੱਛਮੀ ਯੂਰਪ ਨਾਲ ਆਪਣੇ ਆਰਥਿਕ ਖਾਸ ਤੌਰ 'ਤੇ ਤਕਨੀਕੀ ਸਬੰਧਾਂ ਨੂੰ ਅੱਗੇ ਲਿਜਾਣ ਲਈ ਤਿਆਰ ਹੈ। ਪਹਿਲੀ ਅਗਸਤ 1985 ਦੀ ਮਿਤੀ ਵਾਲੀ ਇਸ ਰਿਪੋਰਟ ਮੁਤਾਬਕ ਗਾਂਧੀ ਦੀ ਵਿਦੇਸ਼ ਫੇਰੀ ਨਾਲ ਉਨ੍ਹਾਂ ਦੀ ਵਿਕਸਤ ਹੁੰਦੀ ਨਿੱਜੀ ਤੇ ਕੂਟਨੀਤਕ ਸ਼ੈਲੀ ਦੀਆਂ ਕਈ ਖ਼ੂਬੀਆਂ ਉਭਰ ਕੇ ਸਾਹਮਣੇ ਆਈਆਂ ਸਨ।

## ਕੈਪਟਨ ਨੇ ਕਿਹਾ- ਚੰਡੀਗੜ੍ਹ ਪੁਲੀਸ ਨੂੰ ਦਿੱਤੀ ਜਾਵੇ ਖੁੱਲ੍ਹ

**ਨਵੀਂ ਦਿੱਲੀ :** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵਰਣਿਕਾ ਕੁੰਡੂ ਦਾ ਪਿੱਛਾ ਕਰ ਕੇ ਤੰਗ-ਪ੍ਰੇਸ਼ਾਨ ਕਰਨ ਦੇ ਮਾਮਲੇ ਵਿਚ ਚੰਡੀਗੜ੍ਹ ਪੁਲੀਸ ਨੂੰ ਜਾਂਚ ਕਰਨ ਵਿਚ ਖੁੱਲ੍ਹ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਪੁਲੀਸ 'ਤੇ ਦਬਾਅ ਬਣਾਉਣ ਦੀ ਕੋਸ਼ਿਸ਼ ਨਾ ਕੀਤੀ ਜਾਵੇ। ਕਿਸਾਨਾਂ ਦਾ ਕਰਜ਼ਾ ਮੁਆਫ਼ ਕਰਨ ਦੇ ਮੁੱਦੇ 'ਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਕਰਨ ਤੋਂ ਪਹਿਲਾਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਮਾਮਲੇ ਦੀ ਪੜਤਾਲ ਲਈ ਪੁਲੀਸ ਨੂੰ ਆਜ਼ਾਦਾਨਾ ਢੰਗ ਨਾਲ ਕੰਮ ਕਰਨ ਦੇਣਾ ਚਾਹੀਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਸ ਘਟਨਾ ਦੇ ਕਸੂਰਵਾਰਾਂ ਜਿਨ੍ਹਾਂ ਵਿਚ ਹਰਿਆਣਾ ਦੇ ਭਾਜਪਾ ਮੁਖੀ ਦਾ ਪੁੱਤਰ ਵੀ ਸ਼ਾਮਲ ਹੈ, ਖ਼ਿਲਾਫ਼ ਦੋਸ਼ ਘਟਾਉਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਕਿਸੇ ਤਰ੍ਹਾਂ ਦੀ ਸਿਆਸੀ ਦਖ਼ਲਅੰਦਾਜ਼ੀ ਸਹਿਣ ਨਾ ਕੀਤੀ ਜਾਵੇ ਅਤੇ ਕਾਨੂੰਨ ਮੁਤਾਬਕ ਇਸ ਮਾਮਲੇ ਦੀ ਜਾਂਚ ਨਿਰਪੱਖ ਢੰਗ ਨਾਲ ਕਰਨ ਲਈ ਪੁਲੀਸ ਸਮਰੱਥ ਅਥਾਰਟੀ ਹੋਣੀ ਚਾਹੀਦੀ ਹੈ। ਇਕ ਸਵਾਲ ਦੇ ਜੁਆਬ ਵਿਚ ਮੁੱਖ ਮੰਤਰੀ ਨੇ ਇਸ ਮਾਮਲੇ ਵਿਚ ਨੈਤਿਕ ਆਧਾਰ 'ਤੇ ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ ਦੇ ਅਸਤੀਫ਼ੇ ਦੀ ਮੰਗ ਨੂੰ ਰੱਦ ਕਰਦਿਆਂ ਬੇਤੁਕਾ ਦੱਸਿਆ। ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿਚ ਜਾਂ ਪੰਜਾਬ ਸਮੇਤ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਅਜਿਹੇ ਗੈਰ-ਜ਼ਿੰਮੇਵਾਰਾਨਾ ਰਵੱਈਏ ਵਾਲੇ ਮਾਮਲੇ ਵਿਚ ਵਿਅਕਤੀਗਤ ਜਾਂ ਪਾਰਟੀ ਲੀਡਰ ਜਾਂ ਉਨ੍ਹਾਂ ਦੇ ਬੱਚੇ ਦੀ ਸ਼ਮੂਲੀਅਤ ਹੋਵੇ, ਤਾਂ ਇਸ ਲਈ ਰਾਜਨਾਥ ਸਿੰਘ ਨੂੰ ਕਿਵੇਂ ਜ਼ਿੰਮੇਵਾਰ ਠਹਿਰਾਇਆ ਜਾ ਸਕਦਾ ਹੈ।

## ਕਾਂਗਰਸ ਦੀ ਹੋਂਦ ਨੂੰ ਗੰਭੀਰ ਸੰਕਟ : ਜੈਰਾਮ ਰਮੇਸ਼

### ਮੋਦੀ-ਸ਼ਾਹ ਨੂੰ ਮਾਤ ਦੇਣ ਲਈ ਘੜਨੀ ਪਵੇਗੀ ਨਵੀਂ ਰਣਨੀਤੀ

**ਕੋਚੀ/ਬਿਊਰੋ ਨਿਊਜ਼ :** ਕਾਂਗਰਸ ਦੇ ਸੀਨੀਅਰ ਆਗੂ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਪਾਰਟੀ ਹੋਂਦ ਦੇ ਗੰਭੀਰ ਸੰਕਟ ਵਿਚੋਂ ਲੰਘ ਰਹੀ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਭਾਜਪਾ ਮੁਖੀ ਅਮਿਤ ਸ਼ਾਹ ਵੱਲੋਂ ਦਿੱਤੀ ਗਈ ਚੁਣੌਤੀ ਦਾ ਉਨ੍ਹਾਂ ਪਾਰਟੀ ਆਗੂਆਂ ਨੂੰ ਇਕਜੁੱਟ ਹੋ ਕੇ ਸਾਹਮਣਾ ਕਰਨ ਦਾ ਸੱਦਾ ਦਿੱਤਾ ਹੈ। ਖ਼ਬਰ ਏਜੰਸੀ ਨਾਲ ਇੰਟਰਵਿਊ ਦੌਰਾਨ ਸ੍ਰੀ ਰਮੇਸ਼ ਨੇ ਕਿਹਾ ਕਿ ਮੋਦੀ ਅਤੇ ਸ਼ਾਹ ਦਾ ਟਾਕਰਾ ਕਰਨ ਲਈ ਪੁਰਾਣੀ ਰਣਨੀਤੀ ਕੰਮ ਨਹੀਂ ਆਏਗੀ ਅਤੇ ਕਾਂਗਰਸ ਨੂੰ ਪੈਰਾਂ ਸਿਰ ਖੜ੍ਹਾ ਕਰਨ ਲਈ ਲਚੀਲੀ ਪਹੁੰਚ ਅਪਣਾਉਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਐਮਰਜੈਂਸੀ ਤੋਂ ਬਾਅਦ 1977 ਅਤੇ 1996 ਤੋਂ 2004 ਤੱਕ ਜਦੋਂ ਸੱਤਾ ਤੋਂ ਬਾਹਰ ਸੀ ਤਾਂ ਚੁਣਾਵੀ ਹਾਰ ਦਾ ਸੰਕਟ ਸੀ ਪਰ ਅੱਜ ਤਾਂ ਪਾਰਟੀ ਨੂੰ ਹੋਂਦ ਦਾ ਸੰਕਟ ਹੀ ਖੜ੍ਹਾ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਸੋਚ ਗ਼ਲਤ ਹੋਏਗੀ ਕਿ ਸਥਾਪਤੀ ਖ਼ਿਲਾਫ਼ ਲਹਿਰ ਦਾ ਫਾਇਦਾ ਪਾਰਟੀ ਨੂੰ ਮਿਲੇਗਾ। ਸ੍ਰੀ ਰਮੇਸ਼ ਨੇ ਕਿਹਾ ਕਿ ਪੁਰਾਣੇ ਨਾਅਰੇ ਹੁਣ ਕੰਮ ਨਹੀਂ ਕਰਦੇ ਅਤੇ ਹੁਣ ਕਾਂਗਰਸ ਨੂੰ ਵੀ ਬਦਲਣਾ ਪਏਗਾ।



## ਪਿੰਡ ਧੰਦੀਵਾਲ ਵਿੱਚ ਦਿਹਾੜੀ ਵਧਾਉਣ ਦੀ ਮੰਗ ਕਰ ਰਹੇ ਦਲਿਤਾਂ ਦਾ ਬਾਈਕਾਟ

**ਸੰਗਰੂਰ/ਬਿਊਰੋ ਨਿਊਜ਼ :** ਧੂਰੀ ਅਧੀਨ ਪੈਂਦੇ ਪਿੰਡ ਧੰਦੀਵਾਲ ਵਿੱਚ ਕਥਿਤ ਤੌਰ 'ਤੇ ਦਲਿਤਾਂ ਦਾ ਬਾਈਕਾਟ ਕੀਤਾ ਗਿਆ ਹੈ। ਧੰਦੀਵਾਲ ਦੇ ਦਲਿਤ ਪਰਿਵਾਰਾਂ ਨੇ ਦਾਅਵਾ ਕੀਤਾ ਹੈ ਕਿ ਬਾਈਕਾਟ ਦਾ ਐਲਾਨ ਪਿੰਡ ਵਿੱਚ ਅਨਾਊਂਸਮੈਂਟ ਕਰ ਕੇ ਕੀਤਾ ਗਿਆ ਹੈ, ਜਿਸ ਤੋਂ ਬਾਅਦ ਉਨ੍ਹਾਂ ਨੂੰ ਖੇਤਾਂ ਵਿੱਚ ਵੜਨ ਤੋਂ ਰੋਕ ਦਿੱਤਾ ਗਿਆ ਹੈ। ਦਲਿਤ ਪਰਿਵਾਰਾਂ ਨੇ ਰੋਸ ਜਤਾਇਆ ਕਿ ਮਾਮਲਾ ਪ੍ਰਸ਼ਾਸਨ ਦੇ ਧਿਆਨ ਵਿੱਚ ਲਿਆਉਣ ਦੇ ਬਾਵਜੂਦ ਅਜੇ ਤੱਕ ਨਾ ਕੋਈ ਸਮਝੌਤਾ ਹੋਇਆ ਹੈ ਅਤੇ ਨਾ ਹੀ ਬਾਈਕਾਟ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਹੋਈ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਨੇ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ 7 ਅਗਸਤ ਨੂੰ ਜ਼ਿਲ੍ਹਾ ਪੱਧਰੀ ਮੀਟਿੰਗ ਬੁਲਾ ਲਈ ਹੈ। ਇੱਥੇ ਗਦਰ ਮੈਮੋਰੀਅਲ ਭਵਨ ਵਿੱਚ ਪ੍ਰੈੱਸ ਕਾਨਫਰੰਸ ਦੌਰਾਨ ਪਿੰਡ ਧੰਦੀਵਾਲ ਦੇ ਦਲਿਤ ਪਰਿਵਾਰਾਂ ਨਾਲ ਸਬੰਧਤ ਹੰਸ ਰਾਜ ਸਿੰਘ, ਦਰਸ਼ਨ ਸਿੰਘ, ਗੁਰਦੀਪ ਸਿੰਘ, ਗੁਰਪ੍ਰੀਤ ਸਿੰਘ, ਨੈਬ ਸਿੰਘ, ਬਿੰਦਰ ਸਿੰਘ, ਰਣਜੀਤ ਕੌਰ ਪੰਚ, ਜਸਵੀਰ ਕੌਰ, ਹਰਪਾਲ ਕੌਰ, ਜਸਵੰਤ ਕੌਰ, ਸੁਖਵਿੰਦਰ ਕੌਰ ਤੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਪ੍ਰਿਥੀ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਪਿੰਡ ਦੇ ਖੇਤਾਂ ਵਿੱਚ 12 ਘੰਟੇ ਕੰਮ ਕਰਨ ਦੀ ਦਿਹਾੜੀ ਪੁਰਸ਼ਾਂ ਲਈ 250 ਰੁਪਏ ਤੇ ਔਰਤਾਂ ਲਈ 220 ਰੁਪਏ ਸੀ ਪਰ ਮਹਿੰਗਾਈ ਵਧਣ ਕਾਰਨ ਜਦੋਂ ਮਜ਼ਦੂਰਾਂ ਨੇ ਦਿਹਾੜੀ 300 ਰੁਪਏ ਕਰਨ ਦੀ ਮੰਗ ਕੀਤੀ ਤਾਂ ਪਿੰਡ ਦੇ ਜ਼ਿਮੀਂਦਾਰਾਂ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਦਲਿਤ ਪਰਿਵਾਰਾਂ ਨੇ ਦਾਅਵਾ ਕੀਤਾ ਕਿ 19 ਅਤੇ 20 ਜੁਲਾਈ ਨੂੰ ਉਨ੍ਹਾਂ ਦੇ ਬਾਈਕਾਟ ਦੀ ਅਨਾਊਂਸਮੈਂਟ ਕਰਵਾ ਦਿੱਤੀ ਗਈ।



ਮੀਡੀਆ ਨਾਲ ਗੱਲਬਾਤ ਕਰਦੇ ਹੋਏ ਪਿੰਡ ਧੰਦੀਵਾਲ ਦੇ ਦਲਿਤ ਪਰਿਵਾਰ।

ਦਲਿਤ ਪਰਿਵਾਰਾਂ ਅਨੁਸਾਰ ਬਾਈਕਾਟ ਦੇ ਐਲਾਨ ਤੋਂ ਬਾਅਦ ਪਿੰਡ ਵਿੱਚ ਉਨ੍ਹਾਂ ਨੂੰ ਦੁਕਾਨ ਵਾਲਿਆਂ ਨੇ ਰਾਸ਼ਨ ਤੱਕ ਦੇਣਾ ਬੰਦ ਕਰ ਦਿੱਤਾ। ਉਨ੍ਹਾਂ ਦਾ ਖੇਤਾਂ ਵਿੱਚ ਵੜਨਾ ਵੀ ਬੰਦ ਕਰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਬਾਈਕਾਟ ਤੋਂ ਅਗਲੇ ਦਿਨ 21 ਜੁਲਾਈ ਨੂੰ ਮਾਮਲਾ ਡਿਪਟੀ ਕਮਿਸ਼ਨਰ ਦੇ ਧਿਆਨ ਵਿੱਚ ਲਿਆਂਦਾ ਗਿਆ, ਜਿਨ੍ਹਾਂ ਵੱਲੋਂ ਐਸਡੀਐਮ ਧੂਰੀ ਨੂੰ ਲਿਖ ਕੇ ਦਿੱਤਾ ਗਿਆ। ਕਰੀਬ 13 ਦਿਨਾਂ ਬਾਅਦ ਐਸਡੀਐਮ ਧੂਰੀ ਨੇ ਦੋਵਾਂ ਧਿਰਾਂ ਨੂੰ ਬੁਲਾਇਆ ਪਰ ਕੋਈ ਹੱਲ ਨਹੀਂ ਹੋਇਆ। ਪਿੰਡ ਦੇ ਸਰਪੰਚ ਕੁਲਵੰਤ ਸਿੰਘ ਦਾ ਕਹਿਣਾ ਸੀ ਕਿ ਮਾਮਲੇ ਅਜੇ ਹੱਲ ਨਹੀਂ ਹੋਇਆ। ਐਸਡੀਐਮ ਧੂਰੀ ਨੇ ਦੋਵਾਂ ਧਿਰਾਂ ਨੂੰ ਬੁਲਾਇਆ ਸੀ, ਪਰ ਫ਼ੈਸਲਾ ਨਹੀਂ ਹੋ ਸਕਿਆ। ਡਿਪਟੀ ਕਮਿਸ਼ਨਰ ਅਮਰਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਦਿਹਾੜੀ ਨੂੰ ਲੈ ਕੇ ਵਿਵਾਦ ਹੈ, ਜਿਸ ਨੂੰ ਸੁਲਝਾਉਣ ਲਈ ਦੋਵਾਂ ਧਿਰਾਂ ਨਾਲ ਗੱਲਬਾਤ ਜਾਰੀ ਹੈ। ਐਸਡੀਐਮ ਧੂਰੀ ਵੱਲੋਂ ਦੋਵਾਂ ਧਿਰਾਂ ਨਾਲ ਗੱਲਬਾਤ ਕੀਤੀ ਜਾ ਰਹੀ ਹੈ ਤੇ ਛੇਤੀ ਹੀ ਮਸਲਾ ਹੱਲ ਹੋ ਜਾਵੇਗਾ।

# Sir Speedy Tustin® Printers to the Community




**Outdoor 3'x11' Promo Flag**

**Only $29/-**

Pole & Spike $55/-




**Outdoor 3'x6' Durable Banner**

All weather, durable to sunlight, rain and wear & tear. Text only.

**Only $69/-**




**Receipt Books**

Customized with your information and design. 2 part carbonless with numbering and perforation.

**Call for Price**




**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**




**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**




**11" Printed Balloons**

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

**Your Printed T-Shirts**

**Only $4.99**




1 color in 1 position. Min Qty. 100

**Your Printed Caps**

**Only $4.99**




**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Productst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**




*South Asian Wedding Cards*



CALL NOW

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲ਼ਫਜ਼ਾਂ ਨੂੰ ਵੀ ਫੜਦੇ ਹਾਂ।**



ਰਜਿੰਦਰ ਕੌਰ
ਫ਼ੋਨ: 98889-02339, 84271-12339

(ਭਾਗ- 15)

## ਮਰ ਜਾ... ਚੁੱਪ ਕਰ ਜਾ

ਭਾਬੀ ਢੂਛਕ ਲਿਆਈ ਹੈ - ਪਿਓਕਿਆਂ ਤੋਂ - ਈਸ਼ਰ ਬਾਈ ਦੀ ਬਹੂ - ਪਿਆਰੋ - ਮੁੰਡਾ ਹੋਇਆ ਹੈ ਉਨ੍ਹਾਂ ਦੇ ਘਰ - ਸੁਰਮੁੱਖ, ਜੇਠੀ ਔਲਾਦ।

ਵਿਹੜੇ ਵਿਚ ਮੰਜਾ ਡਾਹ "ਦਿਖਾਵਾ" ਰੱਖਿਆ ਗਿਆ ਹੈ, ਅੱਜ। ਕੱਪੜੇ, ਭਾਂਡੇ, ਬਿਸਤਰੇ ਤੇ ਟੂਮ-ਟੱਲਾ ਵੀ। ਬਿਸਤਰੇ ਵਿਚ ਇਕ ਸਿਰ੍ਹਾਣਾ ਹੈ - ਚਿੱਟੇ ਦਾਣੇਦਾਰ ਕਪੜੇ 'ਤੇ ਕਈ ਰੰਗਾਂ ਨਾਲ - ਦੋ ਵੱਡੇ ਡੱਬੇ ਪਾ ਕੇ ਕੱਢਿਆ ਹੋਇਆ।

"ਆਹ ਸਿਰ੍ਹਾਣਾ ਬਹੁਤ ਵਧੀਆ ਹੈ - ਦੋ ਜਣੇ - ਦੋਨਾਂ ਡੱਬਿਆਂ 'ਤੇ - ਆਪਣਾ ਆਪਣਾ ਸਿਰ ਰੱਖ ਕੇ - ਅਰਾਮ ਨਾਲ ਸੌ ਸਕਦੇ ਹਨ।" ਮੈਂ ਚਤੁਰਾਈ ਘੋਟਦੀ ਹਾਂ।

"ਮਰ ਜਾ ਚੁੱਪ ਕਰ ਜਾ - ਅੰਦਰ ਤੇਰਾ ਬੀਰ ਬੈਠਾ।" ਭਾਬੀ ਹੌਲੀ ਜਿਹੀ ਮੁਸਕੁੜੀਆਂ ਹੱਸਦੀ ਹੱਸਦੀ ਜਿਹਾ ਘੂਰਦੀ ਹੈ। ਉਂਜ ਭਾਬੀ ਦੀ ਇਹ ਮੁਸਕੜੀ ਮੈਨੂੰ ਬਹੁਤ ਚੰਗੀ ਲਗਦੀ ਤੇ ਨਾਲ ਕੱਜਲ ਦੀਆਂ ਭਰੀਆਂ ਹੱਸਦੀਆਂ ਉਹਦੀਆਂ ਅੱਖਾਂ - ਅਜੇ ਤੱਕ ਸਾਡੇ ਸਾਰੇ ਘਰਾਂ ਵਿਚ ਭਾਬੀ ਵੀ ਤਾਂ ਇਕੋ ਹੀ ਹੈ - ਸਾਰਿਆਂ ਦੀ ਲਾਡਲੀ। ਇਕ ਦਿਨ ਇਸੇ ਤਰ੍ਹਾਂ 'ਬੀਰ' ਨੇ ਅੰਦਰ ਬੈਠੇ ਨੇ, ਬਾਹਰ ਚੁੱਲ੍ਹੇ ਮੂਹਰੇ ਰੋਟੀ ਪਕਾਉਂਦੀ ਭਾਬੀ ਤੋਂ ਰੋਟੀ ਮੰਗੀ ਪਤਾ ਨਹੀਂ ਉਹਦੇ ਮੂੰਹੋਂ ਕਿਵੇਂ ਨਿਕਲ ਗਿਆ, "ਲਿਆਉਂਦੀ ਆਂ ਬੀਰ" ਫੇਰ ਕੀ ਸੀ, ਬੀਰ ਦੀਆਂ ਝਿੜਕਾਂ ਤੇ ਭਾਬੀ ਦੇ ਹਾਸੇ ਜੋ ਉਹ ਸਾਨੂੰ ਮੁਸਕੁੜੀਆਂ ਹੱਸ ਹੱਸ ਸੁਣਾਉਂਦੀ ਸਾਰੀ ਵਾਰਤਾ - ਉਹਦੀ ਮੁਸਕੁੜੀ ਨਾ ਹੋਵੇ ਜਿਵੇਂ ਜਾਦੂ ਦੀ ਪੁੜੀ ਹੋਵੇ ਕੋਈ।

"ਨਾ ਬੀਰ ਬੈਠਾ ਤਾਂ ਕੀ ਹੋਇਆ। ਮੈਂ ਕਿਹੜਾ ਕੁਝ ਗ਼ਲਤ ਕਿਹਾ, ਇਹੋ ਕਿਹਾ - ਬਈ ਦੋ ਡੱਬਿਆਂ 'ਤੇ ਦੋ ਜਣੇ..."

"ਦੇਖ ਲਾ, ਫੇਰ ਬੋਲੀ ਜਾਂਦੀ ਆ, ਕੋਹੜਨ" - ਤਾਈ।

ਤੀਵੀਆਂ ਮੰਜੀਆਂ ਦੇ ਆਸ ਪਾਸ ਖੜ੍ਹੀਆਂ "ਦਿਖਾਵਾ" ਦੇਖ ਰਹੀਆਂ ਹਨ, ਚੀਜ਼ਾਂ ਉਲਟ ਪੁਲਟ ਕਰ ਕਰ ਕੇ। ਕੋਈ ਇਕ ਪੈਰ ਮੰਜੇ ਦੇ ਪਾਵੇ 'ਤੇ ਧਰੀ ਖੜ੍ਹੀ ਹੈ, ਕੋਈ ਚੁੰਨੀ ਦੀ ਕੰਨੀ ਮੂੰਹ ਵਿਚ ਦੱਬੀ ਮਾੜਾ ਜਿਹਾ ਘੁੰਡ ਕੱਢ ਕੇ ਪਰ੍ਹਾਂ ਨੂੰ ਖੜ੍ਹੀ ਹੈ, ਕੋਈ ਪੌੜੀ ਦੇ ਡੰਡੇ 'ਤੇ ਬੈਠੀ ਹੈ ਕੋਈ ਮਾੜਾ ਜਿਹਾ ਸਾਮਾਨ ਹਟਾ ਕੇ ਦੌਣ 'ਤੇ ਹੀ ਤੇ ਕੋਈ ਦੂਜੇ ਪਾਸੇ ਬਾਹੀ 'ਤੇ।

ਮੇਰੀ ਗੱਲ ਸੁਣ ਹੋਰ ਤਰ੍ਹਾਂ ਦਾ ਹਾਸਾ ਹਸੀ ਜਾ ਰਹੀਆਂ ਹਨ - ਸਾਰੀਆਂ।

"ਇਹਦੀ ਜ਼ੁਬਾਨ ਕਿਹੜੀ ਅੰਦਰ ਵੜਦੀ ਆ, ਜੋ ਆਇਆ - ਅਵਾ-ਤਵਾ - ਭੌਂਕ ਤਾ - ਰੱਬ ਹੀ ਬਚਾਏ ਇਸ ਜੈਂਡ ਤੋਂ।" ਬੀਜੀ ਸ਼ਰਮਿੰਦਾ ਹੋਏ ਗੁੱਸਾ ਕੱਢਦੇ ਹਨ - ਆਦਤ ਮੁਤਾਬਕ ਆਪਣੇ ਰਟੇ ਰਟਾਏ ਬੋਲ-ਬੋਲ ਕੇ।

ਪਰ ਮੈਂ ਡੈਂਬਰਿਆਂ ਵਾਂਗ ਬਿਟ-ਬਿਟ ਝਾਕ ਰਹੀ ਹਾਂ - ਐਧਰ ਔਧਰ ਤੇ ਕਿ ਮੈਂ ਗ਼ਲਤ ਕੀ ਕਹਿ ਦਿੱਤਾ।

"ਕੁਝ ਸਮਝਾਇਆ ਕਰ ਹਰਬੰਸ ਕੁਰ ਇਹਨੂੰ। ਐਡੀ ਬੁੱਢ-ਬਲੌਕ ਹੋਗੀ ਅਕਲ ਖ਼ਬਰਨੀ ਗਿਟਿਆਂ ਵਿਚ ਧਰੀ ਪਈ ਐ ਈਹਦੇ।" - ਅਮਰੋ ਤਾਈ।

"ਜਾਹ ਦੇਖ ਕੇ ਆ - ਸਾਡੇ ਤਖ਼ਤ ਲੱਗੇ ਆ ਕਿ ਨਹੀਂ।" ਬਾਹੋ ਫੜ ਚੰਨੋ ਮਾਸੀ ਮੈਨੂੰ ਬਾਹਰ ਨੂੰ ਧੱਕ ਦਿੰਦੀ ਹੈ। "ਜਾਹ ਨੱਠ ਕੇ...ਕਿਤੇ ਕੁੱਤਾ ਈ ਨਾ ਵੜ ਜਾਏ।"

ਮੈਂ ਭੱਜ ਕੇ ਜਾਂਦੀ ਹਾਂ - ਤਖ਼ਤੇ ਤਾਂ ਪਹਿਲਾਂ ਹੀ ਲੱਗੇ ਹੋਏ ਹਨ।

## ਹਾਂ ਹਾਂ.... ਨਾਂਹ ਨਾਂਹ

ਅੱਜ 'ਬਾਜੀ' ਪੈਣੀ ਹੈ।

ਕਈ ਦਿਨ ਤੋਂ ਰੌਲਾ ਹੈ -

"ਲੇਡਣ ਬੂਆ ਦੇ ਬਾੜੇ ਆਲੇ ਬਾਜੀਗਰ ਪਿੰਡ ਛੱਡ ਕੇ ਜਾ ਰਹੇ ਹਨ, ਸੰਗਰਾਂਦ ਆਲੇ ਦਿਨ ਗੁਰਦੁਆਰੇ ਮੂਹਰੇ ਬਾਜੀ ਪੈਣੀ ਹੈ, ਕੱਪੜਾ-ਲੀੜਾ, ਸੀਧਾ ਲੈ ਕੇ ਪੁੱਜ ਜਾਇਓ।" ਚੌਕੀਦਾਰ ਹੀ ਹੋਕਾ ਦਿੰਦਾ ਫਿਰ ਰਿਹਾ ਹੈ।

ਸਭ ਖੁਸ਼ ਹਨ, ਮੈਂ ਵੀ, ਪਰ ਉਦਾਸ ਵੀ ਹਾਂ - ਲਾਜੋ, ਬਾਜੀਗਰਾਂ ਦੀ ਕੁੜੀ ਮੇਰੀ ਹਾਣਨ, ਮੇਰੀ ਸਹੇਲੀ। ਉਨ੍ਹਾਂ ਦਾ ਪਰਿਵਾਰ, ਕਈ ਚਿਰਾਂ ਤੋਂ ਲੇਡਣ ਬੂਆ ਦੇ ਬਾੜੇ ਦਾ ਸ਼ਿੰਗਾਰ - ਹੁਣ ਸਭ ਚਲੇ ਜਾਣਗੇ ਸਦਾ ਲਈ - ਸੋਚ ਸੋਚ, ਅਸੀਂ ਉਦਾਸ ਹੋ ਜਾਂਦੀਆਂ ਹਾਂ, ਸਾਨੂੰ ਹੌਲ ਪੈਂਦੇ ਹਨ - ਦੋਹਾਂ ਨੂੰ।

ਸਾਡਾ ਤਾਂ ਹੱਸਣਾ ਖੇਡਣਾ, ਨੱਚਣਾ, ਟੱਪਣਾ ਇੱਥੋਂ ਤੱਕ ਕਿ ਕਦੀ ਕਦੀ ਖਾਣਾ ਪੀਣਾ ਵੀ ਸਾਂਝਾਂ ਹੁੰਦਾ ਹੈ। ਬੀਜੀ ਦੇ ਲੱਖ ਮਨ੍ਹਾ ਕਰਨ 'ਤੇ ਵੀ ਮੈਂ ਅਕਸਰ ਉਨ੍ਹਾਂ ਦੇ ਕੋਠੇ ਵਿਚ ਵੜੀ ਰਹਿੰਦੀ ਹਾਂ - ਉਨ੍ਹਾਂ ਨੂੰ ਨਿੱਕੇ ਨਿੱਕੇ ਕੰਮ - ਜੋ ਸਾਡੇ ਤੋਂ ਹਟ ਕੇ ਹੁੰਦੇ - ਕਰਦੇ ਦੇਖਦੀ ਹਾਂ- ਰੀਸ ਕਰਦੀ ਹਾਂ। ਇਥੋਂ ਤੱਕ ਕਿ ਜਦੋਂ ਲਾਜੋ ਸਾਹਮਣੇ ਦੇ ਖੇਤਾਂ ਵਿਚ ਗਧੀ ਚਾਰਨ ਜਾਂਦੀ ਹੈ ਮੈਂ ਵੀ ਆਨੇ ਬਹਾਨੇ ਉਹਦੇ ਨਾਲ ਚਲੀ ਜਾਂਦੀ ਹਾਂ।

ਲਾਜੋ ਦਾ ਬਾਪੂ ਰੱਸੀਆਂ ਵੱਟਦਾ, ਖ਼ਜੂਰੀ ਪੱਖੀਆਂ ਬਣਾਉਂਦਾ। ਉਹਦੀ ਬੇਬੇ ਰੰਗ ਬਰੰਗੀ ਟਾਕੀਆਂ ਲਾ ਲਾਲ ਗਦੋਲੀਆਂ ਸੀਂਦੀ - ਸਭ ਮੈਨੂੰ ਬਹੁਤ ਚੰਗਾ ਚੰਗਾ ਲਗਦਾ ਹੈ।

ਲਾਜੋ, ਕਦੀ ਚਲੇ ਜਾਏਗੀ ਇਹ ਤਾਂ ਮੈਂ ਕਦੇ ਸੋਚਿਆ ਹੀ ਨਹੀਂ ਸੀ। ਲੋਕ ਆਉਣਗੇ - ਉਨ੍ਹਾਂ ਦੇ ਰਿਸ਼ਤੇਦਾਰ, ਬਾਜੀ ਪਏਗੀ ਫੇਰ ਉਹ ਕਿਸੇ ਹੋਰ ਪਿੰਡ ਚਲੇ ਜਾਣਗੇ - ਲਾਜੋ ਦਸਦੀ ਹੈ।

'ਬਾਜੀ' ਕੀ ਹੁੰਦੀ ਹੈ, ਮੈਂ ਨਹੀਂ ਜਾਣਦੀ ਹਾਂ - ਇਸ ਤੋਂ ਪਹਿਲਾਂ ਨਾ ਮੈਂ ਕਦੇ ਦੇਖੀ ਨਾ ਸੁਣੀ। ਦੋ ਦਿਨ ਪਹਿਲਾਂ ਹੀ ਲਾਜੋ ਹੋਰਾਂ ਦੇ ਘਰ ਪ੍ਰਾਹੁਣੇ ਆਉਣ ਲਗ ਗਏ ਹਨ ਜਿਵੇਂ ਇੱਥੇ ਕੋਈ ਵਿਆਹ ਧਰਿਆ ਹੋਵੇ।

ਅੱਜ ਸੰਝਾਂ ਨੂੰ ਬਾਜੀ ਪੈਣੀ ਹੈ-

ਉਚੇਚ ਕਰ ਕਰ ਸਭ ਕੰਮਾਂ ਤੋਂ ਵਿਹਲੇ ਹੋ ਰਹੇ ਹਨ - ਜਿਹਨੂੰ ਪੁੱਛੋ - ਦੇਖੋ - ਸੁਣੋ, 'ਬਾਜੀ ਪੈਣੀ', 'ਬਾਜੀ ਪੈਣੀ' ਦਾ ਪਹਾੜਾ ਪੜ੍ਹ ਰਿਹਾ ਹੈ।

ਹੁਣ ਉਨ੍ਹਾਂ ਦੇ ਘਰ ਦੇ ਆਦਮੀ ਤੀਮੀਆਂ ਖਾਣ ਪੀਣ ਤੋਂ ਵਿਹਲੇ ਹੋ - ਸਜ ਰਹੇ ਹਨ - ਪੱਗਾਂ ਤਹਿਮਤਾਂ ਚਾਦਰੇ ਬੰਨ੍ਹ ਬੰਨ੍ਹ - ਤੇ ਤੀਵੀਆਂ ਵੀ। ਲਾਜੋ ਨੇ ਵੀ ਗੁੰਦਵਾਂ ਸਿਰ ਵਾਹਿਆ ਹੈ - ਉਚੇਚੇ ਕਰਕੇ ਨਵੇਂ ਕੱਪੜੇ ਪਾਏ ਹਨ - ਕੱਜਲ ਪਾਇਆ ਹੈ - 'ਰਕਾਨ' ਬਣੀ ਫਿਰਦੀ ਹੈ।

ਦੁਪਹਿਰ ਢਲਦੇ ਗੁਰਦੁਆਰੇ ਮੂਹਰੇ ਇਕੱਠ ਹੋ ਰਿਹਾ ਹੈ - ਇਕ ਪਾਸੇ ਬਾਜੀਗਰ ਆਪਣੀ ਆਪਣੀ ਟਿੰਡ ਫਾਉੜੀ ਲਈ ਬੈਠੇ ਹਨ - ਤਿਆਰ-ਬਰ-ਤਿਆਰ - ਲਾਜੋ ਦੇ ਭਾਈ ਤੇ ਬਾਪੂ ਸਣੇ। ਦੂਜੇ ਪਾਸੇ ਕੋਠਿਆਂ ਦੇ ਬਨੇਰੇ ਤੀਮੀਆਂ ਨੇ ਮੱਲ ਲਏ ਹਨ ਤੇ ਐਧਰ ਕੰਧਾਂ ਕੌਲੇ, ਪਿਲਕਣ ਦਾ ਚਬੂਤਰਾ ਮੁੰਡਿਆਂ-ਖੁੰਡਿਆਂ ਆਦਮੀਆਂ ਨੇ ਮੱਲ ਲਿਆ ਹੈ, ਪਿੰਡ ਦੇ ਮੋਹਤਬਰ ਬੁੜ੍ਹਿਆਂ ਸਣੇ।



ਗੁਰਦੁਆਰੇ ਮੂਹਰੇ ਵਿਹੜੇ ਵਿਚ ਇਕ ਪਾਸੇ, ਨਵੇਂ ਨਵੇਂ, ਸੀਤੇ ਅਣ-ਸੀਤੇ ਕਪੜਿਆਂ ਦਾ ਢੇਰ ਲੱਗ ਗਿਆ ਹੈ ਤੇ ਇਕ ਪਾਸੇ ਅਨਾਜ (ਧਾਨ, ਗੁੜ, ਕਣਕ, ਮੱਕੀ) ਦਾ।

ਲਾਜੋ ਦੇ ਰਿਸ਼ਤੇਦਾਰ ਸਾਰੇ ਵਾਰੋ ਵਾਰੀ ਬਾਜੀਆਂ ਲਾ ਰਹੇ ਹਨ - ਬਾਜੀਆਂ, ਉਲਟਬਾਜੀਆਂ, ਭਾਂਤ ਭਾਂਤ ਦੀਆਂ ਕਲਾਵਾਂ - ਲੰਮੀ ਛਾਲ ਅੱਗ ਵਿਚ ਦੀ ਛਾਲ, ਉੱਚੀ ਛਾਲ ਤੇ ਇਕ ਉੱਚੇ ਜੇਹੇ ਡੰਡੇ 'ਤੇ ਲੱਗੇ ਚੱਕਰ ਤੇ ਮੂਧੇ ਹੋ ਚਕਰੀ ਵਾਂਗ ਘੁੰਮ ਘੁੰਮ ਦਿਖਾ ਰਹੇ ਹਨ - ਆਪੋ ਆਪਣੇ ਜੌਹਰ - ਉਹ ਲੋਕ। ਸਭ ਖੁਸ਼ ਹਨ ਪਰ ਮੈਂ ਤੇ ਲਾਜੋ, ਖੁਸ਼ ਵੀ ਤੇ ਉਦਾਸ ਵੀ, ਇਕ ਪਾਸੇ ਬੈਠੀਆਂ ਹਾਂ - ਇਕ ਦੂਜੇ ਦਾ ਹੱਥ ਫੜੀ ਜਿਵੇਂ ਹੁਣੇ ਹੁਣੇ ਸਾਥੋਂ ਕਿਸੇ ਨੇ ਕੁਝ ਖੋਹ ਲੈਣਾ ਹੈ।

ਅੱਜ ਹੁਣ ਸਭ ਜਾ ਰਹੇ ਹਨ -

ਗੱਡੇ-ਗੱਡੀਆਂ ਗਧੀ 'ਤੇ ਸਮਾਜ ਲੱਦ ਲਿਆ ਗਿਆ ਹੈ। ਬਾੜਾ ਭਾਂਅ ਭਾਂਅ ਕਰਨ ਲੱਗ ਪਿਆ ਹੈ - ਆਪਣੇ ਅੰਦਰ ਕਈ ਕਹੀਆਂ - ਅਣਕਹੀਆਂ, ਛੋਹੀਆਂ - ਅਣਛੋਹੀਆਂ ਕਹਾਣੀਆਂ ਲਈ।

ਗਲੀ ਵਿਚ ਅੱਧਾ ਪਿੰਡ 'ਕੱਠਾ ਹੋਇਆ ਖੜ੍ਹਾ ਹੈ। ਉਂਜ ਮਾੜੀ ਜੀ ਗੱਲ ਹੋਈ ਨੀ - ਮਾੜੀ ਚੰਗੀ, ਪਿੰਡ ਤਾਂ ਉਈਂ 'ਕੱਠਾ ਹੋ ਜਾਂਦਾ ਹੈ - ਜਿਵੇਂ ਇੱਥੇ ਸਭ ਵਿਹਲੜ ਹੀ ਹੋਣ। ਲਾਜੋ ਗਧੀ 'ਤੇ ਬੈਠ ਗਈ ਹੈ, ਆਪਣੇ ਛੋਟੇ ਭਾਈ ਨੂੰ ਗੋਦੀ ਵਿਚ ਲੈ।

ਮੈਂ ਆਪਣੀ ਦਿਓਲੀ 'ਤੇ ਖੜ੍ਹੀ ਹਾਂ ਬੀਜੀ ਕੋਲ-ਅੰਦਰੇ ਅੰਦਰ ਡੁਸਕਦੀ।

"ਬੀਜੀ ਆਪਾਂ ਲਾਜੋ ਨੂੰ ਰੱਖ ਲਈਏ" ਖਬਰਨੀ ਮੇਰੇ ਮਨ ਵਿਚ ਕੀ ਆਉਂਦਾ ਹੈ - ਮੈਂ ਕਹਿੰਦੀ ਹਾਂ।

"ਰੱਖ ਲੈ...ਪਰ..." ਬੀਜੀ ਦੂਰ ਦੇਖਦੇ ਅਕਹਿਣ ਵਰਗਾ ਕੁਝ ਕਹਿ ਰਹੇ ਹਨ, ਪਰ ਮੈਂ ਨਾ ਆ ਦੇਖਦੀ ਹਾਂ ਨਾ ਤਾਅ, ਨੱਠ ਲੈਂਦੀ ਹਾਂ - "ਲਾਜੋ ਉਤਰ ਆ, ਮੇਰੇ ਬੀਜੀ ਕਹਿੰਦੇ ਤੂੰ ਸਾਡੇ ਕੋਲ ਰਹਿ ਸਕਦੀ ਹੈ - ਆ ਜਾ।" ਮੈਂ ਉਹਦਾ ਹੱਥ ਫੜ ਖਿਚਦੀ ਹਾਂ। ਲਾਚਾਰ ਲਾਜੋ - ਕਦੀ ਗੋਦੀ ਲਏ ਭਾਈ ਵੱਲ ਕਦੀ ਮੂਹਰੇ ਪਰ੍ਹਾਂ, ਖੜ੍ਹੀ ਮਾਂ ਵੱਲ ਵੇਖਦੀ ਹੈ - "ਨਹੀਂ, ਬੇਬੇ ਮਾਰੂਗੀ।"

"ਜਦ ਮੇਰੇ ਬੀਜੀ ਕਹਿੰਦੇ ਹਨ ਫੇਰ ਤੇਰੀ ਬੇਬੇ ਕਿਉਂ ਮਾਰੂਗੀ?" ਮੈਂ ਬੀਜੀ ਦੀ ਧੌਂਸ ਦਿੰਦੀ ਹਾਂ। "ਤੂੰ ਸਾਡੇ ਘਰ ਵੀ ਰਹਿ ਸਕਦੀ ਹੈ - ਬੀਜੀ ਨੇ ਮੈਨੂੰ ਕਿਹਾ ਹੈ।"

ਕਾਫਲਾ ਜਾ ਰਿਹਾ ਹੈ।

ਗੱਡੇ - ਗੱਡੀਆਂ, ਬੌਲਦਾਂ ਦੀਆਂ ਟੱਲੀਆਂ ਤੇ ਲੋਕਾਂ ਦੇ ਰਾਮ-ਰੌਲੇ ਵਿਚ ਗੁਆਚ ਜਾਂਦੀ ਹੈ - ਸਾਡੀ ਦੋਹਾਂ ਦੀ ਹਾਂ ਹਾਂ, ਨਾਂਹ ਨਾਂਹ...ਤੇ ਗੋਹਰ ਦੀ ਉਡਦੀ ਧੂੜ ਵਿਚ - ਸਦਾ ਲਈ - ਦੋ ਚਿਹਰੇ ਵੀ।

## ਕੁੱਪ ਉੱਤੇ ਬੋਦੀ

ਇਹ ਦਇਆ ਹੈ - ਦਇਆ ਸਿੰਘ।

ਬਖਸ਼ੀਸ਼ ਸਿੰਘ ਤਾਇਆ ਜੀ ਦਾ ਵੱਡਾ ਪੁੱਤਰ।

ਉਨ੍ਹਾਂ ਦੀਆਂ ਪੰਜ ਧੀਆਂ ਤੇ ਚਾਰ ਪੁੱਤਰ ਹਨ - ਜਸਵੰਤ, ਭਗਵੰਤ, ਕੁਲਵੰਤ, ਅਜਮੇਰੋ ਤੇ ਨਰਿੰਦਰ - ਦਇਆ, ਅਜਮੇਰ ਜੀਤ ਤੇ ਭੂਪਿੰਦਰ।

ਤਾਇਆ ਜੀ ਉਰਫ਼ ਬਾਊ ਜੀ ਸੰਤਾਲੀ ਤੋਂ ਪਹਿਲਾਂ ਕੰਪਾਊਡਰ ਸਨ ਲਾਹੌਰ - ਤੇ ਬਾਅਦ ਵਿਚ ਐਧਰ ਆ ਕੁਝ ਦੇਰ ਫਲੌਰ ਲੱਗੇ ਰਹੇ ਤੇ ਅੰਤ ਵਿਚ ਡਾਕਟਰੀ ਦੀ ਦੁਕਾਨ ਖੋਲ੍ਹ ਲਈ - ਬੇਲੇ - ਡਾਕਟਰ ਬਣ ਗਏ ਤੇ ਅਮਰੋ ਤਾਈ ਡਾਕਟਰਨੀ। ਢਿੱਡ ਦੁਖੇ, ਸਿਰ ਦੁਖੇ ਜਾਂ ਸੱਟ-ਫੇਟ ਲੱਗੇ ਜੇ - 'ਜਾਓ ਤਾਈ ਕੋਲ'। ਭੋਲੀ ਤਾਈ ਰੰਗ ਦੇਖ ਜਾਂ ਨੰਬਰ ਪੜ੍ਹ ਦਵਾਈ ਪਾ ਦਿੰਦੀ ਕੌਲੀ, ਪਿਆਲੀ ਜਾਂ ਕਟੋਰੀ ਵਿਚ - ਦੁੱਖ ਦੂਰ ਹੋ ਜਾਂਦਾ।

ਸਾਰਾ ਹੀ ਸ਼ਰੀਫਾਂ ਦਾ ਟੱਬਰ - ਰੱਜ ਕੇ ਭੋਲੇ - ਜਿੰਨੇ ਘਰ ਦੇ ਜੀਅ ਉਨੇ ਹੀ ਡੰਗਰ ਰੱਖ ਰੱਖੇ ਹਨ - ਮੈਸਾਂ ਝੋਟੀਆਂ - ਕੱਟੇ, ਕੱਟੀਆਂ - ਇਕ ਅੱਧੀ ਕੋਈ ਦੁੱਧ ਦਿੰਦੀ ਹੈ ਤਾਂ ਕੋਈ ਫੰਡਰ ਹੋਈ ਪਈ - ਫਾਇਦਾ ਘੱਟ ਸਿਰ ਦਰਦੀ ਵੱਧ।

ਹੱਲਿਆਂ ਤੋਂ ਬਾਅਦ ਐਧਰ ਆ ਚੱਜ ਨਾਲ ਕੋਈ ਨਿਆਣਾ ਨੀ ਪੜ੍ਹ ਸਕਿਆ। ਜੇ ਕੋਈ ਪੜ੍ਹਿਆ ਵੀ ਤਾਂ ਮਾੜਾ ਮੋਟਾ - ਘਰ ਦਾ ਕੰਮ, ਡੰਗਰਾਂ ਦਾ ਘਸਮਾਣ ਹੀ ਨਾ ਮੁੱਕਣ ਵਿਚ ਆਉਂਦਾ - ਸਾਰਾ ਸਾਰਾ ਦਿਨ। ਥੋੜ੍ਹੀ ਜਹੀ ਜ਼ਮੀਨ ਹੈ, ਨਾ ਬਰਾਬਰ। ਕਮਾਉਣ ਵਾਲੇ 'ਕੱਲੇ ਤਾਇਆ ਜੀ, ਜਿਨ੍ਹਾਂ ਨੂੰ ਸਾਰੇ ਵੱਡੇ ਛੋਟੇ ਸ਼ੁਰੂ ਤੋਂ ਹੀ 'ਬਾਊ ਜੀ' ਹੀ ਕਹਿੰਦੇ ਹਨ।

ਵੱਡੀ ਧੀ ਜਸਵੰਤ, ਅੰਤਾਂ ਦੀ ਸਿਆਣੀ, ਟੱਬਰ ਨੂੰ ਸਾਂਭਣ ਵਾਲੀ, ਵਿਆਹੀ ਗਈ ਤਾਂ ਸਭ ਕਹਿਣ - ਕੀ ਬਣੂੰ ਹੁਣ ਇਸ ਟੱਬਰ ਦਾ - ਤੇ ਹੁਣ ਵਿਆਹ ਦੀ ਵੀ ਸੁਣ ਲਓ, ਵਿਆਹ ਹੈ ਜਸਵੰਤ ਦਾ -

ਅੱਜ ਦੂਜਾ ਦਿਨ ਹੈ - ਸਵੇਰਾ, ਅਨੰਦ ਕਾਰਜਾਂ ਦਾ ਸਮਾਂ, ਸਰਦੀਆਂ ਦੀ ਰੁੱਤ - ਭਰ ਸਰਦੀਆਂ - ਸਭ ਤਿਆਰ ਹੋ ਰਹੇ ਹਨ - ਲਾਵਾਂ ਜੁ ਹੋਣ ਵਾਲੀਆਂ ਹਨ ਪਰ ਦਇਆ ਭਾਈ ਸਾਹਿਬ - ਮਾਂ ਦਾ ਲਾਡਲਾ, ਰਜਾਈ ਲਪੇਟੀ ਪਿਆ ਹੈ। ਸਾਰੇ ਉਠਾਉਂਦੇ ਹਨ - ਵਾਰੋ ਵਾਰੀ ਪਰ ਦਏ ਹੋਰਾਂ ਦੇ ਤਾਂ ਕੰਨ 'ਤੇ ਜੂੰ ਹੀ ਨਹੀਂ ਸਰਕ ਰਹੀ, "ਦਏ ਪੁੱਤ ਉੱਠ, ਹੈ... ਲਾਵਾਂ 'ਤੇ ਭੈਣ ਨੂੰ ਹੱਥ ਨੀ ਲਾਉਣਾ?" ਤਾਈ ਵਾਹ ਲਾਹ ਰਹੀ ਹੈ ਪਰ ਦਏ ਹੋਣੀ ਤਾਂ ਅੰਗਦ ਦੇ ਪੈਰ ਜਮਾਉਣ ਵਾਂਗ - ਨਾ ਹਿੱਲ ਨਾ ਜੁੱਲ। ਅੰਤ ਸਾਰੇ ਜਸਵੰਤ ਨੂੰ ਹੀ ਕਹਿੰਦੇ ਹਨ, ਤੂੰ ਉਠਾ, ਤੇਰਾ ਕਿਹਾ ਹੀ ਮੰਨੂ - ਨਾਲੇ ਤੈਥੋਂ ਹੀ ਤਾਂ ਡਰਦਾ ਹੈ, ਬਸ।

ਅੱਜ ਤੇ ਜਸਵੰਤ ਵਿਆਂਦੜ ਹੈ - ਪਿਆਰ ਨਾਲ ਪੁਚਕਾਰ ਕੇ ਉਠਾਉਂਦੀ ਹੈ - ਪਰ ਕਿੱਥੇ, ਅੰਤ ਨੂੰ ਉਹਨੂੰ ਆਪਣਾ ਰੂਪ ਦਿਖਾਉਣਾ ਹੀ ਪੈਂਦਾ ਹੈ।

ਉਠਦਾ ਹੈ ਦਇਆ, ਚਿੜਿਆ ਹੋਇਆ, ਰੋਣ ਬੈਠ ਜਾਂਦਾ ਹੈ ਤੇ ਸ਼ਰਮਿੰਦਗੀ ਵੀ ਹੋ ਰਹੀ ਹੈ ਪਰ ਤਿਆਰ ਅਜੇ ਵੀ ਨਹੀਂ ਹੋ ਰਿਹਾ। ਸਾਰੇ ਹੱਸਦੇ ਹਨ - ਜਸਵੰਤ ਵੀ।

"ਅੱਛਾ ਹੁਣ ਮੈਂ ਰੋ ਰਿਹਾ ਹਾਂ - ਤੂੰ ਹੱਸਦੀ ਹੈ।" ਜਸਵੰਤ ਤੇ ਗੁੱਸਾ ਕਢਦਾ ਹੈ, "ਜਦੋਂ ਡੋਲੀ ਤੁਰੂਗੀ ਤੂੰ ਟੀਂ ਟੀਂ ਕਰੇਂਗੀ ਤੇ ਮੈਂ ਹੱਸਾਂਗਾ।"

ਸਾਰੇ ਕਹੀਏ ਹੁਣ ਇਹ ਹਾਲ ਹੈ ਡੋਲੀ ਵੇਲੇ ਖ਼ਬਰੇ ਕੀ ਕਰੂ - ਇਹਨੇ ਤਾਂ ਨਾਲ ਜਾਣਾ ਹੈ - ਜਸਵੰਤ ਦੇ।

ਪਰ ਦੇਖਦੇ ਹਾਂ - ਡੋਲੀ ਵੇਲੇ ਤਿਆਰ ਬਰ ਤਿਆਰ ਸਭ ਤੋਂ ਮੂਹਰੇ ਖੜ੍ਹਾ ਹੱਸ ਰਿਹਾ ਹੈ - ਅੰਤਾਂ ਦਾ ਖੁਸ਼। ਜਸਵੰਤ ਰੋ ਰਹੀ ਹੈ। ਸਾਰੇ ਉਦਾਸ ਹਨ ਪਰ ਉਹਨੂੰ ਵੇਖ -ਫੇਰ ਸਾਰਿਆਂ ਦਾ ਹਾਸਾ ਨਿਕਲ ਜਾਂਦਾ ਹੈ।

ਇਹ ਦਇਆ ਹੈ। ਬਹੁਤ ਸਾਧਾਰਨ ਤੇ ਅੰਤਾਂ ਦਾ ਲਾਪਰਵਾਹ, ਲਾਡਲੇ ਨਿਆਣਿਆਂ ਵਰਗਾ -

ਆਮ ਕੱਛਾ ਕਮੀਜ਼ (ਬਟਨ ਖੁੱਲ੍ਹੇ) ਪਾ - ਨੰਗੇ ਪੈਰ ਘੁੰਮਦਾ ਰਹਿੰਦਾ ਹੈ - ਅੰਦਰ ਬਾਹਰ, ਨਿੱਕੇ ਵੱਡੇ ਮਨ-ਪਸੰਦ ਕੰਮ ਕਰਦਾ। ਉਂਜ ਬੇਲੇ ਪੜ੍ਹਦਾ ਵੀ ਹੈ। ਮੇਰੇ ਨਾਲ ਚੌਥੀ ਜਮਾਤ ਵਿਚ ਹੀ - ਮੇਰਾ ਜਮਾਤੀ।

ਸਿਰ 'ਤੇ ਕੇਸ ਭਾਰੀ ਹਨ, ਗੁੱਟਾ ਕਰਦਾ ਹੈ - ਢਿਲਾ ਜਿਹਾ, ਬੋਦੀ ਛਡ ਕੇ ਜੀਹਨੂੰ ਵਾਰ ਵਾਰ ਦਿਨ ਵਿਚ ਕੱਸਦਾ ਰਹਿੰਦਾ ਹੈ - ਅੱਧ ਪਚੱਧ ਵਾਲ ਪਿੱਛੇ ਨੂੰ ਗਰਦਨ 'ਤੇ ਡਿੱਗੇ ਰਹਿੰਦੇ ਹਨ।

ਤੇਜੋ ਬੂਆ, ਕੇਸਰੇ ਬੀਬੀ, ਅਕਸਰ ਉਹਨੂੰ ਦੇਖ ਹੱਸਦੀਆਂ ਰਹਿੰਦੀਆਂ, ਮਖੌਲ ਕਰਦੀਆਂ ਤੇ ਛੇੜਦੀਆਂ ਰਹਿੰਦੀਆਂ ਹਨ। ਇਕ ਦਿਨ ਖ਼ਬਰੇ ਬੂਆ ਨੂੰ ਕੀ ਸੁੱਝਦੀ ਹੈ - ਕਹਿੰਦੀ, "ਦੇਖਿਓ ਮੈਂ ਬਲਾਉਂਦੀ ਆਂ ਦਏ ਨੂੰ।"

ਉਹ ਗਲੀ ਵਿਚੋਂ ਘਰ ਨੂੰ ਨੱਠਿਆ ਜਾ ਰਿਹਾ ਹੈ।

"ਵੇ...ਕੁੱਪ..." ਬੂਆ ਹਾਕ ਮਾਰਦੀ ਹੈ।

ਉਹ ਨੱਠਿਆ ਜਾਂਦਾ ਖੜ੍ਹ ਜਾਂਦਾ ਹੈ ਤੇ ਬੂਆ ਵੱਲ ਰੌਅ ਵਿਚ ਵੇਖਦਾ ਹੈ -

"ਕੁੱਪ ਉੱਤੇ ਬੋਦੀ, ਤੇਰੀ ਮਾਂ ਭੈਣ..."

ਗਾਲ੍ਹ ਵਰਗੇ ਸ਼ਬਦ ਆਖ ਭੱਜ ਜਾਂਦਾ ਹੈ। ਬਾੜੇ ਵਿਚ ਬੈਠੀਆਂ ਛੋਟੀਆਂ ਵੱਡੀਆਂ, ਸੁਣ ਸਭ ਹੱਸਣ ਲੱਗ ਜਾਂਦੀਆਂ ਹਨ- ਉਸ ਦੀ ਨਾਦਾਨੀ 'ਤੇ।

ਪਰ ਮੈਨੂੰ ਬੂਆ 'ਤੇ ਬਹੁਤ ਗੁੱਸਾ ਆਉਂਦਾ। ਬੂਆ ਇੰਜ ਕਿਉਂ ਖਿਝਾਉਂਦੀ ਰਹਿੰਦੀ ਹੈ - ਵਿਚਾਰੇ ਨੂੰ। ਉਂਜ ਬੂਆ ਨੂੰ ਆਪ ਤਾਂ, "ਬੇਵਕੂਫ਼" ਨਹੀਂ ਕਹਿਣਾ ਆਉਂਦਾ।

ਅਸੀਂ ਵੀ ਜਦ ਬੂਆ ਨੂੰ ਕਹਿਣਾ ਕਹਿ ਬੂਆ "ਬੇਵਕੂਫ਼" ਤਾਂ ਉਸ ਨੇ ਹਮੇਸ਼ਾ "ਬੇਕੂ" ਹੀ ਕਹਿਣਾ ਹੁੰਦਾ ਕਿਉਂਕਿ ਅਸੀਂ ਬੂਆ ਤੋਂ ਇਕ ਵਾਰ ਜਦ ਇਹ ਸ਼ਬਦ ਸੁਣ ਲਿਆ ਤਾਂ ਉਸ ਤੋਂ ਕੁਹਾਈ ਜਾਣਾ - ਵਾਹ ਲਗਦੇ ਤੇ ਬੂਆ ਨੇ ਹੱਸ ਹੱਸ ਕਹੀ ਜਾਣਾ ਹੁੰਦਾ। ਨਾ ਉਹ ਅੱਕਦੀ, ਨਾ ਥੱਕਦੀ, ਨਾ ਕਦੀ ਖਿੱਝਦੀ। ਖ਼ਬਰੇ ਬੂਆ ਨੂੰ ਗੁੱਸਾ ਕਿਉਂ ਨਹੀਂ ਆਉਂਦਾ - ਮੈਂ ਸੋਚਦੀ ਰਹਿੰਦੀ ਹਾਂ।

ਇੰਜ ਕਿੰਨੇ ਹੀ ਹਾਸੇ-ਠੱਠੇ, ਮਖੌਲ ਹੁੰਦੇ ਰਹਿੰਦੇ ਸਾਡੇ ਵਿਚ ਪਰਿਵਾਰ ਵਿਚ - ਕਦੇ ਵੀ ਕਿਤੇ ਵੀ - ਨਾਵਾਂ-ਕੁਨਾਵਾਂ ਨਾਲ। ਜੇ ਭਗਵੰਤ, 'ਭੱਗੀ' ਉਰਫ਼ 'ਸਾਧਣੀ' ਹੈ ਤਾ ਦੇਬੋ, 'ਭੀਲਣੀ' ਕੁਲਵੰਤ 'ਅੱਕੀ' ਉਰਫ਼ 'ਕੌੜੀ' ਤਾਂ ਭਾਬੀ - 'ਭੁਸਰੀ' ਤਾਈ 'ਲੰਬੋ' ਕੋਈ ਮੁੰਡਾ 'ਗੀਤਾ' ਹੈ ਕੋਈ 'ਗੁੱਡੀ' ਕੋਈ 'ਬੱਲੀ' ਹੈ ਕੋਈ 'ਤਾਰੀ' ਕੋਈ 'ਪਟਵਾਰੀ' ਬਣਿਆ ਫਿਰਦਾ ਹੈ ਕੋਈ 'ਅੰਗਰੇਜ਼' ਤੇ ਕੋਈ 'ਮੋਹਣ ਮਾਜਰੀ ਫੱਸੇ' - ਭਾਂਤ-ਸੁਭਾਂਤੇ ਕਿਰਦਾਰ, ਆਪਣੇ ਆਪਣੇ ਨਾਵਾਂ-ਕੁਨਾਵਾਂ ਤੇ ਵਿਸ਼ੇਸ਼ਤਾਵਾਂ ਦੇ ਨਾਲ - ਮਾਨੋ ਕੋਈ ਬਗੀਚਾ ਹੋਵੇ, ਰੰਗ-ਬਰੰਗੇ ਫੁੱਲਾਂ ਦਾ ਖਿੜ੍ਹਿਆ ਇੱਥੇ।

(ਬਾਕੀ ਅਗਲੇ ਹਫ਼ਤੇ)

## ਕਾਂਗਰਸੀ ਨੇਤਾ ਦੀ ਜਿੱਤ ਭਾਜਪਾ ਲਈ ਵੱਡਾ ਝਟਕਾ

ਹੋਣ ਵਾਲੀ ਸੀ ਕਿ ਤਾਂ ਭਾਜਪਾ ਅੜ ਗਈ। 3 ਸੀਟਾਂ 'ਤੇ ਹੋਈ ਚੋਣ ਵਿਚੋਂ ਬਾਕੀ ਦੋ 'ਤੇ ਅਮਿਤ ਸ਼ਾਹ ਤੇ ਸਮ੍ਰਿਤੀ ਇਰਾਨੀ ਵੀ ਜਿੱਤੇ ਹਨ।

ਚੋਣ ਕਮਿਸ਼ਨ ਨੇ ਦੋ ਵਿਧਾਇਕਾਂ ਦੀਆਂ ਵੋਟਾਂ ਰੱਦ ਕਰਨ ਦਾ ਫ਼ੈਸਲਾ ਵੋਟ ਪਾਉਣ ਦੀ ਪ੍ਰਕਿਰਿਆ ਦੀ ਵੀਡੀਓ ਦੇਖਣ ਪਿੱਛੋਂ ਲਿਆ ਅਤੇ ਕਿਹਾ ਕਿ ਦੋ ਵਿਧਾਇਕਾਂ ਭੋਲਾਭਾਈ ਗੋਹਿਲ ਅਤੇ ਰਾਘਵਜੀਭਾਈ ਪਟੇਲ ਨੇ ਵੋਟ ਪਾਉਣ ਦੀ ਪ੍ਰਕਿਰਿਆ ਅਤੇ ਵੋਟਾਂ ਦੀ ਗੁਪਤਤਾ ਦੀ ਉਲੰਘਣਾ ਕੀਤੀ ਹੈ। ਭਾਜਪਾ ਮੰਗ ਕਰ ਰਹੀ ਸੀ ਕਿ ਵਾਇਰਲ ਵੀਡੀਓ ਦੀ ਜਾਂਚ ਕਰਵਾਈ ਜਾਵੇ।

ਕਾਂਗਰਸ ਦੇ ਇਤਰਾਜ਼ਾਂ ਨੂੰ ਨਿਰਾਧਾਰ ਦੱਸਦੇ ਹੋਏ ਭਾਜਪਾ ਨੇ ਵੋਟਾਂ ਦੀ ਗਿਣਤੀ ਜਲਦ ਸ਼ੁਰੂ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਕ ਵਾਰ ਡੱਬਿਆਂ ਵਿਚ ਪੈ ਜਾਣ ਤੋਂ ਬਾਅਦ ਵੋਟਾਂ ਨੂੰ ਰੱਦ ਕਰਨ ਦਾ ਕੋਈ ਸਵਾਲ ਹੀ ਪੈਦਾ ਨਹੀਂ ਹੁੰਦਾ। ਇਸ ਸਬੰਧੀ ਪਾਰਟੀ ਆਗੂਆਂ ਦਾ ਵਫਦ, ਜਿਸ ਵਿਚ ਕੇਂਦਰੀ ਮੰਤਰੀ ਅਰੁਣ ਜੇਤਲੀ, ਰਵੀਸ਼ੰਕਰ ਪ੍ਰਸਾਦ ਤੇ ਪਿਯੂਸ਼ ਗੋਇਲ ਸ਼ਾਮਿਲ ਸਨ, ਨੇ ਚੋਣ ਕਮਿਸ਼ਨ ਨਾਲ ਮੁਲਾਕਾਤ ਕੀਤੀ ਸੀ। ਚੋਣ ਕਮਿਸ਼ਨ ਨੂੰ ਮਿਲਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪਿਯੂਸ਼ ਗੋਇਲ ਨੇ ਕਿਹਾ ਕਿ ਚੋਣ ਅਧਿਕਾਰੀ ਦਾ ਫੈਸਲਾ ਅੰਤਿਮ ਹੈ। ਉਨ੍ਹਾਂ ਕਿਹਾ ਕਿ ਜਦੋਂ ਵੋਟਾਂ ਪਾਈਆਂ ਜਾ ਰਹੀਆਂ ਸਨ ਤਾਂ ਉਸ ਵੇਲੇ ਨਾ ਤਾਂ ਕਾਂਗਰਸ ਤੇ ਨਾ ਹੀ ਚੋਣ ਨਿਰੀਖਕਾਂ ਨੇ ਕੋਈ ਇਤਰਾਜ਼ ਕੀਤਾ ਤਾਂ ਹੁਣ ਵੋਟਾਂ ਬਾਰੇ ਕੋਈ ਸਵਾਲ ਚੁੱਕਣ ਦਾ ਕੋਈ ਮਤਲਬ ਹੀ ਨਹੀਂ ਹੈ।

## ਅਮਰੀਕਾ ਤੇ ਉਤਰ ਕੋਰੀਆ ਨੇ ਦਾਗ਼ੀਆਂ ਸ਼ਬਦੀ ਮਿਜ਼ਾਈਲਾਂ

ਇਸ ਤੋਂ ਪਹਿਲਾਂ ਪਰਮਾਣੂ ਹਥਿਆਰ ਪ੍ਰੋਗਰਾਮ ਵਾਪਸ ਲੈਣ ਤੋਂ ਪਿਓਂਗਯਾਂਗ ਦੇ ਇਨਕਾਰ ਕਰਨ ਤੋਂ ਬਾਅਦ ਸੰਯੁਕਤ ਰਾਸ਼ਟਰ ਵਿਚ ਅਮਰੀਕਾ ਦੀ ਰਾਜਦੂਤ ਨਿੱਕੀ ਹੇਲੀ ਨੇ ਕਿਹਾ ਸੀ ਕਿ ਵਾਸ਼ਿੰਗਟਨ ਅਤੇ ਕੌਮਾਂਤਰੀ ਭਾਈਚਾਰਾ ਉਤਰ ਕੋਰੀਆ ਤੋਂ ਡਰਨ ਵਾਲਾ ਨਹੀਂ। ਹੇਲੀ ਨੇ ਕਿਹਾ, 'ਜੋ ਹੋ ਰਿਹਾ ਹੈ, ਉਹਦੇ ਲਈ ਸਾਨੂੰ ਸਾਰਿਆਂ ਨੂੰ ਚਿੰਤਤ ਹੋਣਾ ਚਾਹੀਦਾ ਹੈ। ਉਤਰ ਕੋਰੀਆ ਦੇਖ ਸਕਦਾ ਹੈ ਕਿ ਕੌਮਾਂਤਰੀ ਭਾਈਚਾਰਾ ਇਕਜੁਟ ਹੈ। ਚੀਨ ਤੇ ਰੂਸ ਨੇ ਮੂੰਹ ਨਹੀਂ ਮੋੜਿਆ। ਸੁਰੱਖਿਆ ਕੌਂਸਲ ਦੇ ਸਾਰੇ ਮੈਂਬਰਾਂ ਤੇ ਕੌਮਾਂਤਰੀ ਭਾਈਚਾਰੇ ਦਾ ਕਹਿਣਾ ਹੈ ਕਿ ਹੁਣ ਬਹੁਤ ਹੋਇਆ। ਤੁਹਾਨੂੰ ਇਸ ਨੂੰ ਰੋਕਣਾ ਹੀ ਪਏਗਾ।' ਜਪਾਨੀ ਰੱਖਿਆ ਮੰਤਰਾਲੇ ਦੀ ਇਕ ਰਿਪੋਰਟ ਮੁਤਾਬਕ ਉਤਰ ਕੋਰੀਆ ਤੋਂ ਹੋਣ ਵਾਲਾ ਖ਼ਤਰਾ 'ਨਵੇਂ ਪੱਧਰ' 'ਤੇ ਪਹੁੰਚ ਗਿਆ ਹੈ। ਅਜਿਹਾ ਇਸ ਲਈ ਕਿਉਂਕਿ ਉਤਰ ਕੋਰੀਆ ਹੁਣ ਅੰਤਰਮਹਾਂਦੀਪ ਬੈਲਿਸਟਿਕ ਮਿਜ਼ਾਈਲ (ਆਈ.ਸੀ.ਬੀ.ਐਮ.) ਦਾਗਣ ਦੇ ਸਮਰਥ ਹੋ ਗਿਆ ਹੈ। ਇਹੀ ਨਹੀਂ ਉਤਰ ਕੋਰੀਆ ਦੀ ਪਰਮਾਣੂ ਹਥਿਆਰ ਯੋਜਨਾ ਵੀ ਕਾਫ਼ੀ ਉਨਤ ਹੋ ਗਈ ਹੈ। ਮਾਹਰਾਂ ਦਾ ਕਹਿਣਾ ਹੈ ਕਿ ਆਈ.ਸੀ.ਬੀ.ਐਮ. ਦੀ ਜ਼ਦ ਵਿਚ ਅਮਰੀਕਾ ਦੇ ਮੁੱਖ ਭੂ-ਭਾਗ ਨਾਲ ਜ਼ਿਆਦਾ ਵੱਡੇ ਖੇਤਰ ਆ ਸਕਦੇ ਹਨ। ਇਨ੍ਹਾਂ ਖੇਤਰਾਂ ਵਿਚ ਲਾਸ ਏਂਜਲਸ ਤੇ ਸ਼ਿਕਾਗੋ ਵੀ ਸ਼ਾਮਲ ਹਨ। ਟਰੰਪ ਨੇ ਕਿਹਾ ਕਿ ਉਤਰ ਕੋਰੀਆ ਦਾ ਆਗੂ ਕਿਮ ਜੋਂਗ ਉਨ ਸਾਧਾਰਨ ਬਿਆਨ ਜਾਰੀ ਕਰਨ ਦੀ ਥਾਂ ਬਹੁਤ ਧਮਕੀਆਂ ਦੇ ਰਿਹਾ ਹੈ ਤੇ ਇਹ ਧਮਕੀਆਂ ਉਸ ਨੂੰ ਬਹੁਤ ਮਹਿੰਗੀਆਂ ਪੈਣਗੀਆਂ। ਟਰੰਪ ਦਾ ਇਹ ਬਿਆਨ ਉਦੋਂ ਆਇਆ ਜਦੋਂ ਅਮਰੀਕੀ ਖ਼ੁਫੀਆ ਅਧਿਕਾਰੀਆਂ ਨੇ ਰਿਪੋਰਟ ਕੀਤਾ ਕਿ ਉਤਰ ਕੋਰੀਆ ਨੇ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਅੱਗੇ ਵਧਾਉਂਦਿਆਂ ਲਘੂ ਪਰਮਾਣੂ ਹਥਿਆਰ ਵਿਕਸਤ ਕੀਤਾ ਹੈ ਜੋ ਮਿਜ਼ਾਈਲ ਵਾਂਗ ਵਰਤਿਆ ਜਾ ਸਕਦਾ ਹੈ। ਪਿਛਲੇ ਹਫ਼ਤਿਆਂ ਦੌਰਾਨ ਉਤਰ ਕੋਰੀਆ ਨੇ ਇਹ ਵੀ ਦਾਅਵਾ ਕੀਤਾ ਸੀ ਕਿ ਉਸ ਨੇ ਦੋ ਇੰਟਰਕੋਂਟੀਨੈਂਟਲ ਬੈਲਿਸਟਿਕ ਮਿਜ਼ਾਈਲਾਂ ਦਾ ਸਫਲਤਾ ਪੂਰਵਕ ਪਰੀਖਣ ਕੀਤਾ ਹੈ ਤੇ ਇਨ੍ਹਾਂ ਦੀ ਸਮਰਥਾ ਅਲਾਸਕਾ ਤੱਕ ਮਾਰ ਕਰਨ ਦੀ ਹੈ।

ਐਨ.ਬੀ.ਸੀ. ਨਿਊਜ਼ ਤੇ ਦੀ ਵਾਸ਼ਿੰਗਟਨ ਪੋਸਟ ਅਨੁਸਾਰ ਅਮਰੀਕੀ ਅਧਿਕਾਰੀਆਂ ਇਹ ਨਹੀਂ ਜਾਣਦੇ ਕਿ ਉਤਰ ਕੋਰੀਆ ਨੇ ਹਾਲੇ ਆਪਣੇ ਮੁੱਖ ਪਰਮਾਣੂ ਹਥਿਆਰ ਦਾ ਪਰੀਖਣ ਕੀਤਾ ਹੈ ਜਾਂ ਹਾਲੇ ਕਰਨਾ ਹੈ। ਸੋਮਵਾਰ ਨੂੰ ਉਤਰ ਕੋਰੀਆ ਨੇ ਵੀ ਇਸੇ ਤਰ੍ਹਾਂ ਦੀ ਧਮਕੀ ਅਮਰੀਕਾ ਨੂੰ ਦਿੱਤੀ ਸੀ। ਉਤਰ ਕੋਰੀਆ ਦਾ ਹਵਾਲਾ ਦਿੰਦਿਆਂ ਵਿਦੇਸ਼ ਮੰਤਰੀ ਰੀ ਯੋਂਗ ਹੋ ਨੇ ਬਿਆਨ ਦਿੱਤਾ ਸੀ ਕਿ ਉਹ ਆਪਣੇ ਰਣਨੀਤਕ ਪਰਮਾਣੂ ਤਾਕਤ ਨਾਲ ਅਮਰੀਕਾ ਨੂੰ ਸਬਕ ਸਿਖਾਉਣ ਲਈ ਤਿਆਰ ਹੈ।

## ਨਫ਼ਰਤ ਦਾ ਕੋਈ ਰੰਗ ਨਹੀਂ ਹੁੰਦਾ ਤੇ ਨਾ ਹੀ ਕੋਈ ਚਿਹਰਾ

ਉਨ੍ਹਾਂ ਕਿਹਾ, 'ਪੰਜ ਸਾਲ ਪਹਿਲਾਂ ਗੁਰਦੁਆਰੇ 'ਤੇ ਘਿਨਾਉਣੇ ਹਮਲੇ ਨਾਲ ਓਕ ਕਰੀਕ ਕੰਬ ਗਿਆ ਸੀ ਅਤੇ ਅਸੀਂ ਉਸ ਹਿੰਸਕ ਘਟਨਾ ਵਿਚ ਜਾਨ ਗੁਆਉਣ ਵਾਲਿਆਂ ਦੀ ਪਵਿੱਤਰ ਯਾਦ ਵਿਚ ਇਕੱਠੇ ਹੋਏ ਹਾਂ।' ਸੈਨੇਟਰ ਰੌਨ ਜੌਹਨਸਨ ਨੇ ਕਿਹਾ, 'ਓਕ ਕਰੀਕ ਹਮਲੇ ਦੀ 5ਵੀਂ ਬਰਸੀ ਮੌਕੇ ਸਿੱਖ ਭਾਈਚਾਰਾ ਸਾਡੀਆਂ ਦੁਆਵਾਂ ਵਿੱਚ ਹੈ।' ਸੈਨੇਟਰ ਟੈਮੀ ਬਾਲਡਵਿਨ ਨੇ ਕਿਹਾ, 'ਅਸੀਂ ਗੁਰਦੁਆਰੇ 'ਤੇ ਨਿੰਦਣਯੋਗ ਹਮਲੇ ਦੀ ਬਰਸੀ ਮੌਕੇ ਇਕ ਭਾਈਚਾਰੇ ਵਜੋਂ ਜੁੜੇ ਹਾਂ। ਮੈਨੂੰ ਸਾਡੇ ਸਿੱਖ ਭਾਈਚਾਰੇ ਉਤੇ ਵੱਡਾ ਮਾਣ ਹੈ। ਉਨ੍ਹਾਂ ਦੀ ਦਿਆਲਤਾ ਅਤੇ ਸ਼ਾਂਤੀ ਦਾ ਪੈਗ਼ਾਮ ਪੂਰੇ ਮੁਲਕ ਵਿਚ ਗੂੰਜਿਆ ਹੈ।'

ਨਿਊ ਯਾਰਕ ਤੋਂ ਡੈਮੋਕਰੈਟਿਕ ਕਾਨੂੰਨਸਾਜ਼ ਗ੍ਰੇਸ ਮੇਂਗ ਨੇ ਕਿਹਾ, 'ਸਿੱਖ-ਅਮਰੀਕੀ ਭਾਈਚਾਰੇ ਦੀਆਂ ਕਈ ਪੀੜ੍ਹੀਆਂ ਨੇ ਸਾਡੇ ਮੁਲਕ ਵਿਚ ਵੱਡਾ ਯੋਗਦਾਨ ਪਾਇਆ ਹੈ ਅਤੇ ਉਨ੍ਹਾਂ ਨੂੰ ਸ਼ਿਕਾਰ ਬਣਾਇਆ ਜਾਣਾ ਬਰਦਾਸ਼ਤਯੋਗ ਨਹੀਂ ਹੈ। ਸਾਨੂੰ ਨਸਲਵਾਦ, ਅਸਹਿਣਸ਼ੀਲਤਾ ਤੇ ਹਿੰਸਾ ਖ਼ਿਲਾਫ਼ ਲੜਨਾ ਚਾਹੀਦਾ ਹੈ।' ਭਾਰਤੀ-ਅਮੈਰਿਕਨ ਕਾਂਗਰਸ ਮੈਂਬਰ ਪ੍ਰੈਮਿਲਾ ਜਯਾਪਾਲ ਨੇ ਕਿਹਾ, 'ਪੰਜ ਸਾਲ ਪਹਿਲਾਂ ਇਕ ਆਧੁਨਿਕ-ਨਾਜ਼ੀ ਨੇ ਗੁਰਦੁਆਰੇ ਵਿਚ ਛੇ ਜਾਨਾਂ ਲਈਆਂ ਸਨ। ਓਕ ਕਰੀਕ ਨੂੰ ਯਾਦ ਕਰਨ ਅਤੇ ਹਰ ਤਰ੍ਹਾਂ ਦੀ ਨਫ਼ਰਤ ਖ਼ਿਲਾਫ਼ ਖੜ੍ਹਨ ਦੀ ਲੋੜ ਹੈ।' ਸਿੱਖ ਪੋਲਿਟੀਕਲ ਐਕਸ਼ਨ ਕਮੇਟੀ ਦੇ ਮੁਖੀ ਗੁਰਿੰਦਰ ਸਿੰਘ ਖਾਲਸਾ ਨੇ ਕਿਹਾ, 'ਇਹ ਘਟਨਾ ਸਿੱਖ ਭਾਈਚਾਰੇ ਨੂੰ ਹਲੂਣਨ ਵਾਲੀ ਸੀ। ਸਿੱਖਾਂ ਨੂੰ ਜਾਗਰੂਕਤਾ ਵਾਲੇ ਵੱਖ ਉਤੇ ਹੋਰ ਬਹੁਤ ਕੁਝ ਕਰਨ ਦੀ ਲੋੜ ਹੈ। ਭਾਈਚਾਰੇ ਨੂੰ ਜਾਗਰੂਕ, ਸਿੱਖਿਅਤ ਅਤੇ ਤਾਕਤਵਰ ਬਣਾਉਣ ਦੀ ਲੋੜ ਹੈ।' ਸਿੱਖ ਅਮੈਰੀਕਨ ਲੀਗਲ ਡਿਫੈਂਸ ਐਂਡ ਐਜੂਕੇਸ਼ਨ ਫੰਡ ਤੋਂ ਬਲਦੇਵ ਸਿੰਘ ਨੇ ਕਿਹਾ, 'ਜਦੋਂ ਨਫ਼ਰਤੀ ਸੁਰਾਂ ਸਾਡੇ ਮੁਲਕ 'ਤੇ ਭਾਰੂ ਹੋ ਰਹੀਆਂ ਹੋਣ, ਤਾਂ ਸਿੱਖ ਭਾਈਚਾਰੇ ਨੂੰ ਚੌਕਸ ਰਹਿੰਦਿਆਂ ਆਪਣੇ ਵਿਸ਼ਵਾਸਾਂ ਅਤੇ ਅਸੂਲਾਂ 'ਤੇ ਪਹਿਰਾ ਦੇਣਾ ਚਾਹੀਦਾ ਹੈ।'

ਗੁਰੂ ਘਰ ਵਿਚ ਬੁਲਾਰਿਆਂ 'ਚ ਸ਼ਾਮਲ ਓਕ ਕਰੀਕ ਪੁਲੀਸ ਦੇ ਸਾਬਕਾ ਅਫ਼ਸਰ ਬਰੇਨ ਮਰਫ਼ੀ, ਜਿਨ੍ਹਾਂ 'ਤੇ ਹਮਲਾਵਾਰ ਨੇ 15 ਵਾਰੀ ਗੋਲੀ ਚਲਾਈ, ਨੇ ਕਿਹਾ, 'ਜਦੋਂ ਤੁਹਾਡੇ ਤੋਂ ਕੋਈ ਤੁਹਾਡੀ ਪਿਆਰੀ ਚੀਜ਼ ਖੋਹ ਲਈ ਗਈ ਸੀ, ਜਦੋਂ ਤੁਹਾਡੇ ਕੁਝ ਆਪਣੇ ਹਮੇਸ਼ਾ ਲਈ ਅਲਵਿਦਾ ਕਹਿ ਗਏ ਸਨ, ਉਹ ਵਾਪਸ ਨਹੀਂ ਆ ਸਕਦੇ।' ਮ੍ਰਿਤਕਾਂ ਨੂੰ ਯਾਦ ਕਰਦਿਆਂ ਉਨ੍ਹਾਂ ਕਿਹਾ, 'ਉਨ੍ਹਾਂ ਲੋਕਾਂ ਦੀ ਆਵਾਜ਼ ਅੱਜ ਵੀ ਇੱਥੇ ਗੂੰਜ ਰਹੀ ਹੈ। ਇਸ ਘਟਨਾ ਨੇ ਬਹੁਤ ਲੋਕਾਂ ਦੀ ਜ਼ਿੰਦਗੀ ਬਦਲ ਦਿੱਤੀ ਪਰ ਉਸ ਮੰਦਭਾਗੇ ਦਿਨ ਨੂੰ ਯਾਦ ਕਰਦਿਆਂ ਸਾਰੇ ਇੱਥੇ ਇਕੱਤਰ ਹੁੰਦੇ ਹਨ।'

ਜ਼ਿਕਰਯੋਗ ਹੈ ਕਿ ਪਿਛਲੇ ਕੁਝ ਵਰ੍ਹਿਆਂ ਤੋਂ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਨਫ਼ਰਤੀ ਹਿੰਸਾ ਦੀਆਂ ਘਟਨਾਵਾਂ ਵਧੀਆਂ ਹਨ। ਪਰ ਸਿੱਖ ਭਾਈਚਾਰਾ ਇਸ ਨਫ਼ਰਤੀ ਹਨੇਰੀ ਦੇ ਖ਼ਿਲਾਫ਼ ਡੱਟ ਕੇ ਖੜ੍ਹਾ ਹੈ ਤੇ ਇਸ ਨਫ਼ਰਤ ਨੂੰ ਖ਼ਤਮ ਕਰਨ ਦੀ ਅਪੀਲ ਕਰ ਰਿਹਾ ਹੈ।

ਇਸ ਹਮਲੇ ਵਿਚ ਮਾਰੇ ਗਏ ਸਤਵੰਤ ਸਿੰਘ ਕਾਲੇਕਾ ਦਾ ਪੁੱਤਰ ਪ੍ਰਦੀਪ ਕਾਲੇਕਾ ਦਾ ਕਹਿਣਾ ਹੈ, 'ਆਪਣੇ ਦੁੱਖ-ਦਰਦ ਵਿਚੋਂ ਲੰਘਦਿਆਂ ਮੈਂ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ, ਇਸ ਲਈ ਯਤਨ ਆਰੰਭੇ। ਮੈਂ ਹੋਰਨਾਂ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ ਬਾਰੇ ਜਾਗਰੂਕ ਕਰਨ ਲਈ 'ਸਰਵ ਟੂ ਯੂਨਾਇਟ' ਨਾਂ ਦਾ ਪ੍ਰੋਗਰਾਮ ਸ਼ੁਰੂ ਕੀਤਾ।' ਇਸ ਘਟਨਾ ਤੋਂ ਤੁਰੰਤ ਬਾਅਦ ਸਿੱਖ ਭਾਈਚਾਰੇ ਨੇ ਸਾਰੇ ਧਰਮਾਂ ਦੇ ਲੋਕਾਂ ਨੂੰ ਗੁਰੂ ਘਰ ਲਿਆ ਕੇ ਸਿੱਖ ਧਰਮ ਬਾਰੇ ਜਾਗਰੂਕ ਕਰਨ ਦੀਆਂ ਕੋਸ਼ਿਸ਼ਾਂ ਵਿੱਢੀਆਂ। ਇਸ ਮੁਹਿੰਮ ਵਿਚ ਪ੍ਰਦੀਪ ਕਾਲੇਕਾ ਦਾ ਸਾਥ ਦੇ ਰਹੇ ਨਵਦੀਪ ਸਿੰਘ ਗਿੱਲ ਨੇ ਕਿਹਾ, 'ਅਸੀਂ ਜਲਦੀ ਹੀ ਮਹਿਸੂਸ ਕੀਤਾ ਕਿ ਉਨ੍ਹਾਂ ਨੂੰ ਗੁਰੂ ਘਰ ਦੇ ਬਾਹਰ ਜਾ ਕੇ ਲੋਕਾਂ ਨੂੰ ਜਾਗਰੂਕ ਕਰਨ ਦੀ ਲੋੜ ਹੈ।' ਸੰਸਥਾ ਨੇ ਸਕੂਲਾਂ, ਕਾਲਜਾਂ, ਚਰਚਾਂ ਵਿਚ ਜਾ ਕੇ ਲੋਕਾਂ ਸਿੱਖੀ ਬਾਰੇ ਦੱਸਿਆ।

ਇਸ ਮੌਕੇ ਸ਼ਨਿੱਚਰਵਾਰ ਨੂੰ 6 ਕਿਲੋਮੀਟਰ ਦੌੜ ਦਾ ਵੀ ਪ੍ਰਬੰਧ ਕੀਤਾ ਗਿਆ। ਤਿੰਨ ਸਾਲ ਪਹਿਲਾਂ ਰਕਤ ਦਾਨ ਦੀ ਮੁਹਿੰਮ ਵੀ ਸ਼ੁਰੂ ਕੀਤੀ ਗਈ ਸੀ। ਇਸ ਵਰ੍ਹੇ ਗੁਰੂ ਘਰ ਦੇ ਮੈਂਬਰਾਂ ਨੇ 4 ਜੁਲਾਈ ਨੂੰ ਪੈਰੇਡ ਵਿਚ ਇਸ ਦਿਨ ਨੂੰ ਯਾਦ ਕਰਦਿਆਂ ਪਹਿਲੀ ਫਲੋਟ ਵੀ ਤਿਆਰ ਕੀਤੀ ਗਈ ਸੀ।

## ਪ੍ਰਭਜੋਤ ਸਿੰਘ...ਓਕ ਕਰੀਕ ਗੁਰਦੁਆਰਾ ਸਾਹਿਬ 'ਚ ਹੋਏ ਕਤਲੇਆਮ ਦਾ ਗਵਾਹ

**ਜੂਲੀ ਜੌਂਜਮਰ**

ਪ੍ਰਭਜੋਤ ਸਿੰਘ ਰਾਠੌਰ ਮਹਿਜ਼ 12 ਵਰ੍ਹਿਆਂ ਦਾ ਸੀ ਜਦੋਂ ਉਸ ਨੇ ਆਪਣੇ ਪਿਤਾ ਨੂੰ ਕਤਲ ਹੁੰਦਿਆਂ ਵੇਖਿਆ ਸੀ। ਉਹ ਪੰਜ ਸਾਲ ਪਹਿਲਾਂ ਗੁਰਦੁਆਰਾ ਸਾਹਿਬ, ਓਕ ਕਰੀਕ ਦੇ ਕਤਲੇਆਮ ਦਾ ਗਵਾਹ ਹੈ। ਅੱਜ ਵੀ ਪ੍ਰਭਜੋਤ ਸਿੰਘ ਪਵਿੱਤਰ ਅਸਥਾਨ 'ਤੇ ਆਉਂਦਾ ਹੈ ਤੇ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੁੰਦਾ ਹੈ। ਇਹ ਰਾਹ ਉਸ ਦੇ ਪਿਤਾ ਨੇ ਹੀ ਦਿਖਾਇਆ ਸੀ ਕਿ ਹਰ ਹਫ਼ਤੇ ਗੁਰਦੁਆਰਾ ਸਾਹਿਬ ਜਾਣਾ ਚਾਹੀਦਾ ਹੈ। ਇਸ ਲਈ ਉਹ ਇੱਥੇ ਹਰ ਐਤਵਾਰ ਨੂੰ ਆਉਂਦਾ ਹੈ। ਇੱਥੇ ਉਹ ਆਪਣੇ ਦੋਸਤਾਂ ਨੂੰ ਮਿਲਿਆ ਤੇ ਗੁਰੂ ਕਾ ਲੰਗਰ ਛਕਿਆ। ਇਹ ਉਹੀ ਜਗ੍ਹਾ ਸੀ ਜਿਥੇ ਉਸ ਦੇ ਪਿਤਾ ਦੀ ਹੱਤਿਆ ਹੋਈ ਸੀ।

ਪ੍ਰਭਜੋਤ ਨੂੰ ਉਦੋਂ ਅਮਰੀਕਾ ਆਇਆਂ ਹਾਲੇ ਤਿੰਨ ਮਹੀਨੇ ਵੀ ਨਹੀਂ ਸਨ ਹੋਏ ਜਦੋਂ ਗੁਰੂ ਘਰ ਵਿਚ ਗੋਲੀਬਾਰੀ ਹੋਈ। ਗੋਲੀਬਾਰੀ ਕਰਨ ਵਾਲਾ ਪੇਜ ਨਾਜ਼ੀ ਸੀ ਜੋ ਗੋਰਿਆਂ ਨੂੰ ਸਭ ਤੋਂ ਉੱਤਮ ਮੰਨਦਾ ਸੀ ਤੇ ਹੋਰਨਾਂ ਭਾਈਚਾਰਿਆਂ ਨਾਲ ਨਫ਼ਰਤ ਕਰਦਾ ਸੀ। ਪੁਲੀਸ ਨੇ ਮੌਕੇ 'ਤੇ ਹੀ ਉਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ ਸੀ। ਇਸ ਸ਼ਨਿੱਚਰਵਾਰ ਓਕ ਕਰੀਕ ਵਿਚ ਗੋਲੀਬਾਰੀ ਦੀ 5ਵੀਂ ਵਰ੍ਹੇਗੰਢ ਮੌਕੇ ਅਰਦਾਸ ਕੀਤੀ ਗਈ। ਇਸ ਦਿਹਾੜੇ ਨੂੰ ਯਾਦ ਕਰਕੇ ਅੱਜ ਵੀ ਸਿੱਖਾਂ ਦੇ ਮਨ ਭਿੱਜ ਜਾਂਦੇ ਹਨ ਤੇ ਵਾਹਿਗੁਰੂ ਅੱਗੇ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ ਦੀਆਂ ਅਰਦਾਸਾਂ ਕਰਦੇ ਹਨ।

ਵਿਸਕੌਨਸਿਨ ਦੇ ਗੁਰਦੁਆਰਾ ਸਾਹਿਬ ਦੇ ਮੁੱਖ ਦਰਵਾਜ਼ੇ 'ਤੇ ਅੱਜ ਵੀ ਗੋਲੀਆਂ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ। 5 ਅਗਸਤ, 2012 ਬਹੁਤ ਸਾਰੇ ਅਮਰੀਕੀਆਂ ਲਈ ਅਜਿਹਾ ਦਿਨ ਸੀ, ਜਿਸ ਦਿਨ ਉਨ੍ਹਾਂ ਨੇ ਪਹਿਲੀ ਵਾਰ ਸਿੱਖ ਧਰਮ ਬਾਰੇ ਸੁਣਿਆ ਸੀ। ਪਰ ਪ੍ਰਭਜੋਤ ਸਿੰਘ ਲਈ ਇਹ ਦਿਨ ਉਸ ਦੀ ਜ਼ਿੰਦਗੀ ਨੂੰ ਦੋ ਹਿੱਸਿਆਂ, 'ਪਹਿਲਾਂ ਤੇ ਬਾਅਦ' ਵਿਚ ਵੰਡ ਗਿਆ। ਉਸ ਦਿਨ ਉਸ ਦੇ ਪਿਤਾ ਦੀ ਮ੍ਰਿਤਕ ਦੇਹ ਉਸ ਦੀਆਂ ਅੱਖਾਂ ਸਾਹਮਣੇ ਜ਼ਮੀਨ 'ਤੇ ਪਈ ਸੀ। ਉਸ ਨੇ ਹਾਈ ਸਕੂਲ ਦੇ ਇਕ ਪ੍ਰੋਜੈਕਟ ਦੌਰਾਨ ਲਿਖਿਆ ਸੀ-'ਉਸ ਦਿਨ ਨੇ ਮੇਰੀ ਦੁਨੀਆ ਬਦਲ ਦਿੱਤੀ। ਮੈਂ ਪੂਰੀ ਤਰ੍ਹਾਂ ਹਿਲ ਗਿਆ।' ਉਹ ਉਨ੍ਹਾਂ ਕੌੜੀਆਂ ਯਾਦਾਂ ਨਾਲ ਵੱਡਾ ਹੋ ਰਿਹਾ ਹੈ। ਉਹ ਹੁਣ ਭਾਵੇਂ ਹਾਈ ਸਕੂਲ ਤੋਂ ਗਰੈਜੂਏਟ ਹੋ ਕੇ ਕਾਲਜ ਸ਼ੁਰੂ ਕਰਨ ਦੀ ਤਿਆਰੀ ਕਰ ਰਿਹਾ ਹੈ ਪਰ ਉਹ ਹਾਲੇ ਵੀ ਸੋਚਦਾ ਹੈ ਕਿ ਅਜਿਹੇ ਮੁਲਕ ਵਿਚ ਰਹਿਣ ਦਾ ਕੀ ਮਤਲਬ, ਜਿਸ ਵਿਚ ਉਸ ਨੇ ਏਨੀ ਨਫ਼ਰਤ ਹੰਢਾਈ।

ਨਫ਼ਰਤ ਦੀ ਇਹ ਕੋਈ ਪਹਿਲੀ ਘਟਨਾ ਨਹੀਂ ਸੀ। ਇਸ ਘਟਨਾ ਤੋਂ ਪਹਿਲਾਂ ਬਰਮਿੰਘਮ, ਅਲਬਾਮਾ, ਚਰਚ ਵਿਚ 1963 ਵਿਚ ਚਾਰ ਬੱਚੀਆਂ ਬੰਬ ਧਮਾਕੇ ਵਿਚ ਮਾਰੀਆਂ ਗਈਆਂ ਸਨ। ਚਾਰਲਸਟੋਨ, ਸਾਊਥ ਕੈਰੋਲੀਨਾ, ਚਰਚ ਵਿਚ 2015 ਨੂੰ 9 ਸਿਆਹਫਾਮ ਲੋਕਾਂ ਦਾ ਕਤਲ ਕਰ ਦਿੱਤਾ ਗਿਆ ਸੀ।

ਪ੍ਰਭਜੋਤ ਸਿੰਘ ਦੇ ਪਿਤਾ ਪ੍ਰਕਾਸ਼ ਸਿੰਘ ਨੇ ਆਪਣੇ ਦੂਰ ਦੇ ਰਿਸ਼ਤੇਦਾਰ ਕੋਲੋਂ ਇਸ ਗੁਰੂ ਘਰ ਬਾਰੇ ਸੁਣਿਆ ਸੀ। ਭਾਰਤ ਤੋਂ ਸਿੱਖ ਪਰਵਾਸੀਆਂ ਦਾ ਭਾਈਚਾਰਾ ਮਿਲਵਾਕੀ ਵਿਚ ਵੱਧ ਰਿਹਾ ਸੀ ਤੇ ਹੁਣ ਅੰਦਾਜ਼ਨ 2 ਤੋਂ 3 ਹਜ਼ਾਰ ਪਰਿਵਾਰ ਇੱਥੇ ਰਹਿ ਰਹੇ ਹਨ। ਇੱਥੇ 2 ਗੁਰੂ ਘਰ ਸਨ ਤੇ ਇਸ ਗੁਰੂ ਘਰ ਵਿਚ ਇਕ ਹੋਰ ਗ੍ਰੰਥੀ ਸਿੰਘ ਦੀ ਲੋੜ ਸੀ। ਪ੍ਰਕਾਸ਼ ਸਿੰਘ ਨੇ ਸਿੱਖ ਧਰਮ ਦੀ ਬਾਕਾਇਦਾ ਸਿਖਲਾਈ ਲਈ ਸੀ।

ਜ਼ਿਕਰਯੋਗ ਹੈ ਕਿ ਪ੍ਰਕਾਸ਼ ਸਿੰਘ ਅਤੇ ਉਸ ਦੀ ਪਤਨੀ ਰਵਿੰਦਰ ਨੇ, ਜੋ ਹਰਿਦੁਆਰ ਵਿਚ ਰਹਿੰਦੇ ਸਨ, ਅਮਰੀਕਾ ਆ ਕੇ ਵਸਣ ਦਾ ਫ਼ੈਸਲਾ ਕੀਤਾ ਸੀ। ਪਹਿਲਾਂ ਪ੍ਰਕਾਸ਼ ਸਿੰਘ ਨੇ ਆ ਕੇ ਖ਼ੁਦ ਨੂੰ ਸਥਾਪਤ ਕੀਤਾ ਤੇ ਫੇਰ ਉਨ੍ਹਾਂ ਦੀ ਪਤਨੀ ਰਵਿੰਦਰ ਕੌਰ ਤੇ ਦੋ ਬੱਚਿਆਂ ਨੇ ਉਨ੍ਹਾਂ ਕੋਲ ਆ ਜਾਣਾ ਸੀ। ਇਸ ਦੌਰਾਨ ਪ੍ਰਕਾਸ਼ ਸਿੰਘ ਰੋਜ਼ ਰਾਤ ਨੂੰ ਆਪਣੇ ਬੱਚਿਆਂ ਨੂੰ ਫ਼ੋਨ ਕਰਦਾ ਸੀ। ਪ੍ਰਭਜੋਤ ਨੇ ਹਰਿਦੁਆਰ ਦੇ ਆਪਣੇ ਹਾਣੀਆਂ ਕੋਲ ਸ਼ੇਖੀ ਮਾਰੀ ਕਿ ਹੁਣ ਉਹ ਅਮਰੀਕਾ ਚਲਾ ਜਾਵੇਗਾ, ਜਿੱਥੇ ਬਿਹਤਰ ਜ਼ਿੰਦਗੀ ਉਡੀਕ ਰਹੀ ਹੈ, ਉਥੇ ਧੂੜ ਮਿੱਟੀ ਵੀ ਨਹੀਂ ਹੋਵੇਗੀ। ਪਰ ਮੈਨੂੰ ਕੀ ਪਤਾ ਸੀ ਕਿ ਉਥੇ ਜਾ ਕੇ ਜ਼ਿੰਦਗੀ ਕਿਵੇਂ ਬਦਲ ਜਾਵੇਗੀ। ਮੈਂ ਪਰਿਵਾਰ ਸਮੇਤ ਅਮਰੀਕਾ ਵਿਚ ਸੀ। ਕਈ ਤਰ੍ਹਾਂ ਦੇ ਸੁਪਨੇ ਅੱਖਾਂ ਵਿਚ ਪਲ ਰਹੇ ਸਨ। ਅਸੀਂ ਗੁਰੂ ਘਰ ਜਾਂਦੇ ਸੀ। ਜਦੋਂ ਇਹ ਘਟਨਾ ਵਾਪਰੀ ਤਾਂ ਮੇਰੀ ਮਾਂ ਤੇ ਮੈਂ ਇਹ ਮੁਲਕ ਛੱਡਣ ਦਾ ਫ਼ੈਸਲਾ ਕਰ ਲਿਆ ਪਰ ਰਿਸ਼ਤੇਦਾਰਾਂ ਦੇ ਕਹਿਣ 'ਤੇ ਅਸੀਂ ਮੁੜ ਆਪਣੀ ਜ਼ਿੰਦਗੀ ਸ਼ੁਰੂ ਕੀਤੀ।

## ਮੌਜੂਦਾ ਸਿੱਖ ਸਮਾਜ ਵਿੱਚ ਹਰ ਵਿਸ਼ੇ 'ਤੇ ਆ ਰਹੀ ਕਾਹਲ ਅਤੇ ਗੁਰੂ ਸਿਧਾਂਤਾਂ ਤੋਂ ਦੂਰੀ ਬਹੁਤ ਗੰਭੀਰ ਮਸਲਾ : ਅਜਮੇਰ ਸਿੰਘ

ਪ੍ਰਭਾਵਾਂ ਬਾਰੇ ਬੋਲਦਿਆਂ ਸ. ਅਜਮੇਰ ਸਿੰਘ ਨੇ ਕਿਹਾ ਕਿ ਸਿੰਘ ਸਭਾ ਲਹਿਰ ਦੌਰਾਨ ਜਦੋਂ ਸਿੱਖ ਧਰਮ ਉੱਤੇ ਬ੍ਰਾਹਮਣਵਾਦੀ ਪ੍ਰਭਾਵਾਂ ਨੂੰ ਦੂਰ ਕਰਨ ਲਈ ਬਹੁਤ ਹੀ ਪ੍ਰਭਾਵਸ਼ਾਲੀ ਕਵਾਇਦ ਚੱਲ ਰਹੀ ਸੀ ਤਾਂ ਉਸ ਵੇਲੇ ਜਿਹਨਾਂ ਤਰੀਕਿਆਂ ਨਾਲ ਸਿੱਖੀ ਨੂੰ ਨਵ ਪ੍ਰਭਾਸ਼ਿਤ ਕੀਤਾ ਗਿਆ, ਉਸ ਵਿੱਚ ਪੱਛਮੀ ਵਿਦਿਆ ਦੇ ਲਏ ਸਹਾਰੇ ਨੇ ਮੌਲਿਕ ਪਰਿਭਾਸ਼ਾਵਾਂ ਨੂੰ ਪਿਛੇ ਸੁੱਟ ਦਿੱਤਾ। ਉਹਨਾਂ ਕਿਹਾ ਕਿ ਅੱਜ ਸਿੱਖ ਸਮਾਜ ਵਿੱਚ ਇੱਕ ਪਾਸੇ ਪ੍ਰੰਪਰਾਗਤ ਵਿਚਾਰਧਾਰਾ ਨੂੰ ਜਿਉਂ ਦਾ ਤਿਉਂ ਰੱਖਣ ਦੀ ਤੇ ਦੂਜੇ ਪਾਸੇ ਪੱਛਮੀ ਵਿਦਿਆ ਦੇ ਪ੍ਰਭਾਵ ਥੱਲੇ ਨਵੇਂ ਵਿਚਾਰਾਂ ਨੂੰ ਗ੍ਰਹਿਣ ਕਰਨ ਦੀ ਕਸ਼ਮਕਸ਼ ਚੱਲ ਰਹੀ ਹੈ। ਉਹਨਾਂ ਨੇ ਇਨ੍ਹਾਂ ਸਭ ਵਿਸ਼ਿਆਂ 'ਤੇ ਦੂਸ਼ਣਬਾਜ਼ੀ ਤੋਂ ਦੂਰ ਜਾ ਕੇ ਉਸਾਰੂ ਬਹਿਸ ਰਚਾਉਣ ਦਾ ਸੱਦਾ ਦਿੱਤਾ।

ਅਖੀਰ ਵਿੱਚ ਡੈਨਮਾਰਕ ਤੋਂ ਡਾ: ਜਸਬੀਰ ਸਿੰਘ ਨੇ ਆਧੁਨਿਕਤਾ ਦੇ ਰਾਜਨੀਤੀ 'ਤੇ ਪ੍ਰਭਾਵਾ ਦੀ ਮੌਜੂਦਾ ਸਮਿਆਂ ਤੋਂ ਕੁਝ ਘਟਨਾਵਾਂ ਦੀ ਉਦਾਹਰਣ ਦੇ ਕੇ ਵਿਸ਼ਲੇਸ਼ਣ ਕੀਤਾ। ਉਹਨਾਂ ਦੱਸਿਆ ਕਿ ਕਿਸ ਤਰ੍ਹਾਂ ਪੱਛਮੀ ਤਾਕਤਾਂ ਆਪਣੇ ਰਾਜ ਪ੍ਰਬੰਧ ਨੂੰ ਅਗਾਂਹ ਵਧੂ ਤੇ ਮਾਡਰਨ ਦਰਸਾਉਂਦੀਆਂ ਹਨ ਤੇ ਦੂਸਰਿਆਂ ਦੇ ਰਾਜ ਪ੍ਰਬੰਧ ਨੂੰ ਪਿਛਾਂਹ ਖਿੱਚੂ। ਉਨ੍ਹਾਂ ਵਿਸਥਾਰ 'ਚ ਚਾਨਣਾ ਪਾਇਆ ਕਿ ਇਸ ਨਿਸ਼ਾਨੇ ਦੀ ਪੂਰਤੀ ਲਈ ਲਈ ਭਾਰੂ ਤਾਕਤਾਂ ਕਿਸ ਤਰ੍ਹਾਂ ਮੀਡੀਏ ਦਾ ਸਹਾਰਾ ਲੈਂਦੀਆਂ ਹਨ। ਮੀਡੀਏ ਦੇ ਪ੍ਰਭਾਵ ਸਿੱਖਾਂ ਨੇ ਕਿਸ ਤਰ੍ਹਾਂ ਕਬੂਲ ਕੀਤੇ ਹਨ ਇਹਨਾਂ ਬਾਰੇ ਵੀ ਉਹਨਾਂ ਸੰਖੇਪ ਵਿੱਚ ਦੱਸਿਆ। ਉਹਨਾਂ ਨਿਸ਼ਾਨਦੇਹੀ ਕੀਤੀ ਕਿ ਕਿਸ ਤਰ੍ਹਾਂ ਅੱਜ ਸਿੱਖ ਨੌਜਵਾਨਾਂ ਦੇ ਰੋਲ ਮਾਡਲ ਗਾਇਕਾਂ ਦੇ ਨਾਮ ਨਾਲੋਂ ਸਿੰਘ ਅੱਖਰ ਗਾਇਬ ਹੋ ਗਿਆ ਹੈ ਤੇ ਅਸੀਂ ਸਭ ਨੇ ਉਸ ਨੂੰ ਪ੍ਰਵਾਨ ਕਰ ਲਿਆ ਹੈ ਤੇ ਇਸ ਤਬਦੀਲੀ ਨਾਲ ਸਾਨੂੰ ਕੋਈ ਤਕਲੀਫ ਨਹੀਂ ਹੁੰਦੀ ਤਾਂ ਸਮਝੋ ਕਿ ਆਧੁਨਿਕਤਾ ਦਾ ਅਸਰ ਅਸੀਂ ਕਬੂਲ ਕਰ ਲਿਆ ਹੈ। ਉਹਨਾਂ ਆਧੁਨਿਕਤਾ ਦੇ ਮਾਰੂ ਪਰਭਾਵਾਂ ਤੋਂ ਬਚਣ ਲਈ ਸੁਚੇਤ ਹੋਣ ਦਾ ਸੱਦਾ ਦਿੱਤਾ।

ਇਸ ਸੈਮੀਨਾਰ 'ਚ ਸਟੇਜ ਸਕੱਤਰ ਦੀ ਭੂਮਿਕਾ ਸ. ਪਰਮਿੰਦਰ ਸਿੰਘ ਬੱਲ ਨੇ ਬਾਖੂਬੀ ਨਿਭਾਈ। ਉਹਨਾਂ ਅਖੀਰ ਵਿੱਚ ਸ. ਗੁਰਚਰਨ ਸਿੰਘ ਗੁਰਾਇਆਂ ਅਤੇ ਉਹਨਾਂ ਦੀ ਸਾਰੀ ਟੀਮ ਦਾ ਇਸ ਪ੍ਰਭਾਵਸ਼ਾਲੀ ਸੈਮੀਨਾਰ ਨੂੰ ਰਚਾਉਣ ਲਈ ਧੰਨਵਾਦ ਕੀਤਾ।

ਪੰਥਕ ਮਸਲਿਆਂ 'ਤੇ ਵਿਚਾਰ ਕਰਨ ਲਈ ਰਚਾਏ ਗਏ ਇਸ ਸੈਮੀਨਾਰ ਤੋਂ ਇਲਾਵਾ ਸਿੱਖ ਨੌਜਵਾਨਾਂ ਨੂੰ ਸਿੱਖੀ ਬਾਰੇ ਜਾਣਕਾਰੀ ਦੇਣ ਲਈ ਸਿੱਖ ਐਜੂਕੇਸ਼ਨ ਕੌਂਸਲ ਦੀ ਸਮੁੱਚੀ ਟੀਮ ਨੇ ਨੌਜਵਾਨਾਂ ਨੂੰ ਦੋ ਗਰੁੱਪਾਂ ਵਿੱਚ ਵੰਡ ਕੇ ਸਿਖਲਾਈ ਦਿੱਤੀ ਗਈ। ਦੂਸਰੇ ਦਿਨ ਭਾਈ ਅਜਮੇਰ ਸਿੰਘ ਜਿੱਥੇ ਨੌਜਵਾਨਾਂ ਨੂੰ ਸਬੋਧਨ ਕੀਤਾ ਉਥੇ ਦੂਜੇ ਸੈਸ਼ਨ ਵਿੱਚ ਸਰੋਤਿਆਂ ਦੇ ਸਵਾਲਾਂ ਦੇ ਜਵਾਬ ਦਿੱਤੇ ਅੰਤ ਵਿੱਚ ਸੈਮੀਨਾਰ ਕਰਵਾਉਣ ਲਈ ਸੰਗਤਾਂ ਵਲੋਂ ਮਿਲੇ ਭਰਪੂਰ ਸਹਿਯੋਗ ਲਈ ਪ੍ਰਬੰਧਕਾਂ ਨੇ ਸੈਮੀਨਾਰ ਪੰਹੁਚੀਆਂ ਸੰਗਤਾਂ ਦਾ ਧੰਨਵਾਦ ਕੀਤਾ।

## ਫਾਸਟਵੇਅ ਖ਼ਿਲਾਫ਼ ਕਾਰਵਾਈ ਕਰਨ ਦੇ ਮਾਮਲੇ 'ਚ ਕੈਪਟਨ ਅਮਰਿੰਦਰ ਅਤੇ ਨਵਜੋਤ ਸਿੱਧੂ ਦੇ ਸੁਰ ਵੱਖੋ-ਵੱਖਰੇ

ਐਲਸੀਓ ਵੱਲੋਂ ਐਮਐਸਓ ਨੂੰ 130 ਰੁਪਏ ਦੇ ਕਰੀਬ ਦਿੱਤੇ ਜਾ ਰਹੇ ਹਨ। ਨਵਜੋਤ ਸਿੰਘ ਸਿੱਧੂ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਐਮਐਸਓ ਵੱਲੋਂ ਬਰਾਡਕਾਸਟਰਜ਼ ਤੋਂ 20 ਕਰੋੜ ਰੁਪਏ ਪ੍ਰਤੀ ਮਹੀਨਾ ਦੇ ਕਰੀਬ ਲਏ ਜਾਂਦੇ ਹਨ। ਜੇਕਰ ਕੋਈ ਬਰਾਡਕਾਸਟਰ ਪੈਸੇ ਦੇਣ ਤੋਂ ਆਨਾਕਾਨੀ ਕਰਦਾ ਹੈ ਜਾਂ ਅਸਮਰੱਥਾ ਜਤਾਉਂਦਾ ਹੈ ਤਾਂ ਸਬੰਧਤ ਚੈਨਲ ਕੇਬਲ ਤੋਂ ਬੰਦ ਹੋ ਜਾਂਦਾ ਹੈ। ਉਨ੍ਹਾਂ ਬਾਦਲ ਦਲ ਦੀ ਸਰਕਾਰ ਸਮੇਂ ਪੰਜਾਬ ਵਿੱਚ ਕੇਬਲ ਵਪਾਰੀਆਂ ਵੱਲੋਂ ਸਰਕਾਰ ਨੂੰ ਦੋ ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਠੱਗੀ ਮਾਰਨ ਦੀ ਗੱਲ ਆਖੀ।

ਅਸਲ ਵਿਚ ਨਵਜੋਤ ਸਿੰਘ ਸਿੱਧੂ ਤੇ ਮਨਪ੍ਰੀਤ ਸਿੰਘ ਬਾਦਲ ਨੇ ਛੇ ਮਹੀਨਿਆਂ ਵਿੱਚ ਹੀ ਕਾਂਗਰਸ ਵਿੱਚ ਵੱਡਾ ਕੱਦ ਬਣਾ ਲਿਆ ਹੈ। ਕਈ ਕਾਂਗਰਸ ਆਗੂਆਂ ਨੂੰ ਇਹ ਗੱਲ਼ ਹਜ਼ਮ ਨਹੀਂ ਹੋ ਰਹੀ। ਇਸ ਕਰਕੇ ਨਵਜੋਤ ਸਿੱਧੂ ਦਾ ਤਾਂ ਸ਼ਰੇਆਮ ਵਿਰੋਧ ਸ਼ੁਰੂ ਹੋ ਗਿਆ ਹੈ। ਇਸ ਦੀ ਮਿਸਾਲ ਸ਼ਨੀਵਾਰ ਨੂੰ ਉਸ ਵੇਲੇ ਮਿਲੀ ਜਦੋਂ ਦੋਆਬੇ ਵਿੱਚ ਕੈਪਟਨ ਅਮਰਿੰਦਰ ਦੇ ਦੋ ਖਾਸ ਆਗੂਆਂ ਨੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੱਧੂ ਦੀ ਆਪਣੇ ਹਲਕਿਆਂ 'ਚ ਫੇਰੀਆਂ ਦਾ ਬਾਈਕਾਟ ਕਰ ਦਿੱਤਾ ਗਿਆ।

## ਸਰੀ ’ਚ ਪੰਜਾਬੀਆਂ ਦੇ ਗੈਂਗਵਾਰ ਨੇ ਉਡਾਈ ਪੁਲੀਸ ਦੀ ਨੀਂਦ

ਵੈਨਕੂਵਰ ਦੇ ਕਰਮਨ ਸਿੰਘ ਗਰੇਵਾਲ (25), ਮਨਵੀਰ ਸਿੰਘ ਗਰੇਵਾਲ ਅਤੇ ਇਬਰਾਹਿਮ ਅਮਜਦ ਇਬਰਾਹਿਮ (29) ਵਜੋਂ ਕੀਤੀ ਹੈ। ਸਰੀ ਆਰਸੀਐਮਪੀ ਦੇ ਸਹਾਇਕ ਕਮਿਸ਼ਨਰ ਡੀ. ਮੈਕਡੋਨਲਡ ਨੇ ਦੱਸਿਆ, ‘ਇਨ੍ਹਾਂ ਸ਼ੱਕੀ ਟਾਰਗੈਟਾਂ ਨੇ ਪੁਲੀਸ ਨਾਲ ਸਹਿਯੋਗ ਨਹੀਂ ਕੀਤਾ। ਇਨ੍ਹਾਂ ਨੇ ਗੋਲੀਬਾਰੀ ਦੀਆਂ ਘਟਨਾਵਾਂ ਬਾਰੇ ਪੁਲੀਸ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ।’ ਪੁਲੀਸ ਵੱਲੋਂ ਇਸ ਇਲਾਕੇ ਦੇ ਲੋਕਾਂ ਨੂੰ ਚੌਕਸ ਰਹਿਣ ਤੇ ਇਨ੍ਹਾਂ ਪੰਜ ਨੌਜਵਾਨਾਂ ਨਾਲ ਨੇੜਤਾ ਨਾ ਰੱਖਣ ਦੀ ਸਲਾਹ ਦਿੱਤੀ ਹੈ ਕਿਉਂਕਿ ਇਹ ਨੌਜਵਾਨ ਨਸ਼ੇ ਦੇ ਸੌਦਾਗਰਾਂ ਦੇ ਨਿਸ਼ਾਨੇ ’ਤੇ ਹਨ ਅਤੇ ਇਹ ਉਨ੍ਹਾਂ ਲਈ ਵੀ ਖ਼ਤਰਾ ਸਹੇੜ ਸਕਦੇ ਹਨ। ਸਰੀ ਵਾਸੀ ਗੁਰਪ੍ਰੀਤ ਸਿੰਘ ਨੇ ਕਿਹਾ, ‘ਗੋਲੀਬਾਰੀ ਦੀਆਂ ਘਟਨਾਵਾਂ ਕਾਰਨ ਸਾਡਾ ਭਾਈਚਾਰਾ ਡਰਿਆ ਹੋਇਆ ਹੈ। ਪਿਛਲੇ ਕੁੱਝ ਮਹੀਨਿਆਂ ਦੌਰਾਨ ਅਜਿਹੀਆਂ ਕਈ ਘਟਨਾਵਾਂ ਹੋਣ ਕਾਰਨ ਸਾਰੇ ਸਹਿਮੇ ਹੋਏ ਹਨ। ਅਸੀਂ ਪੁਲੀਸ ਕੋਲ ਆਪਣੇ ਤੌਖਲੇ ਜ਼ਾਹਿਰ ਕੀਤੇ ਹਨ ਅਤੇ ਪੁਲੀਸ ਅਜਿਹੇ ਕੇਸ ਹੱਲ ਕਰਨ ਵਿਚ ਜੁਟੀ ਹੋਈ ਹੈ।’

## ਸਿੱਖ ਰੈਫ਼ਰੀ ਸੋਸ਼ਲ ਮੀਡੀਆ ’ਤੇ ਨਸਲੀ ਟਿੱਪਣੀਆਂ ਦਾ ਸ਼ਿਕਾਰ

ਸੁਖਬੀਰ ਸਿੰਘ ਨੇ ਬੀਤੇ ਸ਼ਨਿਚਰਵਾਰ ਇੰਟਰਨੈਸ਼ਨ ਚੈਂਪੀਅਨਜ਼ ਕੱਪ ਦੇ ਮੈਚ ਦੌਰਾਨ ਕਥਿਤ ਤੌਰ ’ਤੇ ਕੁਝ ਵਿਵਾਦਤ ਫ਼ੈਸਲੇ ਲਏ ਸਨ, ਜਿਸ ਵਿੱਚ ਇੰਟਰ ਮਿਲਾਨ ਨੇ ਚੈਲਸੀ ਨੂੰ 2-1 ਨਾਲ ਹਰਾ ਦਿੱਤਾ ਸੀ। ਉਸ ਦੇ ਫ਼ੈਸਲਿਆਂ ਖ਼ਿਲਾਫ਼ ਕੁਝ ਲੋਕਾਂ ਨੇ ਟਵਿਟਰ ’ਤੇ ਨਸਲ ਦੇ ਆਧਾਰ ’ਤੇ ਟਿਪਣੀਆਂ ਕੀਤੀਆਂ ਹਨ।

ਸੁਖਬੀਰ ਨੇ ‘ਸਟ੍ਰੇਟ ਟਾਈਮ’ ਨੂੰ ਕਿਹਾ, ‘ਮੈਂ ਨਹੀਂ ਕਹਾਂਗਾ ਕਿ ਮੇਰੇ ’ਤੇ ਕੋਈ ਅਸਰ ਪਿਆ ਹੈ ਕਿਉਂਕਿ ਮੈਂ ਤਾਂ ਟਵੀਟ ਪੜ੍ਹੇ ਹੀ ਨਹੀਂ। ਇਸ ਦਾ ਮਤਲਬ ਇਹ ਵੀ ਨਹੀਂ ਕਿ ਮੈਨੂੰ ਨਸਲਵਾਦ ਨਾਲ ਕੋਈ ਫ਼ਰਕ ਨਹੀਂ ਪੈਂਦਾ। ਫੁਟਬਾਲ ਵਿੱਚ ਨਸਲਵਾਦ ’ਤੇ ਗੌਰ ਕਰਨੀ ਲਾਜ਼ਮੀ ਹੈ। ਨਸਲ ਦੇ ਆਧਾਰ ’ਤੇ ਕਿਸੇ ਕਿਸਮ ਦਾ ਪੱਖਪਾਤ ਨਹੀਂ ਹੋਣਾ ਚਾਹੀਦਾ।’

ਉਸ ਨੇ ਕਿਹਾ ਕਿ ਸਾਰਿਆਂ ਨੂੰ ਖੁੱਲ੍ਹ ਕੇ ਉਸ ਵਿੱਚ ਹਿੱਸਾ ਲੈਣ ਦਾ ਮੌਕਾ ਮਿਲਣਾ ਚਾਹੀਦਾ ਹੈ, ਜਿਸ ਵਿੱਚ ਉਹ ਹਿੱਸਾ ਲੈਣਾ ਚਾਹੁੰਦੇ ਹਨ। ਖ਼ਾਸ ਕਰ ਕੇ ਖੇਡਾਂ ਸਬੰਧੀ ਇਹ ਗੱਲ ਪੂਰਨ ਰੂਪ ਵਿੱਚ ਲਾਗੂ ਹੋਣੀ ਚਾਹੀਦੀ ਹੈ। ਖੇਡ ਲੋਕਾਂ ਨੂੰ ਜੋੜਨ ਲਈ ਹੈ, ਵੰਡੀਆਂ ਪਾਉਣ ਲਈ ਨਹੀਂ। ਪੱਖਪਾਤ ਵਿਰੋਧੀ ਬਿਊਰੋ ‘ਕਿੱਕ ਇਟ ਆਊਟ’ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਤੇ ਇਸ ਕਦਮ ਦੀ ਸੁਖਬੀਰ ਨੇ ਸ਼ਲਾਘਾ ਕੀਤੀ ਹੈ।

## ਮਾਲੀ ਹਾਲਤ ਖਸਤਾ ਪਰ ਕੈਪਟਨ ਦਾ ‘ਸਿਆਸੀ ਲੰਬੜਦਾਰ’ ਸਰਕਾਰੀ ਰਿਹਾਇਸ਼ ’ਤੇ ਉਡਾ ਰਿਹਾ ਜਨਤਕ ਫੰਡ

ਦੀ ਲੋੜ ਸੀ। ਮੰਤਰੀਆਂ ਤੇ ਸਿਆਸੀ ਲੰਬੜਦਾਰਾਂ ਨੂੰ ਅਲਾਟ ਕੀਤੇ ਮਕਾਨਾਂ ਦੀ ਮੁਰੰਮਤ ਉਤੇ ਤਕਰੀਬਨ 10 ਕਰੋੜ ਰੁਪਏ ਲਾਗਤ ਆਈ ਹੈ। ਇਕ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਮਕਾਨਾਂ ਦੀਆਂ ਲੋੜਾਂ ਦੇਖਣ ਵਾਸਤੇ ਤਕਨੀਕੀ ਆਡਿਟ ਕਰਾਇਆ ਜਾਣਾ ਚਾਹੀਦਾ ਸੀ। ਇਸ ਕਾਰਜ ਵਿਚ ਸ਼ਾਮਲ ਇਕ ਅਧਿਕਾਰੀ ਨੇ ਇਸ ਖ਼ਰਚ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਬੰਗਲਿਆਂ ਨੂੰ ਸਿਵਲ, ਇਲੈਕਟ੍ਰੀਕਲ ਤੇ ਹੋਰ ਢਾਂਚਾਗਤ ਮੁਰੰਮਤ ਦੀ ਲੋੜ ਸੀ। ਉਦਾਹਰਣ ਵਜੋਂ ਕੁੱਝ ਖਾਸ ਕੇਸਾਂ ਵਿੱਚ ਏਅਰ ਕੰਡੀਸ਼ਨਰ ਦੀ ਅੱਠ ਸਾਲ ਦੀ ਮਿਆਦ ਲੰਘ ਚੁੱਕੀ ਸੀ।

### ਖਹਿਰਾ ਨੇ ਖ਼ਰਚ ’ਤੇ ਉਠਾਏ ਸਵਾਲ :

ਵਿਰੋਧੀ ਧਿਰ ਦੇ ਆਗੂ ਸੁਖਪਾਲ ਖਹਿਰਾ ਨੇ ਇਸ ਖਰਚ ਉਤੇ ਸਵਾਲ ਉਠਾਏ ਹਨ। ਉਨ੍ਹਾਂ ਕਿਹਾ, ‘ਸੂਬੇ ਦੀ ਵਿੱਤੀ ਹਾਲਤ ਨੂੰ ਧਿਆਨ ਵਿੱਚ ਰੱਖਦਿਆਂ ਮਕਾਨਾਂ ਉਤੇ ਘੱਟ ਤੋਂ ਘੱਟ ਖ਼ਰਚ ਕੀਤਾ ਜਾਣਾ ਚਾਹੀਦਾ ਸੀ। ਮੈਂ ਖ਼ੁਦ ਸਰਕਾਰ ਨੂੰ ਕਿਹਾ ਸੀ ਕਿ ਮੈਨੂੰ ਵਿਰੋਧੀ ਧਿਰ ਦੇ ਆਗੂ ਵਜੋਂ ਅਲਾਟ ਕੀਤੇ ਸਰਕਾਰੀ ਮਕਾਨ ਦੀ ਮਾਮੂਲੀ ਮੁਰੰਮਤ ਹੀ ਕੀਤੀ ਜਾਵੇ।’ ਆਮ ਆਦਮੀ ਪਾਰਟੀ ਦੇ ਆਗੂ ਸ੍ਰੀ ਖਹਿਰਾ ਨੇ ਕਿਹਾ, ‘ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਲਾਹਕਾਰਾਂ ਤੇ ਰਾਜਸੀ ਸਕੱਤਰਾਂ ਦੀ ਫ਼ੌਜ ਮਹੀਨੇ ਵਿੱਚ ਤਕਰੀਬਨ 30 ਲੱਖ ਰੁਪਏ ਨੂੰ ਪੈਂਦੀ ਹੈ।’

## ਭਾਰਤ ਲਈ ਬਟਵਾਰਾ ਆਜ਼ਾਦੀ ਦੀ ਕੀਮਤ ਸੀ...

ਬਟਵਾਰੇ ਦੇ ਗੁੰਝਲਦਾਰ ਮਸਲਿਆਂ ’ਤੇ ਆਪਣੀ ਰਾਏ ਬਿਆਨ ਕੀਤੀ ਸੀ। ਉਸ ਦੌਰ ਦੀਆਂ ਬੇਹੱਦ ਤਕਲੀਫ਼ਦੇਹ ਘਟਨਾਵਾਂ ਨੂੰ ਯਾਦ ਕਰਨ ਦੀ ਮੁਸ਼ਕਲ ਅਤੇ ਉਨ੍ਹਾਂ ਬਾਰੇ ਗੱਲ ਕਰਨ ਦੀ ਚੁਣੌਤੀ ਨੂੰ ਸੋਬਤੀ ਤੇ ਅੰਮ੍ਰਿਤਾ ਨੇ ਬਾਖ਼ੂਬੀ ਦੱਸਿਆ ਸੀ। ਭਾਰਤ ਤੇ ਪਾਕਿਸਤਾਨ ਦੀ ਵੰਡ ਦੇ 70 ਸਾਲ ਬੀਤ ਚੁੱਕੇ ਹਨ। ਪਰ ਦੋਵੇਂ ਮੁਲਕ ਅੱਜ ਤੱਕ ਉਸ ਤਕਲੀਫ਼ ਤੋਂ ਉਭਰ ਨਹੀਂ ਸਕੇ। ਉਸ ਦੌਰਾਨ ਇਨਸਾਨੀਅਤ ਨੂੰ ਜੋ ਜ਼ਖ਼ਮ ਮਿਲੇ, ਉਹ ਹੁਣ ਤਕ ਪੂਰੀ ਤਰ੍ਹਾਂ ਨਹੀਂ ਭਰੇ ਹਨ। ਵਰ੍ਹਿਆਂ ਤੋਂ ਤਾਰੀਖ਼ ਦਾ ਇਹ ਪੰਨਾ ਹਜ਼ਾਰਾਂ-ਲੱਖਾਂ ਘਰਾਂ ਵਿਚ ਜ਼ਿੰਦਾ ਰਿਹਾ ਹੈ। ਤਕਲੀਫ਼ ਦਾ ਉਹ ਦੌਰ ਤਮਾਮ ਇਨਸਾਨਾਂ ਦੇ ਦਿਲ ਵਿਚ ਟਿਕਾਣਾ ਬਣਾਈ ਬੈਠਾ ਹੈ। ਬਟਵਾਰੇ ਦਾ ਦਰਦ ਝੱਲਣ ਵਾਲਿਆਂ ਨੇ ਹਜ਼ਾਰ ਵਾਰ ਇਹ ਕਿੱਸੇ ਅਤੇ ਆਪਬੀਤੀ ਆਪਣੇ ਘਰਵਾਲਿਆਂ, ਰਿਸ਼ਤੇਦਾਰਾਂ, ਦੋਸਤਾਂ, ਜਾਣਨ ਵਾਲਿਆਂ ਨੂੰ ਸੁਣਾਈ ਹੋਵੇਗੀ। ਉਸ ਦਰਦ ਨੂੰ ਵਾਰ ਵਾਰ ਦੱਸ ਕੇ ਵੰਡ ਦੇ ਸ਼ਿਕਾਰ ਲੋਕਾਂ ਨੇ ਆਪਣਾ ਦਰਦ ਘੱਟ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਆਪਣੇ ਤਜਰਬੇ ਵੰਡ ਕੇ ਦੱਸਿਆ ਕਿ ਉਸ ਵਕਤ ਕਿਵੇਂ ਉਨ੍ਹਾਂ ਨੂੰ ਆਪਣਾ ਵਤਨ ਅਤੇ ਆਪਣਾ ਘਰ-ਬਾਰ ਬਟਵਾਰੇ ਕਾਰਨ ਗਵਾਉਣਾ ਪਿਆ ਸੀ।

### ਸ਼ਰਨਾਰਥੀਆਂ ਦੇ ਪਰਿਵਾਰਾਂ ਨਾਲ ਮੇਰਾ ਤਾਲੁਕ :

ਪਰ ਘਰਾਂ ਦੀ ਚਾਰਦੀਵਾਰੀ ਦੇ ਬਾਹਰ ਇਨ੍ਹਾਂ ਦਰਦ ਭਰੇ ਕਿੱਸਿਆਂ ਦਾ ਕੋਈ ਹਾਲ ਨਹੀਂ ਸੀ। ਜ਼ਿਆਦਾਤਰ ਲੋਕ ਤਾਂ ਉਨ੍ਹਾਂ ਗੱਲਾਂ ਨੂੰ ਸੁਣਨਾ ਵੀ ਨਹੀਂ ਚਾਹੁੰਦੇ ਸਨ। ਜਿਨ੍ਹਾਂ ਲੋਕਾਂ ਨੇ ਇਹ ਕਿੱਸੇ ਸੁਣੇ ਵੀ, ਉਨ੍ਹਾਂ ਨੂੰ ਵੀ ਇਹ ਏਨੇ ਅਹਿਮ ਨਹੀਂ ਲੱਗੇ ਕਿ ਇਨ੍ਹਾਂ ਨੂੰ ਬਟਵਾਰੇ ਦੇ ਇਤਿਹਾਸ ਵਿਚ ਸ਼ਾਮਲ ਕਰਦੇ। ਫਿਰ ਵੀ ਭਾਰਤ ਅਤੇ ਪਾਕਿਸਤਾਨ ਦਾ ਬਟਵਾਰਾ ਏਨਾ ਹਿੰਸਕ ਸੀ, ਇਸ ਵਿਚ ਏਨਾ ਖ਼ੂਨ ਵਹਿਆ ਸੀ ਕਿ ਅੱਜ ਇਹ ਜ਼ਰੂਰੀ ਹੈ ਕਿ ਅਸੀਂ ਇਸ ਨੂੰ ਯਾਦ ਰੱਖੀਏ। ਮੈਂ ਕਈ ਵਾਰ ਖ਼ੁਦ ਦੇ ਪਰਿਵਾਰ ਦੇ ਅਤੀਤ ਬਾਰੇ ਸੋਚਦੀ ਹਾਂ। ਮੈਂ ਸ਼ਰਨਾਰਥੀਆਂ ਦੇ ਪਰਿਵਾਰ ਨਾਲ ਸਬੰਧ ਰੱਖਦੀ ਹਾਂ। ਮੇਰੇ ਮਾਂ-ਬਾਪ ਦੋਹਾਂ ਨੂੰ ਹੀ ਬਟਵਾਰੇ ਕਾਰਨ ਆਪਣਾ ਘਰ-ਬਾਰ ਛੱਡਣਾ ਪਿਆ ਸੀ। ਹਾਲਾਂਕਿ ਕਿਸਮਤ ਚੰਗੀ ਸੀ ਕਿ ਦੋਵੇਂ ਹੀ ਹਿੰਸਾ ਦਾ ਸ਼ਿਕਾਰ ਹੋਣ ਤੋਂ ਬਚ ਗਏ ਸਨ। ਫਿਰ ਵੀ ਵੰਡ ਦਾ ਜ਼ਖ਼ਮ ਉਨ੍ਹਾਂ ਦੇ ਦਿਲਾਂ ਵਿਚ ਬਹੁਤ ਡੂੰਘਾ ਬੈਠਾ ਸੀ। ਇਸ ਦੇ ਬਹੁਤ ਸਾਰੇ ਅਣਛੋਹੇ ਪਹਿਲੂ ਸਨ, ਜੋ ਸਾਡੀ ਜ਼ਿੰਦਗੀ ’ਤੇ ਪਰਛਾਵੇਂ ਵਾਂਗ ਮੰਡਰਾਉਂਦੇ ਰਹੇ ਹਨ।

**ਬਟਵਾਰੇ ਮਗਰੋਂ ਨਾ ਪਾਕਿਸਤਾਨ ਖ਼ੁਸ਼ ਸੀ ਨਾ ਭਾਰਤ:**

ਮੇਰੇ ਨਾਨੀ-ਮਾਮਾ ਨੇ ਧਰਮ ਬਦਲ ਲਿਆ। ਮੇਰੀ ਮਾਂ ਦੇ ਭਰਾ ਉਸ ਵਕਤ 20 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਪਾਕਿਸਤਾਨ ਵਿਚ ਹੀ ਰਹਿਣ ਦਾ ਫ਼ੈਸਲਾ ਕੀਤਾ ਸੀ। ਬਾਅਦ ਵਿਚ ਉਨ੍ਹਾਂ ਨੇ ਇਸਲਾਮ ਕਬੂਲ ਕਰ ਲਿਆ। ਉਨ੍ਹਾਂ ਨੇ ਮੇਰੀ ਨਾਨੀ ਦਾ ਵੀ ਧਰਮ ਪਰਿਵਰਤਣ ਕਰਵਾ ਦਿੱਤਾ ਸੀ। ਉਹ ਵੀ ਮੁਸਲਮਾਨ ਹੋ ਗਈ ਸੀ। ਮੇਰੀ ਮਾਂ ਅਤੇ ਉਨ੍ਹਾਂ ਦੇ ਦੂਸਰੇ ਭੈਣ-ਭਰਾ ਫਿਰ ਕਦੇ ਆਪਣੀ ਮਾਂ ਨੂੰ ਨਹੀਂ ਮਿਲੇ। ਮੈਂ ਆਪਣੇ ਪੂਰੀ ਉਮਰ ਆਪਣੇ ਮਾਮਾ ਤੇ ਨਾਨੀ ਦੀ ਕਹਾਣੀ ਸੁਣਦੀ ਆਈ ਹਾਂ। ਹਾਲਾਂਕਿ ਮੈਂ ਉਨ੍ਹਾਂ ਗੱਲਾਂ ਨੂੰ ਇਹ ਸੋਚ ਕੇ ਜ਼ਿਆਦਾ ਤਵੱਜੋ ਨਹੀਂ ਦਿੱਤੀ ਕਿ ਇਹ ਤਾਂ ਬਜ਼ੁਰਗਾਂ ਦੇ ਕਿੱਸੇ ਹਨ, ਪਰ 1984 ਵਿਚ ਦਿੱਲੀ ਵਿਚ ਮੈਂ ਸਿੱਖਾਂ ਦੇ ਖ਼ਿਲਾਫ਼ ਭਿਆਨਕ ਹਿੰਸਾ ਦੇਖੀ, ਤਾਂ ਜਾ ਕੇ ਮੈਨੂੰ ਬਟਵਾਰੇ ਦੇ ਕਿੱਸਿਆਂ ਦੀ ਅਹਿਮੀਅਤ ਦਾ ਅਹਿਸਾਸ ਹੋਇਆ। ਤਾਂ ਮੈਂ ਉਹ ਕਿੱਸੇ ਗੰਭੀਰਤਾ ਨਾਲ ਸੁਣਨੇ ਸ਼ੁਰੂ ਕੀਤੇ।

### ਆਜ਼ਾਦ ਭਾਰਤ ਦੇ ਇਤਿਹਾਸ ਦਾ ਕਾਲਾ ਪੰਨਾ :

ਆਖ਼ਰ ਇਨ੍ਹਾਂ ਕਹਾਣੀਆਂ ਨੂੰ ਹੁਣ ਤਕ ਤਵੱਜੋ ਕਿਉਂ ਨਹੀਂ ਦਿੱਤੀ ਗਈ? ਕੀ ਉਹ ਬਟਵਾਰੇ, ਆਜ਼ਾਦੀ ਦੀ ਤਰੀਕ ਦਾ ਹਿੱਸਾ ਨਹੀਂ ਹੈ? ਕੀ ਅਸੀਂ ਉਸ ਦੀ ਇਸ ਲਈ ਅਣਦੇਖੀ ਕਰਦੇ ਹਾਂ ਕਿ ਉਸ ਇਤਿਹਾਸ ਦੇ ਤਮਾਮ ਕਿਰਦਾਰ ਅੱਜ ਵੀ ਜ਼ਿੰਦਾ ਹਨ? ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣਾ ਏਨਾ ਆਸਾਨ ਨਹੀਂ ਪਰ ਏਨਾ ਮੁਸ਼ਕਲ ਵੀ ਨਹੀਂ। ਭਾਰਤ ਲਈ ਬਟਵਾਲਾ ਆਜ਼ਾਦੀ ਦੀ ਕੀਮਤ ਸੀ। ਜਦੋਂ ਵੀ ਅਸੀਂ ਆਜ਼ਾਦੀ ਦਾ ਜਸ਼ਨ ਮਨਾਉਂਦੇ ਹਾਂ, ਬਟਵਾਰੇ ਦਾ ਦਰਦ ਉਭਰ ਆਉਂਦਾ ਹੈ। ਆਜ਼ਾਦ ਭਾਰਤ ਦੇ ਇਤਿਹਾਸ ਦਾ ਕਾਲਾ ਪੰਨਾ ਹੈ ਬਟਵਾਰਾ। ਇਸੇ ਕਾਰਨ ਭਾਰਤ ਦੇ ਟੁਕੜੇ ਹੋ ਗਏ। ਹਿੰਦੁਸਤਾਨ ਨੇ ਆਪਣਾ ਇਕ ਹਿੱਸਾ ਗਵਾ ਦਿੱਤਾ। ਇਸ ਲਈ ਇਸ ਘਟਨਾ ਦਾ ਸਿਆਸੀ ਇਤਿਹਾਸ ਤਾਂ ਯਾਦ ਰੱਖਿਆ ਜਾਂਦਾ ਹੈ ਪਰ ਬਟਵਾਰੇ ਦੇ ਮਾਨਵੀ ਤਜਰਬੇ, ਇਨਸਾਨੀ ਤਕਲੀਫ਼ ਦੇ ਉਹ ਕਿੱਸੇ ਹਮੇਸ਼ਾ ਹੀ ਦਫ਼ਨ ਕਰਨ ਦੀ ਕੋਸ਼ਿਸ਼ ਹੁੰਦੀ ਰਹੀ ਹੈ।

### ਨਵੀਂ ਪੀੜ੍ਹੀ ਨੇ ਨਹੀਂ ਲਈ ਦਿਲਚਸਪੀ :

ਪਾਕਿਸਤਾਨ ਲਈ ਬਟਵਾਰੇ ਨਾਲੋਂ ਜ਼ਿਆਦਾ ਅਹਿਮੀਅਤ ਇਕ ਨਵੇਂ ਮੁਲਕ ਦਾ ਬਣਨਾ ਸੀ। ਮੁਸਲਮਾਨਾਂ ਦਾ ਆਪਣਾ ਵਤਨ। ਇਸ ਲਈ ਉਸ ਦੌਰ ਦੇ ਖ਼ੂਨ ਖਰਾਬੇ ਨੂੰ ਯਾਦ ਰੱਖਣ ਦੀ ਜ਼ਰੂਰਤ ਪਾਕਿਸਤਾਨ ਦੇ ਲੋਕਾਂ ਨੂੰ ਮਹਿਸੂਸ ਨਹੀਂ ਹੁੰਦੀ। ਉਸ ਦੌਰ ਦੇ ਲੋਕਾਂ ਲਈ ਹੋਰ ਵੀ ਚੁਣੌਤੀਆਂ ਸਨ। ਬਟਵਾਰੇ ਦੌਰਾਨ ਭੜਕੀ ਹਿੰਸਾ ਦੀਆਂ ਯਾਦਾਂ ਭਾਵੇਂ ਜ਼ਹਿਨ ਤੋਂ ਨਹੀਂ ਗਈਆਂ ਪਰ ਉਸ ਦੌਰਾਨ ਪਹਿਲੀ ਚੁਣੌਤੀ ਜ਼ਿੰਦਗੀ ਨੂੰ ਮੁੜ ਪਟੜੀ ’ਤੇ ਲਿਆਉਣ ਦੀ ਸੀ। ਆਪਣਾ ਘਰ-ਬਾਰ ਲੁਟਾ ਕੇ ਆਏ ਲੋਕਾਂ ਲਈ ਉਸ ਤਕਲੀਫ਼ ਨੂੰ ਯਾਦ ਕਰਨ ਨਾਲੋਂ ਜ਼ਿਆਦਾ ਅਹਿਮ ਅੱਗੇ ਦੀ ਜ਼ਿੰਦਗੀ ਦਾ ਫ਼ਿਕਰ ਸੀ। ਉਨ੍ਹਾਂ ਕੋਲ ਤਕਲੀਫ਼ਾਂ ਨੂੰ ਯਾਦ ਕਰਨ ਲਈ ਵਕਤ ਹੀ ਨਹੀਂ ਸੀ। ਲੋਕਾਂ ਨੂੰ ਕੁਝ ਗੱਲਾਂ ਅਤੇ ਘਟਨਾਵਾਂ ਯਾਦ ਰੱਖਣ ਲਈ ਕੁਝ ਅਜਿਹੇ ਲੋਕਾਂ ਦੀ ਜ਼ਰੂਰਤ ਹੁੰਦੀ ਹੈ, ਜਿਨ੍ਹਾਂ ਨਾਲ ਉਹ ਦਰਦ ਜਾਂ ਖ਼ੁਸ਼ੀ ਵੰਡ ਸਕਣ। ਉਹ ਕਿੱਸੇ ਸਾਂਝੇ ਕਰ ਸਕਣ। ਪਰ ਵਰ੍ਹਿਆਂ ਤੋਂ ਸਾਡੇ ਵਰਗੇ ਲੋਕ ਜਿਨ੍ਹਾਂ ਨੇ ਬਟਵਾਰੇ ਦਾ ਦਰਦ ਨਹੀਂ ਝਲਿਆ ਸੀ, ਉਹ ਇਹ ਕਿੱਸੇ ਸੁਣਨ ਲਈ ਰਾਜ਼ੀ ਨਹੀਂ ਸੀ। ਅਸੀਂ ਆਪਣੇ ਮਾਂ-ਬਾਪ ਜਾਂ ਦਾਦੀ-ਦਾਦਾ ਤੋਂ ਉਹ ਕਿੱਸੇ ਸੁਣਨ ਵਿਚ ਦਿਲਚਸਪੀ ਹੀ ਨਹੀਂ ਲੈਂਦੇ ਸੀ।

### ਆਪਣੀਆਂ ਔਰਤਾਂ ਤੇ ਬੱਚੀਆਂ ਨੂੰ ਖ਼ੁਦ ਮਾਰਿਆ:

ਵੈਸੇ ਵੀ ਕੁਝ ਬੁਰੀਆਂ ਯਾਦਾਂ ਨੂੰ ਜ਼ਹਿਨ ਵਿਚੋਂ ਖ਼ਤਮ ਕਰ ਦੇਣਾ ਹੀ ਰਾਹਤ ਦਿੰਦਾ ਹੈ। ਹੁਣ ਬਟਵਾਰੇ ਦੌਰਾਨ ਜੋ ਔਰਤਾਂ ਬਲਾਤਕਾਰ ਦਾ ਸ਼ਿਕਾਰ ਹੋਈਆਂ, ਉਨ੍ਹਾਂ ਲਈ ਉਹ ਬੁਰਾ ਵਕਤ ਯਾਦ ਕਰਨਾ ਹੋਰ ਤਕਲੀਫ਼ਦੇਹ ਹੁੰਦਾ ਹੈ। ਅਜਿਹੇ ਵਿਚ ਉਸ ਨੂੰ ਯਾਦ ਕਰਨ ਦਾ ਕੀ ਲਾਭ? ਉਸ ਵਿਚ ਅਜਿਹਾ ਕੀ ਸੀ, ਜਿਸ ਨੂੰ ਉਹ ਯਾਦ ਕਰਦੀਆਂ? ਵੈਸੇ ਹੀ ਯੌਨ ਹਿੰਸਾ ਦਾ ਸ਼ਿਕਾਰ ਔਰਤਾਂ ਸ਼ਰਮਿੰਦਗੀ ਦਾ ਬੋਝ ਆਪਣੇ ਦਿਲ-ਦਿਮਾਗ਼ ’ਤੇ ਚੁੱਕੀ ਫਿਰਦੀਆਂ ਹਨ। ਅਜਿਹੀ ਤਰੀਕ ਨੂੰ ਯਾਦ ਕਿਵੇਂ ਰੱਖਿਆ ਜਾਵੇ? ਬਹੁਤ ਸਾਰੇ ਲੋਕ ਸਨ ਜਿਨ੍ਹਾਂ ਨੇ ਆਪਣੇ ਪਰਿਵਾਰ ਦੀਆਂ ਔਰਤਾਂ ਅਤੇ ਬੱਚੀਆਂ ਨੂੰ ਆਪਣੇ ਹੱਥੀਂ ਮਾਰ ਦਿੱਤਾ ਸੀ ਤਾਂ ਕਿ ਉਹ ਪਾਗਲਪਣ ਦਾ ਸ਼ਿਕਾਰ ਨਾ ਹੋ ਜਾਣ। ਅਜਿਹੇ ਲੋਕਾਂ ਨੂੰ ਇਸ ਗੱਲ ਦਾ ਡਰ ਸੀ ਕਿ ਉਨ੍ਹਾਂ ਦੇ ਪਰਿਵਾਰ ਦੀਆਂ ਔਰਤਾਂ ਅਤੇ ਬੱਚਿਆਂ ਨੂੰ ਅਗਵਾ ਕਰਕੇ ਉਨ੍ਹਾਂ ਦਾ ਧਰਮ ਪਰਿਵਰਤਣ ਕਰਵਾ ਦਿੱਤਾ ਜਾਵੇਗਾ। ਆਖ਼ਰ ਅਸੀਂ ਅਜਿਹੀਆਂ ਹਿੰਸਕ ਗੱਲਾਂ ਨੂੰ ਕਿਵੇਂ ਯਾਦ ਰੱਖੀਏ। ਕੌਣ ਇਸ ਬਾਰੇ ਗੱਲ ਕਰਨਾ ਚਾਹੇਗਾ?

### ਕਿੱਸਿਆਂ ਨੂੰ ਯਾਦ ਰੱਖਣਾ ਜ਼ਰੂਰੀ :

ਇਸ ਦੇ ਬਾਵਜੂਦ ਬਟਵਾਰੇ ਦਾ ਇਤਿਹਾਸ ਸਿਰਫ਼ ਹਿੰਸਕ ਵਾਰਦਾਤਾਂ ਦੀ ਤਰੀਕ ਨਹੀਂ ਹੈ। ਇਸ ਵਿਚ ਹਮਦਰਦੀ ਹੈ, ਉਮੀਦ ਹੈ, ਘੱਟ ਗਿਣਤੀਆਂ ਦੇ ਤਮਾਮ ਕਿਰਦਾਰਾਂ ਦੇ ਕਿੱਸੇ ਹਨ। ਬਹੁਤ ਸਾਰੇ ਲੋਕਾਂ ਨੇ ਪਾਗਲਪਣ ਦੇ ਉਸ ਦੌਰ ਵਿਚ ਵੀ ਇਨਸਾਨੀਅਤ ਅਤੇ ਦੋਸਤੀ ਨੂੰ ਜ਼ਿੰਦਾ ਬਚਾਈ ਰੱਖਿਆ ਸੀ।

## 70 ਸਾਲ ਬਾਅਦ ਵੀ ਉਹ ਦਰਦ ਜ਼ਿੰਦਾ ਹੈ...

ਗਿਆ। ਉਸ ਦੌਰਾਨ ਭੜਕੀ ਹਿੰਸਾ ਲਈ ਕਿਸੇ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਗਈ। ਕਿਸੇ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਗਿਆ। ਤਿੰਨਾਂ ਫ਼ਿਰਕਿਆਂ ਵਿਚ ਮੇਲ-ਮਿਲਾਪ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਇਹ ਇਨਸਾਨੀਅਤ ਦੀ ਤਾਰੀਖ਼ ਦੀਆਂ ਸਭ ਤੋਂ ਵੱਡੀਆਂ ਤ੍ਰਾਸਦੀਆਂ ਵਿਚੋਂ ਇੱਕ ਸੀ। ਪਰ ਬਟਵਾਰੇ ਵੇਲੇ ਜੋ ਵੀ ਹੋਇਆ, ਉਸ ਉੱਤੇ ਦੋਹਾਂ ਹੀ ਮੁਲਕਾਂ ਨੇ ਖ਼ਾਮੋਸ਼ੀ ਧਾਰ ਲਈ। ਕਿਸੇ ਨੇ ਵੀ ਪੂਰਾ ਸੱਚ ਨਾ ਜਾਣਨ ਦੀ ਕੋਸ਼ਿਸ਼ ਕੀਤੀ, ਨਾ ਕਿਸੇ ਨੂੰ ਦੱਸਣ ਦੀ। ਬਾਅਦ ਦੇ ਦਿਨਾਂ ਵਿਚ ਸਿਨੇਮਾ, ਥੀਏਟਰ ਅਤੇ ਸਾਹਿਤ ਰਾਹੀਂ ਬਟਵਾਰੇ ਦੀ ਭਿਆਨਕ ਹਿੰਸਾ ਦੇ ਦਰਦ ਭਰੇ ਕਿੱਸੇ ਦੱਸੇ ਅਤੇ ਸੁਣਾਏ ਗਏ। ਇਤਿਹਾਸਕਾਰਾਂ ਨੇ ਵੀ ਬਟਵਾਰੇ ਮਗਰੋਂ ਇਸ ਮਸਲੇ ਦੇ ਰਾਜਨੀਤਕ ਪਹਿਲੂ ਉੱਤੇ ਹੀ ਜ਼ਿਆਦਾ ਜ਼ੋਰ ਦਿੱਤਾ। ਉਨ੍ਹਾਂ ਨੂੰ ਵੀ ਉਪ ਮਹਾਂਦੀਪ ਦੀ ਤਾਰੀਖ਼ ਦੇ ਇਸ ਕਾਲੇ ਅਤੇ ਖ਼ੂਨੀ ਪੰਨੇ ਦੇ ਮਾਨਵੀ ਪਹਿਲੂ ਉੱਤੇ ਗ਼ੌਰ ਕਰਨ ਵਿਚ ਬਹੁਤ ਵਕਤ ਲੱਗ ਗਿਆ। ਪਿਛਲੇ ਕੁੱਝ ਸਾਲਾਂ ਵਿਚ ਇਤਿਹਾਸਕਾਰਾਂ ਨੇ ਬਟਵਾਰੇ ਦੀ ਤਰਾਸਦੀ ਨੂੰ ਲੈ ਕੇ ਕਈ ਪ੍ਰੋਜੈਕਟ ਸ਼ੁਰੂ ਕੀਤੇ ਹਨ। ਮਗਰ ਸ਼ਾਇਦ ਇਸ ਵਿੱਚ ਉਨ੍ਹਾਂ ਨੇ ਬਹੁਤ ਦੇਰ ਕਰ ਦਿੱਤੀ। ਬਟਵਾਰੇ ਦਾ ਦਰਦ ਝੱਲਣ ਵਾਲੇ ਹੁਣ ਬਹੁਤ ਘੱਟ ਲੋਕ ਬਚੇ ਹਨ। ਉਹ ਵੀ ਆਪਣੀ ਜ਼ਿੰਦਗੀ ਦੇ ਆਖ਼ਰੀ ਪੜਾਅ ਉੱਤੇ ਹਨ। ਬਟਵਾਰੇ ਦੀ ਹਿੰਸਾ ਦੇ ਸ਼ਿਕਾਰ ਲੋਕਾਂ ਦੀ ਯਾਦ ਵਿਚ ਕੋਈ ਵਿਸ਼ਾਲ ਯਾਦਗਾਰ ਨਹੀਂ ਬਣ ਸਕੀ। ਕੋਈ ਇਮਾਰਤ ਨਹੀਂ ਤਾਮੀਰ ਕੀਤੀ ਗਈ। ਬਟਵਾਰੇ ਦੀ ਕਹਾਣੀ ਦੱਸਣ ਵਾਲਾ ਪਹਿਲਾ ਅਜਾਇਬ-ਘਰ ਹਾਲ ਹੀ ਵਿਚ ਭਾਰਤੀ ਪੰਜਾਬ ਦੇ ਅੰਮ੍ਰਿਤਸਰ ਵਿਚ ਖੁੱਲ੍ਹਿਆ ਹੈ।

### ਬਟਵਾਰੇ ਦਾ ਜ਼ਹਿਰ :

ਬਟਵਾਰੇ ਨੇ ਅਜਿਹਾ ਜ਼ਹਿਰ ਘੋਲਿਆ ਹੈ ਕਿ 70 ਸਾਲ ਬਾਅਦ ਵੀ ਅੱਜ ਭਾਰਤ-ਪਾਕਿਸਤਾਨ ਦੇ ਰਿਸ਼ਤੇ ਉਸੇ ਬੁਨਿਆਦ ਉੱਤੇ ਤੈਅ ਹੁੰਦੇ ਹਨ। ਅਤੇ ਭਾਰਤ-ਪਾਕਿਸਤਾਨ ਦੇ ਤਾਲੁਕ ਦੀ ਤਾਸੀਰ ਹੀ ਦੱਖਣ ਏਸ਼ੀਆ ਦਾ ਮਾਹੌਲ ਤੈਅ ਕਰਦੀ ਹੈ। ਮਹੀਨਿਆਂ ਦੀ ਕਵਾਇਦ ਅਤੇ ਤਣਾਅ ਤੋਂ ਬਾਅਦ 1947 ਵਿਚ ਭਾਰਤ-ਪਾਕਿਸਤਾਨ ਵਿਚ ਜੋ ਸਰਹੱਦਾਂ ਤੈਅ ਹੋਈਆਂ, ਉਹ ਇੱਕ ਪੀੜ੍ਹੀ ਵੀ ਨਹੀਂ ਚੱਲ ਸਕੀਆਂ। ਆਜ਼ਾਦੀ ਦੇ 25 ਸਾਲਾਂ ਅੰਦਰ ਹੀ ਪਾਕਿਸਤਾਨ ਨੂੰ ਇੱਕ ਹੋਰ ਬਟਵਾਰੇ ਦੇ ਦਰਦ ਵਿਚੋਂ ਗੁਜ਼ਰਨਾ ਪਿਆ। ਜਦੋਂ ਅੰਗਰੇਜ਼ਾਂ ਨੇ ਦੇਸ਼ ਦੀ ਵੰਡ ਕੀਤਾ ਸੀ ਤਾਂ ਪਾਕਿਸਤਾਨ ਦੇ ਦੋ ਟੁਕੜੇ ਸਨ। ਪੂਰਬੀ ਪਾਕਿਸਤਾਨ ਅਤੇ ਪੱਛਮ ਵਾਲੇ ਪਾਕਿਸਤਾਨ ਵਿਚ ਦੋ ਹਜ਼ਾਰ ਕਿੱਲੋਮੀਟਰ ਦਾ ਫ਼ਾਸਲਾ ਸੀ। 1971 ਵਿਚ ਪੂਰਬੀ ਪਾਕਿਸਤਾਨ ਪੱਛਮ ਵਾਲੇ ਪਾਕਿਸਤਾਨ ਤੋਂ ਵੱਖ ਹੋ ਕੇ ਬੰਗਲਾਦੇਸ਼ ਦੇ ਰੂਪ ਵਿਚ ਨਵਾਂ ਦੇਸ਼ ਬਣ ਗਿਆ। ਬੰਗਲਾਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਭਾਰਤ ਨੇ ਵੀ ਆਪਣੀ ਫ਼ੌਜ ਦੀ ਮਦਦ ਦਿੱਤੀ ਸੀ।

ਬਟਵਾਰੇ ਤੋਂ ਬਾਅਦ ਜੋ ਮੁੱਦੇ ਅਣਸੁਲਝੇ ਰਹਿ ਗਏ ਸਨ ਉਨ੍ਹਾਂ ਵਿਚ ਕਸ਼ਮੀਰ ਦਾ ਮਸਲਾ ਵੀ ਸੀ। ਹਿਮਾਲਯਾ ਦੀਆਂ ਵਾਦੀਆਂ ਵਿਚ ਸਥਿਤ ਰਿਆਸਤ-ਏ-ਕਸ਼ਮੀਰ ਦੀ ਜ਼ਿਆਦਾਤਰ ਆਬਾਦੀ ਮੁਸਲਮਾਨ ਸੀ। ਪਰ ਕਸ਼ਮੀਰ ਦੇ ਰਾਜਾ ਹਿੰਦੂ ਸਨ। ਕਸ਼ਮੀਰ ਦੇ ਰਾਜਾ ਨੇ ਆਪਣੀ ਰਿਆਸਤ ਨੂੰ ਭਾਰਤ ਵਿਚ ਮਿਲਾਉਣ ਦਾ ਫ਼ੈਸਲਾ ਕੀਤਾ। ਨਤੀਜਾ ਇਹ ਹੋਇਆ ਕਿ ਬਟਵਾਰੇ ਦੇ ਕੁੱਝ ਮਹੀਨਿਆਂ ਅੰਦਰ ਹੀ ਭਾਰਤ ਅਤੇ ਪਾਕਿਸਤਾਨ ਦੀਆਂ ਫ਼ੌਜਾਂ ਕਸ਼ਮੀਰ ਦੇ ਮੋਰਚੇ ਉੱਤੇ ਆਹਮੋ-ਸਾਹਮਣੇ ਸਨ। ਅੱਜ ਵੀ ਕਸ਼ਮੀਰ ਦਾ ਮਸਲਾ ਅਣਸੁਲਝਿਆ ਹੈ।

ਕਸ਼ਮੀਰ ਦਾ ਵਿਵਾਦ ਬਹੁਤ ਗੁੰਝਲਦਾਰ ਹੈ। ਬਹੁਤ ਸਾਰੇ ਕਸ਼ਮੀਰੀ ਆਜ਼ਾਦੀ ਚਾਹੁੰਦੇ ਹਨ। ਉੱਥੇ ਹੀ ਕੁੱਝ ਪਾਕਿਸਤਾਨ ਦੇ ਨਾਲ ਰਹਿਣਾ ਚਾਹੁੰਦੇ ਹਨ ਤਾਂ ਕੁੱਝ ਭਾਰਤ ਨੂੰ ਹੀ ਆਪਣਾ ਦੇਸ਼ ਮੰਨਦੇ ਹਨ। ਹਿੰਦ-ਪਾਕਿ ਦਰਮਿਆਨ ਤਲਖ਼ੀ ਦੀ ਸਭ ਤੋਂ ਵੱਡੀ ਵਜ੍ਹਾ ਕਸ਼ਮੀਰ ਹੀ ਹੈ।

ਅਤਿਵਾਦ ਨੂੰ ਹਲਾਸ਼ੇਰੀ ਦੇਣ ਦਾ ਇਲਜ਼ਾਮ :

ਭਾਰਤ, ਪਾਕਿਸਤਾਨ ਉੱਤੇ ਇਲਜ਼ਾਮ ਲਗਾਉਂਦਾ ਹੈ ਕਿ ਉਹ ਅਤਿਵਾਦੀ ਸੰਗਠਨਾਂ ਨੂੰ ਮਦਦ ਦਿੰਦਾ ਹੈ। ਇਨ੍ਹਾਂ ਅਤਿਵਾਦੀਆਂ ਨੇ ਭਾਰਤ ਵਿਚ ਕਈ ਦਹਿਸ਼ਤੀ ਹਮਲੇ ਕੀਤੇ ਹੈ। ਉੱਥੇ ਹੀ ਪਾਕਿਸਤਾਨ ਇਲਜ਼ਾਮ ਲਗਾਉਂਦਾ ਹੈ ਕਿ ਭਾਰਤ ਉਸ ਦੇ ਬਲੋਚਿਸਤਾਨ ਸੂਬੇ ਵਿਚ ਬਗ਼ਾਵਤ ਨੂੰ ਬੜ੍ਹਾਵਾ ਦਿੰਦਾ ਹੈ।

ਦੋਹਾਂ ਹੀ ਮੁਲਕਾਂ ਦੇ ਨੇਤਾ ਇੱਕ-ਦੂਜੇ ਨੂੰ ਮਿਲਦੇ ਹਨ, ਗੱਲ ਕਰਦੇ ਹਨ। ਕਈ ਵਾਰ ਰਿਸ਼ਤਿਆਂ ਵਿਚ ਜੰਮੀ ਬਰਫ਼ ਪਿਘਲੀ ਵੀ ਅਤੇ ਲਗਾ ਕਿ ਹੁਣ ਦੋਵੇਂ ਦੇਸ਼ ਮਿਲ ਕੇ ਰਿਸ਼ਤਿਆਂ ਦੀ ਨਵੀਂ ਇਬਾਰਤ ਲਿਖਣਗੇ। ਪਰ ਕੋਈ ਨਾ ਕੋਈ ਅਜਿਹਾ ਮਸਲਾ ਖੜ੍ਹਾ ਹੋ ਜਾਂਦਾ ਹੈ ਕਿ ਤਾਲੁਕ ਫਿਰ ਵਿਗੜ ਜਾਂਦੇ ਹਨ।

ਭਾਰਤ-ਪਾਕਿਸਤਾਨ ਦੇ ਖ਼ਰਾਬ ਰਿਸ਼ਤਿਆਂ ਦੇ ਦੂਰਗਾਮੀ ਨਤੀਜੇ ਦੇਖਣ ਨੂੰ ਮਿਲਦੇ ਹਨ। ਅੱਜ ਭਾਰਤ ਗੁਆਂਢ ਵਿਚ ਸਥਿਤ ਪਾਕਿਸਤਾਨ ਦੇ ਮੁਕਾਬਲੇ ਨਾਈਜੀਰੀਆ, ਬੈਲਜੀਅਮ ਜਾਂ ਦੱਖਣ ਅਫ਼ਰੀਕਾ ਨਾਲ ਜ਼ਿਆਦਾ ਕਾਰੋਬਾਰ ਕਰਦਾ ਹੈ। ਦੱਖਣ ਏਸ਼ਿਆਈ ਮੁਲਕਾਂ ਦੇ ਸੰਗਠਨ ਸਾਰਕ ਉੱਤੇ ਵੀ ਭਾਰਤ-ਪਾਕਿਸਤਾਨ ਦਾ ਤਣਾਅ ਭਾਰੀ ਪੈਂਦਾ ਹੈ। ਯੂਰਪੀ ਯੂਨੀਅਨ ਜਾਂ ਦੱਖਣ-ਪੂਰਬੀ ਏਸ਼ਿਆਈ ਮੁਲਕਾਂ ਦੇ ਸੰਗਠਨ ਦੇ ਮੁਕਾਬਲੇ ਸਾਰਕ ਇੱਕ ਖੇਤਰੀ ਸਹਿਯੋਗ ਸੰਗਠਨ ਦੇ ਤੌਰ ਉੱਤੇ ਪੂਰੀ ਤਰ੍ਹਾਂ ਬੇਅਸਰ ਹੈ। ਇੱਥੋਂ ਤੱਕ ਕਿ ਅਫ਼ਰੀਕੀ ਯੂਨੀਅਨ ਦੀ ਹਾਲਤ ਵੀ ਇਸ ਤੋਂ ਬਿਹਤਰ ਹੈ।

### ਸਭਿਆਚਾਰਕ ਸੰਬੰਧ :

ਬਾਲੀਵੁੱਡ ਦੀਆਂ ਫ਼ਿਲਮਾਂ ਅਤੇ ਕਲਾਕਾਰਾਂ ਪ੍ਰਤੀ ਪਾਕਿਸਤਾਨ ਵਿਚ ਵੀ ਦੀਵਾਨਗੀ ਦੇਖਣ ਨੂੰ ਮਿਲਦੀ ਹੈ। ਇਸੇ ਤਰ੍ਹਾਂ ਪਾਕਿਸਤਾਨ ਦੇ ਟੀਵੀ ਸੀਰੀਅਲ ਭਾਰਤ ਵਿਚ ਬਹੁਤ ਪਸੰਦ ਕੀਤੇ ਜਾਂਦੇ ਹਨ। ਫਿਰ ਵੀ ਦੋਹਾਂ ਮੁਲਕਾਂ ਦੇ ਸਭਿਆਚਾਰਕ ਸੰਬੰਧ ਬੇਹੱਦ ਕਮਜ਼ੋਰ ਹਨ। ਜਦੋਂ ਵੀ ਦੋਹਾਂ ਮੁਲਕਾਂ ਵਿਚ ਤਣਾਅ ਵਧਦਾ ਹੈ ਤਾਂ ਇਸ ਦਾ ਅਸਰ ਰਿਸ਼ਤਿਆਂ ਦੇ ਹਰ ਪਹਿਲੂ ਉੱਤੇ ਪੈਂਦਾ ਹੈ। ਕਲਾ ਦਾ ਖੇਤਰ ਵੀ ਇਸ ਤੋਂ ਅਛੂਤਾ ਨਹੀਂ ਰਹਿੰਦਾ। ਦੋਹਾਂ ਮੁਲਕਾਂ ਦੇ ਲੋਕਾਂ ਨੂੰ ਅਕਸਰ ਇਹ ਪਤਾ ਨਹੀਂ ਹੁੰਦਾ ਕਿ ਸਰਹੱਦ ਦੇ ਉਸ ਪਾਰ ਕੀ ਹੋ ਰਿਹਾ ਹੈ। ਹਾਲ ਇਹ ਹੈ ਕਿ ਭਾਰਤ ਅਤੇ ਪਾਕਿਸਤਾਨ ਦੀਆਂ ਵੱਡੀਆਂ ਅਖ਼ਬਾਰਾਂ ਦੇ ਪੱਤਰਕਾਰ ਦੂਜੇ ਦੇਸ਼ ਦੀ ਰਾਜਧਾਨੀ ਤੱਕ ਵਿਚ ਵੀ ਨਹੀਂ ਹਨ।

ਭਾਰਤ ਅਤੇ ਪਾਕਿਸਤਾਨ ਦੇ ਆਮ ਲੋਕਾਂ ਲਈ ਇੱਕ-ਦੂਜੇ ਦੇ ਦੇਸ਼ ਜਾਣਾ ਵੀ ਆਸਾਨ ਨਹੀਂ ਹੈ। ਦੋਹਾਂ ਮੁਲਕਾਂ ਵਿਚ ਅਜਿਹੇ ਬਹੁਤ ਸਾਰੇ ਲੋਕ ਹਨ, ਜਿਨ੍ਹਾਂ ਦੇ ਪਰਿਵਾਰ ਸਰਹੱਦ ਦੇ ਉਸ ਪਾਰ ਰਹਿੰਦੇ ਹਨ। ਇਨ੍ਹਾਂ ਨੂੰ ਮਿਲਣ ਜਾਣ ਲਈ ਵੀ ਤਮਾਮ ਰਸਮਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ। ਦੋਹਾਂ ਮੁਲਕਾਂ ਵਿਚ ਗਿਣੀਆਂ-ਚੁਣੀਆਂ ਉਡਾਣਾਂ ਹਨ। ਦਿੱਲੀ ਅਤੇ ਇਸਲਾਮਾਬਾਦ ਵਿਚਾਲੇ ਤਾਂ ਸਿੱਧੀ ਫਲਾਈਟ ਵੀ ਨਹੀਂ ਹੈ। ਏਨੀਆਂ ਘੱਟ ਉਡਾਣਾਂ ਹੋਣ ਦੇ ਬਾਵਜੂਦ ਹਵਾਈ ਰਸਤੇ ਨਾਲੋਂ ਸੜਕੀ ਰਸਤੇ ਭਾਰਤ ਜਾਂ ਪਾਕਿਸਤਾਨ ਜਾਣਾ ਜ਼ਿਆਦਾ ਆਸਾਨ ਹੈ। ਭਾਰਤ ਅਤੇ ਪਾਕਿਸਤਾਨ ਵਿਚਾਲੇ ਲੰਮੀ ਸਾਂਝੀ ਸਰਹੱਦ ਹੈ। ਇਸ ਦੇ ਬਾਵਜੂਦ ਸੜਕ ਰਾਹੀਂ ਆਉਣਾ-ਜਾਣਾ ਵੱਡੀ ਚੁਣੌਤੀ ਹੈ। ਪਾਕਿਸਤਾਨ ਵਿਚ ਲੰਬੇ ਵਕਤ ਤੱਕ ਫ਼ੌਜੀ ਹਕੂਮਤ ਰਹੀ ਹੈ। ਗੁਆਂਢ ਵਿਚ ਦੁਸ਼ਮਣ ਦੇਸ਼ ਹੋਣ ਦੇ ਖ਼ਿਆਲ ਕਾਰਨ ਪਾਕਿਸਤਾਨ ਵਿਚ ਫ਼ੌਜ ਨੂੰ ਬਹੁਤ ਅਹਿਮਿਅਤ ਦਿੱਤੀ ਜਾਂਦੀ ਰਹੀ ਹੈ। ਇਸ ਕਾਰਨ ਪਾਕਿਸਤਾਨ ਵਿਚ ਜਮਹੂਰੀਅਤ ਕਮਜ਼ੋਰ ਹਨ।

ਪਾਕਿਸਤਾਨ ਦੀ ਆਬਾਦੀ ਕਰੀਬ ਵੀਹ ਕਰੋੜ ਹੈ। ਇਸ ਵਿੱਚ ਜ਼ਿਆਦਾਤਰ ਮੁਸਲਮਾਨ ਹਨ। ਉੱਥੇ ਹੀ ਭਾਰਤ ਦੀ ਕਰੀਬ 130 ਕਰੋੜ ਦੀ ਆਬਾਦੀ ਦਾ ਸੱਤਵਾਂ ਹਿੱਸਾ ਮੁਸਲਮਾਨ ਹਨ। ਭਾਰਤ ਵਿਚ ਵੀ ਓਨੇ ਹੀ ਮੁਸਲਮਾਨ ਰਹਿੰਦੇ ਹਨ ਜਿੰਨੇ ਪਾਕਿਸਤਾਨ ਵਿਚ ਹਨ। ਪੀ.ਯੂ. ਰਿਸਰਚ ਸੈਂਟਰ ਦੇ ਇੱਕ ਅਨੁਮਾਨ ਮੁਤਾਬਕ 2050 ਤੱਕ ਦੁਨੀਆ ਵਿਚ ਸਭ ਤੋਂ ਜ਼ਿਆਦਾ ਮੁਸਲਮਾਨ ਭਾਰਤ ਵਿਚ ਰਹਿ ਰਹੇ ਹੋਣਗੇ। ਇਸ ਵਕਤ ਸਭ ਤੋਂ ਜ਼ਿਆਦਾ ਮੁਸਲਮਾਨ ਆਬਾਦੀ ਵਾਲਾ ਦੇਸ਼ ਇੰਡੋਨੇਸ਼ੀਆ ਹੈ। ਪਰ 2050 ਤੱਕ ਮੁਸਲਮਾਨ ਆਬਾਦੀ ਦੇ ਮਾਮਲੇ ਵਿਚ ਭਾਰਤ ਇੰਡੋਨੇਸ਼ੀਆ ਤੋਂ ਅੱਗੇ ਨਿਕਲ ਜਾਵੇਗਾ। ਇੰਨੀ ਆਬਾਦੀ ਹੋਣ ਦੇ ਬਾਵਜੂਦ ਭਾਰਤੀ ਸੰਸਦ ਵਿਚ ਮੁਸਲਮਾਨਾਂ ਦੀ ਨੁਮਾਇੰਦਗੀ ਬੇਹੱਦ ਘੱਟ ਹੈ। ਸਮਾਜ ਦੇ ਦੂਜੇ ਮੋਰਚਿਆਂ ਉੱਤੇ ਵੀ ਉਹ ਪਛੜੇ ਹੋਏ ਹਨ। ਕੁੱਝ ਲੋਕਾਂ ਦਾ ਕਹਿਣਾ ਹੈ ਕਿ ਭਾਰਤ ਵਿਚ ਆਮ ਸੋਚ ਇਹ ਹੈ ਕਿ ਇੱਥੋਂ ਦਾ ਮੁਸਲਮਾਨ ਪਾਕਿਸਤਾਨ ਨਾਲ ਹਮਦਰਦੀ ਰੱਖਦਾ ਹੈ। ਇਸ ਕਾਰਨ ਉਨ੍ਹਾਂ ਨੂੰ ਭੇਦਭਾਵ ਅਤੇ ਪੱਖਪਾਤ ਝੱਲਣਾ ਪੈਂਦਾ ਹੈ। ਭਾਰਤ ਅਤੇ ਪਾਕਿਸਤਾਨ ਦੋਹਾਂ ਹੀ ਮੁਲਕਾਂ ਦੇ ਅਵਾਮ ਦੀ ਸੋਚ ਬਹੁਤ ਰਾਸ਼ਟਰਵਾਦੀ ਹੈ। ਦੇਸ਼-ਭਗਤੀ ਦੀ ਭਾਵਨਾ ਦੋਹਾਂ ਮੁਲਕਾਂ ਵਿਚ ਬਹੁਤ ਤਾਕਤਵਰ ਹੈ। ਜਦੋਂ ਵੀ ਦੋਹਾਂ ਮੁਲਕਾਂ ਵਿਚ ਕ੍ਰਿਕਟ ਦਾ ਮੁਕਾਬਲਾ ਹੁੰਦਾ ਹੈ ਤਾਂ ਅਸੀਂ ਇਹਦੀ ਮਿਸਾਲ ਵੇਖਦੇ ਹਨ। ਪਰ ਦੋਵੇਂ ਹੀ ਦੇਸ਼ ਸੱਤਰ ਸਾਲ ਪਹਿਲਾਂ ਹੋਏ ਬਟਵਾਰੇ ਦੀ ਤਰਾਸਦੀ ਅਤੇ ਕੁੜੱਤਣ ਭੁਲਾ ਕੇ ਅੱਗੇ ਵਧਣ ਵਿਚ ਨਾਕਾਮ ਰਹੇ ਹਨ।

ਹਾਲੀਆ ਕ੍ਰਿਕਟ ਮੁਕਾਬਲੇ ਵਿਚ ਕੀ ਹੋਇਆ ਸੀ? ਪਾਕਿਸਤਾਨ ਨੇ ਭਾਰਤ ਉੱਤੇ ਹੈਰਾਨ ਕਰਨ ਵਾਲੀ ਵੱਡੀ ਜਿੱਤ ਦਰਜ ਕੀਤੀ ਸੀ। ਭਾਰਤ ਵਿਚ ਕਈ ਲੋਕਾਂ ਨੇ ਇਸ ਹਾਰ ਨੂੰ ਬਹੁਤ ਸਹਿਜ ਤਰੀਕੇ ਨਾਲ ਲਿਆ ਪਰ ਸੋਸ਼ਲ ਮੀਡੀਆ ਅਤੇ ਭਾਰਤ ਵਿਚ ਮੁੱਖ ਧਾਰਾ ਦੇ ਮੀਡੀਆ ਨੇ ਪਾਕਿਸਤਾਨ ਹੱਥੋਂ ਹਾਰਨ ’ਤੇ ਗ਼ੁੱਸੇ ਅਤੇ ਅਫ਼ਸੋਸ ਦਾ ਇਜ਼ਹਾਰ ਕੀਤਾ। ਆਪਣੇ ਪੁਰਾਣੇ ਦੁਸ਼ਮਣ ਤੋਂ ਹਾਰਨਾ ਅਜਿਹੀ ਤਕਲੀਫ਼ ਹੈ ਜਿਸ ਨੂੰ ਬਰਦਾਸ਼ਤ ਕਰ ਸਕਣਾ ਆਸਾਨ ਨਹੀਂ ਹੁੰਦਾ।

## ਕਿਸਾਨੀ ਦੇ ਹਿੱਤ ਵਿਸਾਰੇ ਕਾਰਪੋਰੇਟਾਂ ਦੇ ਵਾਰੇ-ਨਿਆਰੇ

ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਉਨ੍ਹਾਂ ਨੂੰ ਜਾਣਕਾਰੀ ਦਿੱਤੀ ਹੈ ਕਿ ਰਾਜ ਵਿੱਚ ਸਿਰਫ਼ ਤਿੰਨ ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ ਹੈ। ਜ਼ਿਕਰਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੀ ਸਹਿਯੋਗੀ ਪਾਰਟੀ ਭਾਜਪਾ ਨੇ ਪੇਂਡੂ ਖ਼ੁਦਕੁਸ਼ੀਆਂ ਅਤੇ ਪੰਜਾਬ ਦੇ ਖੇਤੀ ਸੰਕਟ ਦੇ ਮਾਮਲੇ ਨੂੰ ਹਮੇਸ਼ਾਂ ਘਟਾ ਕੇ ਪੇਸ਼ ਕੀਤਾ ਹੈ।

ਜਿੱਥੋਂ ਤਕ ਖੇਤੀਬਾੜੀ ਮਹਿਕਮਾ ਰਾਜ ਸੂਚੀ ਵਿੱਚ ਹੋਣ ਸਵਾਲ ਹੈ, ਕੀ ਇਹ ਸੱਚ ਹੈ ਕਿ 1965 ਵਿੱਚ ਕੇਂਦਰ ਸਰਕਾਰ ਨੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਅਧੀਨ ਖੇਤੀਬਾੜੀ ਲਾਗਤ ਅਤੇ ਕੀਮਤਾਂ ਦਾ ਕਮਿਸ਼ਨ (ਸੀਏਸੀਪੀ) ਬਣਾਇਆ। ਸੀਏਸੀਪੀ ਦੀਆਂ ਸਿਫਾਰਸ਼ਾਂ ਉੱਤੇ ਸਾਲ ਵਿੱਚ ਕਈ ਵਾਰ ਆਰਥਿਕ ਮਾਮਲਿਆਂ ਬਾਰੇ ਕੇਂਦਰੀ ਕੈਬਨਿਟ ਕਮੇਟੀ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਕੀਮਤਾਂ ਦਾ ਐਲਾਨ ਕਰਦੀ ਹੈ। ਜੇ ਖੇਤੀਬਾੜੀ ਰਾਜ ਸੂਚੀ ਵਿੱਚ ਆਉਂਦੀ ਹੈ ਤਾਂ ਕੇਂਦਰ ਸਰਕਾਰ ਘੱਟੋ-ਘੱਟ ਕੀਮਤਾਂ ਦਾ ਮਸਲਾ ਰਾਜ ਸਰਕਾਰਾਂ ਉੱਤੇ ਕਿਉਂ ਨਹੀਂ ਛੱਡ ਦਿੰਦੀ? ਇਸ ਤੋਂ ਵੀ ਵੱਧ ਖੇਤੀ ਦੇ ਕੰਮ ਆਉਣ ਵਾਲੀਆਂ ਵਸਤਾਂ ਜਿਵੇਂ ਕੀੜੇਮਾਰ ਦਵਾਈਆਂ ਜਾਂ ਖਾਦਾਂ ਦੀਆਂ ਕੀਮਤਾਂ ਵੀ ਸੀਏਸੀਪੀ ਨਿਰਧਾਰਤ ਕਰਦੀ ਹੈ, ਰਾਜ ਸਰਕਾਰਾਂ ਨਹੀਂ।

ਕੇਂਦਰ ਸਰਕਾਰ ਲਾਗਤ ਅਤੇ ਕੀਮਤਾਂ ਉੱਤੇ ਕੰਟਰੋਲ ਰੱਖਦੀ ਹੈ ਤੇ ਇਸ ਤਰ੍ਹਾਂ ਖੇਤੀ ਦੇ ਲਾਭ ਦਾ ਫ਼ੈਸਲਾ ਵੀ ਕਰਦੀ ਹੈ। ਪਰ ਜਦੋਂ ਇਹ ਨਿਰਧਾਰਤ ਤੱਤ ਜੁੜਦੇ ਹਨ ਤਾਂ ਇਹ ਕਿਸਾਨ ਨੂੰ ਆਪਣੀ ਮਿਹਨਤ ਦਾ ਇੰਨਾ ਲਾਭ ਵੀ ਨਹੀਂ ਦਿੰਦੇ ਕਿ ਉਹ ਆਪਣਾ ਕਰਜ਼ਾ ਮੋੜ ਸਕੇ ਤਾਂ ਉਸਨੂੰ ਇਸ ਨਿਰਾਸ਼ਾ ਤੋਂ ਬਚਾਉਣ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੀ ਬਣਦੀ ਹੈ। ਖੇਤੀਬਾੜੀ ਬਾਰੇ ਲੰਬੀ ਸੋਚ ਬਿਹਤਰ ਹੈ ਕਿਉਂਕਿ ਜਿਵੇਂ ਜਿਵੇਂ ਆਬਾਦੀ ਵਧਦੀ ਹੈ, ਉਵੇਂ ਖੁਰਾਕੀ ਪਦਾਰਥਾਂ ਦੀ ਮੰਗ ਵਧਦੀ ਹੈ। ਸਮੱਸਿਆ ਇਹ ਹੈ ਕਿ ਖੇਤੀਬਾੜੀ ਵੱਧ ਅਰਸੇ ਦੇ ਲਾਭ, ਪਰ ਛੋਟੇ ਸਮੇਂ ਦੇ ਖ਼ਤਰਿਆਂ ਦੀ ਸ਼ਿਕਾਰ ਹੈ। ਖੇਤੀ ਹਮੇਸ਼ਾਂ ਹੀ ਇੱਕ ਜੂਆ ਰਹੀ ਹੈ। ਜਦੋਂ ਕਿਸਾਨ ਫ਼ਸਲ ਬੀਜ ਰਿਹਾ ਹੁੰਦਾ, ਉਹ ਸੱਟਾ ਲਾ ਰਿਹਾ ਹੁੰਦਾ ਹੈ ਕਿ ਸ਼ਾਇਦ ਮੌਸਮ ਅਨੁਕੂਲ ਰਹੇਗਾ, ਕੀੜੇ ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਅ ਰਹੇਗਾ, ਵਾਜਬ ਭਾਅ ਤੇ ਮਜ਼ਦੂਰ ਮਿਲ ਜਾਣਗੇ ਅਤੇ ਫ਼ਸਲ ਦੀ ਮੰਗ ਠੀਕ ਰਹੇਗੀ। ਉਸ ਤੋਂ ਵੱਧ ਉਸ ਦੀ ਫ਼ਸਲ ਸਹੀ ਸਲਾਮਤ ਮੰਡੀ ਵਿੱਚ ਪੁੱਜ ਜਾਵੇਗੀ ਤੇ ਵਧੀਆ ਮੰਨ ਲਈ ਜਾਵੇਗੀ। ਉਹ ਜਾਣਦਾ ਹੈ ਕਿ ਹਰ ਸਾਲ ਉਸ ਦਾ ਪਾਸਾ ਸਿੱਧਾ ਨਹੀਂ ਪਵੇਗਾ, ਪਰ ਤਾਂ ਵੀ ਉਹ ਆਸਵੰਦ ਹੁੰਦਾ ਹੈ ਕਿ ਉਸ ਦਾ ਇਹ ਜੂਆ ਉਸ ਨੂੰ ਆਪਣੇ ਕਾਰੋਬਾਰ ਵਿੱਚ ਬਣਾਈ ਤੇ ਬਚਾਈ ਰੱਖੇਗਾ। ਇਹ ਕਾਰੋਬਾਰ ਫ਼ਾਇਦੇ ਦੀ ਗਰੰਟੀ ਨਹੀਂ ਮੰਗਦਾ, ਪਰ ਕਾਰੋਬਾਰੀ ਇਹ ਆਸ ਤਾਂ ਰੱਖਦਾ ਹੈ ਕਿ ਸਰਕਾਰ ਉਹਦੇ ਹੱਥ ਨਹੀਂ ਬੰਨ੍ਹੇਗੀ ਤੇ ਨਾ ਹੀ ਅਜਿਹੀ ਨੀਤੀ ਬਣਾਏਗੀ ਕਿ ਉਸ ਦੀ ਕਮਾਈ ਉਸ ਦੇ ਨਿਵੇਸ਼ ਨਾਲੋਂ ਘੱਟ ਰਹੇ।

ਭਾਰਤ ਤੇਜ਼ ਗਤੀ ਨਾਲ ਆਰਥਿਕ ਵਿਕਾਸ ਦੀ ਦਰ ਹਾਸਲ ਕਰਨਾ ਚਾਹੁੰਦਾ ਹੈ। ਆਰਥਿਕ ਵਿਕਾਸ ਦਾ ਇੱਕ ਤੱਤ ਸਸਤੀ ਮਜ਼ਦੂਰੀ ਹੈ। ਮਜ਼ਦੂਰੀ ਦੀ ਲਾਗਤ ਉਦੋਂ ਘੱਟ ਹੋਵੇਗੀ ਜਦੋਂ ਰਹਿਣ ਸਹਿਣ ਦੇ ਖ਼ਰਚੇ ਘੱਟ ਹੋਣਗੇ ਤੇ ਰਹਿਣ ਸਹਿਣ ਦਾ ਵੱਡਾ ਭਾਗ ਹੈ ਸਸਤਾ ਭੋਜਨ। ਹੁਣ ਜਦੋਂ ਸਰਕਾਰ ਹੀ ਜਿਣਸ ਦੀ ਸਭ ਤੋਂ ਵੱਡੀ ਖ਼ਰੀਦਦਾਰ ਹੈ ਤਾਂ ਚਾਹੀਦਾ ਹੈ ਕਿ ਉਹ ਲਾਗਤ ਦੇ ਅਨੁਸਾਰ ਮੁੱਲ ਉੱਤੇ ਫ਼ਸਲ ਖ਼ਰੀਦੇ ਅਤੇ ਗਾਹਕ ਨੂੰ ਛੋਟ ਦੇ ਕੇ ਵੇਚੇ। ਭਾਰਤ ਸਰਕਾਰ ਭੋਜਨ ਲਾਗਤ ਉੱਤੇ ਕੋਈ ਛੋਟ ਨਹੀਂ ਦਿੰਦੀ। ਉਹ ਪੈਦਾਵਾਰ ਦੀ ਲਾਗਤ ਦਰ ਅਤੇ ਪੈਦਾਵਾਰ ਦਾ ਮੁੱਲ ਵੀ ਆਪ ਥੋਪਦੀ ਹੈ। ਬਹੁਤ ਥੋੜ੍ਹੇ ਕਿਸਾਨ ਸਰਕਾਰੀ ਸੰਸਥਾਵਾਂ ਤੋਂ ਕਰਜ਼ਾ ਲੈਣ ਦੀਆਂ ਸ਼ਰਤਾਂ ਪੂਰੀਆਂ ਕਰਦੇ ਹਨ। ਉਹ ਗ਼ੈਰ-ਅਧਿਕਾਰਤ ਸੰਸਥਾਵਾਂ, ਅਤੇ ਮੁੱਖ ਤੌਰ 'ਤੇ ਆੜ੍ਹਤੀਏ ਉੱਤੇ ਨਿਰਭਰ ਹਨ, ਜਿਹੜੇ ਵਿਆਜ ਦੀ ਉੱਚੀ ਦਰ ਵਸੂਲਦੇ ਹਨ।

ਦਹਾਕਿਆਂ ਤੋਂ ਭਾਰਤ ਦੀ ਆਰਥਿਕ ਵਿਕਾਸ ਦਰ ਨੂੰ ਛੋਟਾਂ ਦੇਣ ਦੇ ਨਤੀਜੇ ਵਜੋਂ ਖੇਤੀ ਤੋਂ ਹੋਣ ਵਾਲੀ ਆਮਦਨ ਭੁੱਖਮਰੀ ਦੀ ਪੱਧਰ ਤੋਂ ਵੀ ਹੇਠਾਂ ਆ ਗਈ ਹੈ। ਹੁਣ ਕਿਸਾਨ ਇਹ ਖੇਡ ਹੋਰ ਨਹੀਂ ਖੇਡ ਸਕਦਾ।


Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

Office for Lease in Union City, CA



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279


## ਕੌਮੀ ਹੀਰੋ ਕੌਣ - ਅਕਬਰ ਜਾਂ ਮਹਾਰਾਣਾ ਪ੍ਰਤਾਪ ?

ਲੜਾਈਆਂ ਚਲਦੀਆਂ ਰਹੀਆਂ। ਕੋਈ ਕਿਸੇ ਤੋਂ ਨਹੀਂ ਹਾਰਿਆ। ਜਦੋਂ ਮੁਗ਼ਲ ਆਏ ਤਾਂ ਉਨ੍ਹਾਂ ਨੇ ਰਾਜਪੂਤਾਂ ਨੂੰ ਆਪਣੇ ਨਾਲ ਮਿਲਾ ਲਿਆ। ਅਕਬਰ ਦੇ ਵੱਡੇ ਭਰੋਸੇਯੋਗ ਰਾਜਾ ਮਾਨ ਸਿੰਘ ਸਨ। ਔਰੰਗਜ਼ੇਬ ਦੇ ਜ਼ਮਾਨੇ 'ਚ ਜੋ ਸਭ ਤੋਂ ਭਰੋਸੇਮੰਦ ਸਨ ਉਹ ਮਹਾਰਾਜਾ ਜਸਵੰਤ ਸਿੰਘ ਅਤੇ ਮਹਾਰਾਜਾ ਜੈ ਸਿੰਘ ਸਨ। ਮਰਾਠੇ ਵੀ ਭਰੇ ਹੋਏ ਸਨ। ਉਸ ਜ਼ਮਾਨੇ 'ਚ ਇਸ ਨੂੰ ਹਿੰਦੂ ਬਨਾਮ ਮੁਸਲਿਮ ਕਦੇ ਵੀ ਨਹੀਂ ਵੇਖਿਆ ਗਿਆ। ਮੁਗ਼ਲਾਂ 'ਚ ਅਤੇ ਰਾਜਪੂਤਾਂ 'ਚ ਲੜਾਈਆਂ ਹੁੰਦੀਆਂ ਹਨ, ਮੁਗ਼ਲਾਂ 'ਚ ਅਤੇ ਸਿੱਖਾਂ 'ਚ ਹੋਈਆਂ, ਮੁਗ਼ਲਾਂ ਅਤੇ ਮਰਾਠਿਆਂ 'ਚ ਹੋਈਆਂ, ਮੁਗ਼ਲਾਂ ਅਤੇ ਜਾਟਾਂ 'ਚ ਹੋਈਆਂ। ਇਨ੍ਹਾਂ ਲੜਾਈਆਂ 'ਚ ਖ਼ੂਨ-ਖਰਾਬਾ ਹੋਇਆ, ਪਰ ਪੂਰੇ 550 ਸਾਲਾਂ 'ਚ ਜਿਸ ਨੂੰ ਜੇਮਸ ਮਿਲ ਨੇ ਮੁਸਲਿਮ ਸ਼ਾਸਨਕਾਲ ਕਿਹਾ ਸੀ, ਉਸ 'ਚ ਇਕ ਵੀ ਫਿਰਕੂ ਦੰਗਾ ਨਹੀਂ ਹੋਇਆ ਸੀ।

ਪਹਿਲਾ ਦੰਗਾ ਜੋ ਹੋਇਆ ਉਹ 1713-14 'ਚ ਅਹਿਮਦਾਬਾਦ 'ਚ ਹੋਇਆ। ਇਹ ਦੰਗਾ ਹੋਲੀ ਅਤੇ ਇਕ ਗਾਂ ਦੀ ਹਤਿਆ ਨੂੰ ਲੈ ਕੇ ਹੋਇਆ ਸੀ। ਔਰੰਗਜ਼ੇਬ ਦੀ ਮੌਤ 1707 'ਚ ਹੋ ਚੁੱਕੀ ਸੀ। ਉਸ ਦੇ 6-7 ਸਾਲ ਬਅਦ ਦੰਗਾ ਹੋਇਆ। ਸੋਚੋ, ਔਰੰਗਜ਼ੇਬ ਦੇ ਜ਼ਮਾਨੇ 'ਚ ਵੀ ਕੋਈ ਦੰਗਾ ਨਹੀਂ ਹੋਇਆ। ਪੂਰੀ 18ਵੀਂ ਸਦੀ 'ਚ ਸਿਰਫ ਪੰਜ ਦੰਗੇ ਹੋਏ ਸਨ। ਮੱਧਕਾਲ 'ਚ ਫਿਰਕੂ ਦੰਗੇ ਨਹੀਂ ਹੋਏ, ਮਤਲਬ ਹਿੰਦੂ-ਮੁਲਮਾਨ ਇਕ-ਦੂਜੇ ਦੀ ਗਰਦਨ ਵੱਢਣ ਦੇ ਕਾਹਲੇ ਨਹੀਂ ਸਨ। ਅੱਜ ਤਾਂ ਸਾਡਾ ਦੇਸ਼ ਧਰਮ-ਨਿਰਪੇਖ ਹੈ, ਪਰ ਵੇਖੋ ਕਿੰਨੇ ਦੰਗੇ ਹੋ ਰਹੇ ਹਨ।

ਮੈਂ ਇਨ੍ਹਾਂ ਅੰਕੜਿਆਂ ਦਾ ਜ਼ਿਕਰ ਇਸ ਲਈ ਕਰ ਰਿਹਾ ਹਾਂ ਕਿ ਉਸ ਸਮੇਂ ਦੀ ਤਸਵੀਰ ਵੱਖ ਸੀ। 18ਵੀਂ ਸਦੀ ਦੀ ਸ਼ੁਰੂਆਤ 'ਚ ਜਦੋਂ ਮੁਗ਼ਲ ਸਾਮਰਾਜ ਦਾ ਪਤਨ ਸ਼ੁਰੂ ਹੋਇਆ ਤਾਂ ਫਿਰ ਪਛਾਣ ਲਈ ਗੋਲਬੰਦੀ ਸ਼ੁਰੂ ਹੋਈ। ਮੁਸਲਿਮ ਪਛਾਣ ਸ਼ਾਹ ਹਬੀਬੁੱਲਾ ਨੇ ਉਭਾਰਨਾ ਸ਼ੁਰੂ ਕੀਤਾ ਕਿ ਕੱਟੜ ਮੁਸਲਮਾਨ ਬਣਨਾ ਚਾਹੀਦਾ ਹੈ। ਉਸ ਦਾ ਮੰਨਣਾ ਸੀ ਕਿ ਅਸੀਂ ਜਿਸ ਨੂੰ ਕੰਪੋਜ਼ਿਟ ਕਲਚਰ ਕਹਿ ਰਹੇ ਸੀ, ਉਸ 'ਚ ਵਹਿ ਗਏ ਸੀ ਅਤੇ ਸਾਨੂੰ ਉਸ ਦਾ ਸ਼ੁੱਧੀਕਰਨ ਕਰਨਾ ਚਾਹੀਦਾ ਹੈ।

ਪਛਾਣ ਦਾ ਨਿਰਮਾਣ ਜੋ ਸ਼ੁਰੂ ਹੋਇਆ ਉਹ 18ਵੀਂ ਸਦੀ 'ਚ ਹੋਇਆ ਸੀ ਅਤੇ 19ਵੀਂ ਸਦੀ 'ਚ ਉਸ ਨੂੰ ਖਾਸ ਤੌਰ 'ਤੇ ਹੁੰਗਾਰਾ ਮਿਲਿਆ ਹੈ। ਉਸ ਤੋਂ ਬਾਅਦ ਵੇਖਿਆ ਗਿਆ ਕਿ ਮੁਸਲਮਾਨਾਂ ਦੀ ਸ਼ਕਤੀ ਦਾ ਬਿਲਕੁਲ ਖਾਤਮਾ ਹੋ ਚੁੱਕਾ ਸੀ, ਪਰ ਮੁਸਲਮਾਨਾਂ ਦੀ ਸ਼ਕਤੀ ਦਾ ਖ਼ਤਮ ਹੋਣਾ ਗਲਤ ਗੱਲ ਹੈ, ਕੀ ਮੱਧਕਾਲ 'ਚ ਸ਼ਾਸਕ ਮੁਸਲਮਾਨ ਸਨ?

ਮਤਲਬ ਜੋ ਸ਼ਾਸਕ ਸਨ, ਉਹ ਮੁਸਲਮਾਨ ਸਨ, ਪਰ ਇਹ ਕਹਿਣਾਂ ਕਿ ਮੁਸਲਿਮ ਸ਼ਾਸਨ ਸੀ ਜਾਂ ਮੁਸਲਿਮ ਭਾਈਚਾਰੇ ਦਾ ਸ਼ਾਸਨ ਸੀ ਅਤੇ ਹਿੰਦੂ ਸ਼ਾਸਨ ਸੀ ਤਾਂ ਆਪਣੇ ਆਪ 'ਚ ਪੁੱਠੀ ਜਿਹੀ ਗੱਲ ਹੈ। ਭਾਈਚਾਰਾ ਸ਼ਾਸਕ ਨਹੀਂ ਹੁੰਦਾ। ਭਾਈਚਾਰੇ ਦੇ ਉਪਰ ਦਾ ਜੋ ਪੱਧਰ ਹੁੰਦਾ ਹੈ, ਉਹ ਸ਼ਾਸਕ ਹੁੰਦਾ ਹੈ। ਮੁਸਲਮਾਨ ਦਾ ਪਤਨ ਹੋਇਆ, ਮੁਸਲਮਾਨ ਦੀ ਤਬਾਹੀ ਹੋਈ ਇਹ ਵੀ ਆਪਣੇ ਆਪ ਵਿਚ ਗ਼ਲਤ ਵਿਆਖਿਆ ਹੈ। ਪਰ ਫਿਰ ਵੀ ਇਹ ਪਛਾਣ ਬਣਨੀ ਸ਼ੁਰੂ ਹੋ ਗਈ ਸੀ। 19ਵੀਂ ਸਦੀ 'ਚ ਅਤੇ ਖਾਸ ਕਰ 20ਵੀਂ ਸਦੀ 'ਚ ਜਦੋਂ ਆਜ਼ਾਦੀ ਦੀ ਲੜਾਈ ਸ਼ੁਰੂ ਹੋਈ ਤਾਂ ਉਸ 'ਚ ਜਨਭਾਵਨਾ ਧਰਮ ਅਤੇ ਇਲਾਕੇ ਤੋਂ ਦੂਰ ਸੀ। ਉਦੋਂ ਤਕ ਜੋ ਮੁਗ਼ਲਾਂ ਦੇ ਨਾਲ ਜਾਟਾਂ, ਸਿੱਖਾਂ, ਰਾਜਪੂਤਾਂ ਅਤੇ ਮਰਾਠਿਆਂ ਦੀਆਂ ਲੜਾਈਆਂ ਹੁੰਦੀਆਂ ਰਹੀਆਂ ਸਨ, ਉਹ ਇਕ ਰਾਜਨੀਤਕ ਅਤੇ ਮਿਲਟਰੀ ਕਾਨਫਲਿਕਟ ਸਨ। ਕਹਿਣ 'ਚ ਤਾਂ ਅਜੀਬ ਲੱਗਦਾ ਹੈ, ਪਰ ਸੱਚ ਇਹੀ ਹੈ ਕਿ ਫ਼ਿਰਕਾਪ੍ਰਸਤੀ ਦਾ ਜਨਮ ਲੋਕਤੰਤਰ ਦਾ ਇਕ ਪਹਿਲੂ ਹੈ। ਪਹਿਲਾਂ ਲੋਕਾਂ ਨੂੰ ਰਾਜਨੀਤਕ 'ਚ ਸ਼ਾਮਲ ਨਹੀਂ ਕੀਤਾ ਜਾਂਦਾ ਸੀ, ਪਰ ਲੋਕਤੰਤਰ 'ਚ ਲੋਕ ਸਿੱਧਾ ਰਾਜਨੀਤੀ 'ਚ ਸ਼ਾਮਲ ਹੋਣ ਲੱਗੇ।

ਹੁਣ ਤਕ ਸ਼ਾਸਕ ਵਰਗ ਹੋਇਆ ਕਰਦਾ ਸੀ। ਜਦੋਂ ਲੋਕ ਸ਼ਾਮਲ ਹੁੰਦੇ ਹਨ ਤਾਂ ਉਸ 'ਚ ਉਹ ਵੱਖ-ਵੱਖ ਤਰੀਕੇ ਨਾਲ ਸ਼ਾਮਲ ਹੁੰਦੇ ਹਨ। ਉਨ੍ਹਾਂ ਨੂੰ ਹਿੰਦੂ ਬਨਾਮ ਮੁਸਲਿਮ ਸ਼ਾਮਲ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਬੰਗਾਲੀ ਬਨਾਮ ਮਰਾਠੀ ਸ਼ਾਮਲ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਗਰੀਬ ਬਨਾਮ ਅਮੀਰ ਸ਼ਾਮਲ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਹਿੰਦੀ ਬਨਾਮ ਤਮਿਲ ਸ਼ਾਮਲ ਕੀਤਾ ਜਾਂਦਾ ਹੈ। ਉਸ 'ਚ ਸਭ ਤੋਂ ਵੱਡਾ ਸੀ ਹਿੰਦੂ ਬਨਾਮ ਮੁਸਲਿਮ। ਕਾਂਗਰਸ ਦਾ ਜੋ ਰਾਸ਼ਟਰਵਾਦ ਚਰਿੱਤਰ ਸੀ, ਉਹ ਧਾਰਮਿਕ ਇਕਾਈਆਂ ਹੀ ਸਨ। ਪਰ ਫਰਕ ਇਹ ਸੀ ਕਿ ਕਾਂਗਰਸ ਲਈ ਹਿੰਦੂ ਮੁਸਲਿਮ ਭਾਈ-ਭਾਈ ਅਤੇ ਮੁਸਲਿਮ ਲੀਗ ਲਈ ਦੁਸ਼ਮਣ। ਜਦੋਂ ਦੇਸ਼ ਦਾ ਜਮਹੂਰੀਕਰਨ ਸ਼ੁਰੂ ਹੋਇਆ ਉਸ 'ਚ ਇਹ ਸਾਰੀਆਂ ਪਛਾਣਾਂ ਉਭਰ ਕੇ ਸਾਹਮਣੇ ਆਈਆਂ।

ਇਸੇ ਪਛਾਣ ਦੇ ਸਹਾਰੇ ਲੋਕਾਂ ਨੂੰ ਲਾਮਬੰਦ ਕੀਤਾ ਜਾਂਦਾ ਹੈ। ਮਤਲਬ ਇਸ ਸਮੱਸਿਆ ਦਾ ਲੰਬਾ ਇਤਿਹਾਸਕ ਪਰਿਪੇਖ ਹੈ ਜੋ ਕਿ 19ਵੀਂ ਤੇ 20ਵੀਂ ਸ਼ਤਾਬਦੀ ਵਿਚ ਇਹ ਇਕਾਈਆਂ ਉਭਰ ਆਈਆਂ ਹਨ, ਜਿਸ ਦਾ ਨਤੀਜਾ ਅਸੀਂ ਅੱਜ ਦੇਖ ਰਹੇ ਹਾਂ, ਅਤੇ ਹੁਣ ਇਹ ਜਮਹੂਰੀਅਤ ਦਾ ਹਿੱਸਾ ਹੋ ਗਿਆ ਹੈ। ਨਹਿਰੂ ਦਾ ਇਹ ਵਿਚਾਰ ਸੀ ਕਿ ਆਉਣ ਵਾਲੇ ਵਕਤ ਵਿਚ ਇਹ ਸਾਰੀਆਂ ਚੀਜ਼ਾਂ ਖ਼ਤਮ ਹੋ ਜਾਣਗੀਆਂ ਪਰ ਹੋਇਆ ਇਸ ਦਾ ਉਲਟਾ।

ਦੇਸ਼ ਦੀ ਪਹਿਲੀ ਆਮ ਚੋਣ ਵੀ ਧਰਮ, ਜਾਤ ਅਤੇ ਇਲਾਕੇ ਦੇ ਆਧਾਰ 'ਤੇ ਲੜੀ ਗਈ। ਨਹਿਰੂ ਮੰਨਦੇ ਸਨ ਕਿ ਇਹ ਪੱਛੜਿਆ ਹੋਇਆ ਸਮਾਜ ਹੈ, ਸਿੱਖਿਆ ਨਹੀਂ ਹੈ। ਕਿਸੇ ਨੇ ਵੋਟ ਦਿੱਤਾ ਨਹੀਂ ਹੈ ਅਤੇ ਆਉਣ ਵਾਲੇ ਸਮੇਂ 'ਚ ਇਸ ਨੂੰ ਥੋੜ੍ਹਾ ਜਿਹਾ ਤਜੁਰਬਾ ਹੋ ਜਾਵੇਗਾ ਤਾਂ ਚੀਜ਼ਾਂ ਠੀਕ ਹੋ ਜਾਣਗੀਆਂ। ਨਹਿਰੂ ਮੰਨਦੇ ਸਨ ਕਿ ਜਦੋਂ ਕੋਈ ਵੋਟ ਦੇਣ ਜਾਂਦਾ ਹੈ ਤਾਂ ਇਕ ਵਿਅਕਤੀ ਹੁੰਦਾ ਨਾ ਕਿ ਜਾਤ ਜਾਂ ਧਰਮ ਦਾ ਪ੍ਰਤੀਨਿੱਧ। ਉਹ ਮੰਨਦੇ ਸਨ ਕਿ ਇਕ ਵਿਅਕਤੀ ਧਰਮ, ਜਾਤ ਅਤੇ ਇਲਾਕੇ ਦੇ ਦਬਾਅ ਤੋਂ ਮੁਕਤ ਹੋ ਜਾਵੇਗਾ, ਪਰ ਇਹ ਨਹੀਂ ਹੋਇਆ।

ਉਸ ਸਮੇਂ ਇਕ ਅਜਗਰ ਟਰਮ ਘੜਿਆ ਗਿਆ ਸੀ। ਮਤਲਬ ਅਹੀਰ, ਜਾਟ, ਗੁੱਜਰ, ਰਾਜਪੂਤ। ਇਨ੍ਹਾਂ ਨੂੰ ਜਾਤ ਦੇ ਨਾਂ 'ਤੇ ਵੋਟ ਬੈਂਕ ਬਣਾਉਣ ਦੀ ਕੋਸ਼ਿਸ਼ ਕੀਤੀ ਗਈ। ਇਹ ਮੁਲਾਇਮ ਅਤੇ ਲਾਲੂ ਯਾਦਵ ਦੇ ਐਮ-ਵਾਈ (ਮੁਸਲਿਮ-ਯਾਦਵ) ਫਾਰਮੂਲੇ ਦੇ ਆਧਾਰ 'ਤੇ ਹੀ ਸੀ। ਇਨ੍ਹਾਂ ਫਾਰਮੂਲਿਆਂ ਤੋਂ ਲੋਕਾਂ ਨੂੰ ਵੋਟ ਵੀ ਮਿਲੇ।

ਮਹਾਰਾਣਾ ਪ੍ਰਤਾਪ ਦੀ ਮਹਿਮਾ ਦਾ ਗੁਣਗਾਣ ਵੋਟ ਬੈਂਕ ਦੀ ਗੋਲਬੰਦੀ ਦਾ ਹੀ ਹਿੱਸਾ ਹੈ। ਉਹ ਇਕ ਰਾਜਾ ਸੀ। ਉਨ੍ਹਾਂ ਨੇ ਆਖ਼ਰੀ ਸਾਹ ਤੱਕ ਲੜਾਈ ਲੜੀ। ਇਹ ਉਨ੍ਹਾਂ ਦਾ ਮਹੱਤਵ ਹੈ ਤੇ ਇਸ ਨਾਲੋਂ ਜ਼ਿਆਦਾ ਉਨ੍ਹਾਂ ਦਾ ਮਹੱਤਵ ਨਹੀਂ ਹੈ। ਅਕਬਲ ਦੇ ਸਾਮਰਾਜ ਵਿਚ ਮੇਵਾੜ ਬਹੁਤ ਛੋਟਾ ਇਲਾਕਾ ਸੀ। ਬਾਅਦ ਵਿਚ ਮਹਾਰਾਣਾ ਪ੍ਰਤਾਪ ਦਾ ਬੇਟਾ ਜਹਾਂਗੀਰ ਦਾ ਖ਼ਾਸ ਬਣ ਗਿਆ। ਉਨ੍ਹਾਂ ਦਾ ਭਰਾ ਉਨ੍ਹਾਂ ਦੇ ਖ਼ਿਲਾਫ਼ ਲੜ ਰਿਹਾ ਸੀ। ਇਤਿਹਾਸਕ ਤੱਥ ਤਾਂ ਇਹੀ ਹਨ। ਅਜਿਹੇ ਵਿਚ ਮਹਾਰਾਣ ਪ੍ਰਤਾਪ ਅਤੇ ਉਨ੍ਹਾਂ ਦੇ ਰਾਜ ਨੂੰ ਕਿੰਨਾ ਮਹੱਤਵ ਮਿਲਣਾ ਚਾਹੀਦਾ ਹੈ? ਅਜਿਹਾ ਵੀ ਨਹੀਂ ਹੈ ਕਿ ਮੇਵਾੜ ਨੂੰ ਪਾਉਣ ਲਈ ਅਕਬਰ ਨੂੰ ਬਹੁਤ ਸੰਘਰਸ਼ ਕਰਨਾ ਪਿਆ। ਰਾਣਾ ਪ੍ਰਤਾਪ ਲੜਦੇ ਰਹੇ ਤੇ ਬਾਕੀ ਰਾਜਪੂਤ ਤਮਾਸ਼ਬੀਨ ਰਹੇ।

ਅਕਬਰ ਨੇ ਨਾ ਸਿਰਫ਼ ਵਿਸ਼ਾਲ ਸਾਮਰਾਜ ਦੀ ਸਥਾਪਨਾ ਕੀਤੀ ਬਲਕਿ ਨਵੇਂ ਢੰਗ ਦੇ ਸਾਮਰਾਜ ਦੀ ਸਥਾਪਨਾ ਕੀਤੀ। ਇਸ ਸਾਮਰਾਜ ਦਾ ਚਰਿੱਤਰ ਵੱਖਰਾ ਸੀ। 15 ਅਗਸਤ 1947 ਤੋਂ ਲੈ ਕੇ ਹੁਣ ਤਕ ਭਾਰਤ ਦਾ ਪ੍ਰਧਾਨ ਮੰਤਰੀ ਸ਼ਾਹਜਹਾਂ ਦੇ ਲਾਲ ਕਿਲੇ ਤੋਂ ਭਾਸ਼ਣ ਕਿਉਂ ਦਿੰਦਾ ਹੈ? ਆਜ਼ਾਦੀ ਦਾ ਜਸ਼ਨ ਲਾਲ ਕਿਲੇ ਤੋਂ ਕਿਉਂ ਮਨਾਇਆ ਜਾਂਦਾ ਹੈ? ਆਖ਼ਰ ਸ਼ਾਹਜਹਾਂ ਦੇ ਲਾਲ ਕਿਲੇ ਵਿਚ ਕੀ ਗੱਲ ਹੈ? ਸੁਭਾਸ਼ ਚੰਦਰ ਬੋਸ ਨੇ ਵੀ ਕਿਹਾ ਸੀ ਕਿ ਅਸੀਂ ਤਿਰੰਗਾ ਲਾਲ ਕਿਲੇ 'ਤੇ ਲਹਿਰਾਵਾਂਗੇ। ਆਖ਼ਰ ਲਾਲ ਕਿਲੇ ਵਿਚ ਅਜਿਹੀ ਕੀ ਖ਼ੂਬੀ ਹੈ ਕਿ ਇਹ ਪ੍ਰਤੀਕ ਬਣ ਚੁੱਕਾ ਹੈ। ਲਾਲ ਕਿਲਾ ਉਸ ਰਾਜਕਾਜ ਦੇ ਚਰਿੱਤਰ ਅਤੇ ਸੰਸਕ੍ਰਿਤ ਦਾ ਪ੍ਰਤੀਕ ਬਣ ਚੁੱਕਾ ਹੈ ਜਿਸ ਨੂੰ ਅਕਬਰ ਨੇ ਸਥਾਪਤ ਕੀਤਾ ਸੀ।

ਅਕਬਰ ਨੇ ਇਕ ਵਾਰ ਕਿਹਾ ਸੀ ਕਿ ਕਿਸੇ ਵੀ ਧਰਮ ਦਾ ਅਪਮਾਨ ਈਸ਼ਵਰ ਦਾ ਅਪਮਾਨ ਹੁੰਦਾ ਹੈ। ਉਸ ਸਾਮਰਾਜ ਦਾ ਚਰਿੱਤਰ ਇਹ ਸੀ ਇਸ ਲਈ ਉਸ ਚਰਿੱਤਰ ਨੂੰ ਲੈ ਕੇ ਤੁਸੀਂ ਲਾਲ ਕਿਲੇ 'ਤੇ ਜਾਂਦੇ ਹੋ। ਮੋਦੀ ਜੀ ਵੀ ਇਸੇ ਲਾਲ ਕਿਲੇ 'ਤੇ ਜਾਂਦੇ ਹਨ। ਤੇ ਮੋਦੀ ਜੀ ਤਾਂ ਬਿਨਾਂ ਪ੍ਰਧਾਨ ਮੰਤਰੀ ਬਣਿਆ ਹੀ ਛੱਤੀਸਗੜ੍ਹ ਵਿਚ ਲਾਲ ਕਿਲੇ ਦੀ ਡਮੀ 'ਤੇ ਭਾਸ਼ਣ ਦੇ ਚੁੱਕੇ ਹਨ।

ਇਹ ਮਹਾਨਤਾ ਕੋਈ ਮੁਕਾਬਲਾ ਨਹੀਂ ਹੈ। ਇਤਿਹਾਸ ਵਿਚ ਅਜਿਹਾ ਕੋਈ ਮੁਕਾਬਲਾ ਨਹੀਂ ਹੋਇਆ ਕਰਦਾ। ਇਤਿਹਾਸਕਾਰਾਂ ਲਈ ਇਹ ਮਹੱਤਵਪੂਰਨ ਗੱਲ ਨਹੀਂ ਹੈ। ਇਤਿਹਾਸ ਨੂੰ ਤੁਸੀਂ ਏਨਾ ਬਾਜ਼ਾਰੂ ਬਣਾ ਦਿੱਤਾ ਹੈ ਕਿ ਅਕਬਰ ਮਹਾਨ ਸਨ, ਤਾਂ ਉਹ ਮਹਾਨ ਕਿਉਂ ਨਹੀਂ। ਹੁਣ ਤੁਸੀਂ ਕਹੋਗੇ, ਉਹ ਏਨਾ ਨੀਚ ਸੀ ਤਾਂ ਦੂਸਰਾ ਕਿਉਂ ਨਹੀਂ?

ਸੋਚੋ ਕਿਹੋ ਜਿਹਾ ਸਮਾਂ ਹੈ ਕਿ ਇਕ ਵਿਧਾਇਕ ਕਹਿੰਦਾ ਹੈ ਕਿ ਮਹਾਰਾਣਾ ਪ੍ਰਤਾਪ ਨੇ ਹਲਦੀ ਘਾਟੀ ਦਾ ਯੁੱਧ ਜਿੱਤਿਆ ਸੀ ਅਤੇ ਪ੍ਰੋਫੈਸਰ ਕਹਿੰਦਾ ਹੈ ਕਿ ਠੀਕ ਹੈ ਜੀ ਲਿਖ ਰਿਹਾ ਹਾਂ। ਇਹ ਕੀ ਹੋ ਰਿਹਾ ਹੈ? ਅਕਬਰ ਨੇ ਜਿਸ ਸਾਮਰਾਜ ਦਾ ਨਿਰਮਾਣ ਕੀਤਾ, ਉਸ ਦੀ ਤਸਵੀਰ ਅਖੀਰ ਤਕ ਕਾਇਮ ਰਹੀ।

ਰਾਜਸਥਾਨ 'ਚ ਰਾਜਪੂਤਾਂ ਦੀ ਗਿਣਤੀ ਬਹੁਤ ਛੋਟੀ ਹੈ, ਪਰ ਰਾਜਪੂਤਾਨਾ ਦਾ ਗੌਰਵ ਕਿਸੇ ਵੀ ਰਾਜਸਥਾਨੀ 'ਤੇ ਥੋਪ ਦਿੱਤਾ ਜਾਂਦਾ ਹੈ। ਸਾਡੇ ਜੀਵਨ 'ਚ ਸਿਆਸਤ ਏਨੀ ਗਰਕ ਚੁੱਕੀ ਹੈ ਕਿ ਹਰ ਚੀਜ਼ ਨੂੰ ਵੋਟ ਮਿਲਣ ਦੇ ਨਜ਼ਰੀਏ ਵਾਂਗ ਵੇਖਿਆ ਜਾਂਦਾ ਹੈ। ਪਦਮਿਨੀ ਨੂੰ ਲੈ ਕੇ ਵੀ ਅਜਿਹਾ ਕੁਝ ਹੋਇਆ, ਜੋ ਮਲਿਕ ਮੁਹੰਮਦ ਜਾਯਸੀ ਦੇ ਸਾਹਿਤ ਦੀ ਕਿਰਦਾਰ ਤੋਂ ਇਲਾਵਾ ਕੁੱਝ ਨਹੀਂ ਹੈ।

ਪਦਮਿਨੀ ਦੀ ਇਤਿਹਾਸ 'ਚ ਕੋਈ ਹੋਂਦ ਨਹੀਂ ਹੈ। ਉਸੇ ਤਰ੍ਹਾਂ ਜੋਧਾਬਾਈ ਦੀ ਗੱਲ ਹੈ। ਇਤਿਹਾਸ 'ਚ ਜੋਧਾਬਾਈ ਨਾਂ ਦੀ ਕੋਈ ਔਰਤ ਨਹੀਂ ਸੀ। ਜਹਾਂਗੀਰ ਦੀ ਇਕ ਪਤਨੀ ਜੋਧਪੁਰ 'ਚ ਸੀ, ਜਿਸ ਨੂੰ ਜੋਧਬਾਈ ਕਿਹਾ ਜਾ ਸਕਦਾ ਹੈ। ਅਕਬਰ ਦੀ ਪਤਨੀ ਜੋਧਾਬਾਈ ਬਿਲਕੁਲ ਝੂਠ ਗੱਲ ਹੈ। ਜਿਸ ਨੇ ਜੋਧਾ ਅਕਬਰ ਬਣਾਈ, ਉਸ ਨੇ ਕਈ ਇਤਿਹਾਸਕਾਰਾਂ ਤੋਂ ਪੁੱਛਿਆ ਅਤੇ ਸਾਰਿਆਂ ਨੇ ਮਨ੍ਹਾ ਕੀਤਾ ਕਿ ਅਜਿਹੀ ਕੋਈ ਔਰਤ ਨਹੀਂ ਸੀ, ਪਰ ਉਸ ਨੇ ਫਿਲਮ ਬਣਾਈ।

## ਅਰਬਾਂ ਦਾ ਟੈਕਸ ਵਸੂਲਿਆ, ਪਰ ਗ਼ਰੀਬੀ ਦੂਰ ਨਹੀਂ ਹੋਈ

ਭਾਸ਼ਾ ਕੋਈ ਵੀ ਹੋਵੇ, ਕੁੱਝ ਵੀ ਖਾਂਦਾ ਹੋਵੇ, ਕਿਸੇ ਵੀ ਪਰਮਾਤਮਾ ਨੂੰ ਮੰਨਦਾ ਹੋਵੇ, ਕਿਸੇ ਵੀ ਜਾਤ ਤੋਂ ਕਿਉਂ ਨਾ ਹੋਵੇ, ਅਸੀਂ ਸਾਰੇ ਇਕ ਰਾਸ਼ਟਰ ਹਾਂ। ਕੋਈ ਇਸ 'ਤੇ ਸਵਾਲ ਨਹੀਂ ਸੀ ਉਠਾਉਂਦਾ। ਜੇ ਕੋਈ ਅੰਤਰ ਸੀ ਤਾਂ ਇਹੀ ਕਿ ਅਸੀਂ ਕਿੰਨੇ ਅਮੀਰ ਜਾਂ ਗ਼ਰੀਬ ਹਾਂ। ਇਨ੍ਹਾਂ ਦੋਨਾਂ ਵਿਚਕਾਰ ਉਹ ਵੱਡਾ ਵਰਗ ਸੀ, ਜੋ ਨਾ ਤਾਂ ਗ਼ਰੀਬ ਸੀ ਨਾ ਅਮੀਰ ਸੀ, ਜੋ ਖ਼ੁਦ ਨੂੰ ਮੱਧਮ ਵਰਗ ਕਹਿੰਦਾ ਸੀ। ਮੈਂ ਇਸੇ ਵਰਗ 'ਚ ਪੈਦਾ ਹੋਇਆ ਸੀ। ਅੱਜ ਇੰਨੇ ਸਾਲਾਂ ਬਾਅਦ ਮੈਂ ਹੁਣ ਵੀ ਉਸੇ ਵਰਗ ਦਾ ਹਾਂ, ਪੂਰੇ ਮਾਣ ਨਾਲ। ਸਰਕਾਰਾਂ ਗ਼ਰੀਬਾਂ ਦੇ ਨਾਂ 'ਤੇ ਸ਼ਾਸਨ ਕਰਦੀਆਂ ਹਨ। 1973 'ਚ ਜਦੋਂ ਮੈਂ ਕਵਿਤਾਵਾਂ ਲਿਖ ਰਿਹਾ ਸੀ, ਮੋਰਾਰਜੀ ਦੇਸਾਈ ਲੋਕਾਂ 'ਤੇ 97.75 ਫ਼ੀਸਦੀ ਟੈਕਸ ਲਗਾ ਰਹੇ ਸਨ। ਫਿਰ 8 ਫ਼ੀਸਦੀ ਜਾਇਦਾਦ ਟੈਕਸ ਵੀ ਸੀ ਅਤੇ 85 ਫ਼ੀਸਦੀ ਅਪ੍ਰਤੱਖ ਜਾਇਦਾਦ ਟੈਕਸ ਸੀ। ਮੋਰਾਰਜੀ ਨੇ ਇਕ ਵਾਰ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਖ਼ੁਸ਼ਹਾਲ ਵਰਗ ਨੂੰ ਉਸ ਦੀ ਥਾਂ 'ਤੇ ਪਹੁੰਚਾ ਦਿੱਤਾ ਹੈ। ਸ਼ਾਇਦ ਉਨ੍ਹਾਂ ਨੇ ਅਜਿਹਾ ਕੀਤਾ, ਪਰ ਅਜਿਹਾ ਕਰਨ ਨਾਲ ਗ਼ਰੀਬਾਂ ਨੂੰ ਕਿਹੜੀ ਮਦਦ ਮਿਲੀ? ਇੰਦਰਾ ਗਾਂਧੀ ਨੇ ਗ਼ਰੀਬੀ ਹਟਾਉਣ ਦੀਆਂ ਕਸਮਾਂ ਖਾਈਆਂ। ਬੈਂਕਾਂ ਦਾ ਰਾਸ਼ਟਰੀਕਰਨ ਕੀਤਾ ਗਿਆ। ਅਮੀਰ ਵਰਗ ਨੂੰ ਸਜ਼ਾ ਦੇਣ ਲਈ 'ਫੇਰਾ' ਜਿਹਾ ਕਾਨੂੰਨ ਬਣੇ। ਹਾਲੇ ਇਸ ਦਾ ਫੈਸਲਾ ਨਹੀਂ ਹੋਇਆ ਹੈ ਕਿ ਅਜਿਹਾ ਕਰਨ ਨਾਲ ਪ੍ਰਾਪਤ ਕੀ ਹੋਵੇਗਾ। ਅਮੀਰ ਲੋਕਾਂ ਤੋਂ ਜੁਰਮਾਨਾ ਵਸੂਲੀ ਕਰਕੇ ਤੁਸੀਂ ਗ਼ਰੀਬਾਂ ਦੀ ਮਦਦ ਨਹੀਂ ਕਰ ਸਕਦੇ। ਗ਼ਰੀਬਾਂ ਨੂੰ ਆਪਣੇ ਲਈ ਖ਼ੁਦ ਕੋਸ਼ਿਸ਼ ਕਰਨੀ ਪੈਂਦੀ ਹੈ। ਉਹ ਅੱਜ ਵੀ ਅਜਿਹਾ ਹੀ ਕਰ ਰਹੇ ਹਨ। ਜਦਕਿ ਉਨ੍ਹਾਂ ਦੇ ਨਾਂ 'ਤੇ ਰਾਜਨੀਤਕ ਪਾਰਟੀਆਂ ਵੋਟਾਂ ਪ੍ਰਾਪਤ ਕਰਦੀਆਂ ਹਨ ਅਤੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਇਸ ਗੱਲ 'ਤੇ ਲੜਦੇ ਹਨ ਕਿ ਕੌਣ ਵੱਧ ਦਲਿਤ ਹੈ।

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com



Canadian
Highest Grade Wheat
Say Bana
SHER
SHER
DURUM ATTA
DESI STYLE
20 lb
9.07 kg
SHER ATTA GHAR LAAO
www.sherbrarmills.com